# KARAMJIT SINGH DUARA SAMPADIT LOKGEET SANGREHAN DA SABHYACHARAK ADHYAN

# ਕਰਮਜੀਤ ਸਿੰਘ ਦੁਆਰਾ ਸੰਪਾਦਿਤ ਲੋਕਗੀਤ ਸੰਗ੍ਰਹਿਆਂ ਦਾ ਸਭਿਆਚਾਰਕ ਅਧਿਐਨ

**KARAMJIT SINGH DUARA SAMPADIT LOKGEET**

**SANGREHAN DA SABHYACHARAK ADHYAN**

Submitted to

**LOVELY PROFESSIONAL UNIVERSITY**

in partial fulfillment of the requirements for the award of degree of

**MASTER OF PHILOSOPHY IN PUNJABI**

**Submitted by:**

Tarnjit Kaur

Regs. No. 11511867

**Supervised by:**

**Dr. Balwinder Singh Thind**

**FACULTY OF BUSINESS AND ARTS**

**LOVELY PROFESSIONAL UNIVERSITY**

**PUNJAB**

**2016**

## ਘੋਸ਼ਣਾ ਪੱਤਰ

ਮੈਂ ਤਰਨਜੀਤ ਕੌਰ ਇਹ ਬਿਆਨ ਕਰਦੀ ਹਾਂ'**'ਕਰਮਜੀਤ ਸਿੰਘ ਦੁਆਰਾ ਸੰਪਾਦਿਤ ਲੋਕਗੀਤ ਸੰਗ੍ਰਹਿਆਂ ਦਾ ਸਭਿਆਚਾਰਕ ਅਧਿਐਨ'** ਖੋਜ ਪ੍ਰਬੰਧ ਵਿਚਲਾ ਖੋਜ ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਖੋਜ ਕਾਰਜ ਵਿਚ ਕੋਈ ਵੀ ਅਜਿਹਾ ਖੋਜ ਕਾਰਜ ਸ਼ਾਮਿਲ ਨਹੀਂ ਹੈ, ਜਿਸ ਵਿਚ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

ਖੋਜਾਰਥੀ

**ਤਰਨਜੀਤ ਕੌਰ**

11511867

## ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਤਰਨਜੀਤ ਕੌਰ ਨੇ **'ਕਰਮਜੀਤ ਸਿੰਘ ਦੁਆਰਾ ਸੰਪਾਦਿਤ ਲੋਕਗੀਤ ਸੰਗ੍ਰਹਿਆਂ ਦਾ ਸਭਿਆਚਾਰਕ ਅਧਿਐਨ'**ਵਿਸ਼ੇ ਉੱਪਰ ਐਮ. ਫਿਲ (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ ਕਾਰਜ ਕੀਤਾ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸਦੀ ਮਿਹਨਤ ਦਾ ਪ੍ਰਤਿਫਲ ਹੈ। ਮੈਂ ਇਸ ਖੋਜ ਪ੍ਰਬੰਧ ਨੂੰ ਐਮ. ਫਿਲ ਦੀ ਡਿਗਰੀ ਦੇ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ ਕਾਰਜ ਐਮ. ਫਿਲ ਦੀ ਡਿਗਰੀ ਲਈ ਕਿਸੇ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਨਹੀਂ ਕੀਤਾ ਗਿਆ।

ਮਿਤੀ ..................

ਨਿਗਰਾਨ

**ਡਾ. ਬਲਵਿੰਦਰ ਥਿੰਦ ਸਿੰਘ**

ਸਹਾਇਕ ਪ੍ਰੋਫ਼ੈਸਰ

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ

# ਤਤਕਰਾ

**ਅਧਿਆਇ ਪਹਿਲਾ**

**ਸਿਧਾਂਤਕ ਪਿੱਠ ਭੂਮੀ**

1.1 ਵਿਸ਼ੇ ਦੀ ਸਾਰਥਿਕਤਾ

1.2 ਉਦੇਸ਼

1.3 ਖੋਜ ਵਿਧੀਆਂ

1.3.4 ਮਨੋਵਿਗਿਆਨਿਕ ਵਿਧੀ:-

1.4 ਪੂਰਵ ਖੋਜ ਕਾਰਜ

**ਅਧਿਆਇ ਪਹਿਲਾ:ਸਭਿਆਚਾਰ ਸਿਧਾਂਤਕ ਪਰਿਪੇਖ** 1 - 29

1.1 ਸਭਿਆਚਾਰ ਦਾ ਅਰਥ

1.2 ਸਭਿਆਚਾਰ ਦੀ ਪਰਿਭਾਸ਼ਾ

1.3 ਸਭਿਆਚਾਰ ਦੇ ਲੱਛਣ

1.4 ਸਭਿਆਚਾਰ ਦੇ ਅੰਗ

**ਅਧਿਆਇ ਦੂਜਾ: ਲੋਕਧਾਰਾ ਅਤੇ ਸਭਿਆਚਾਰ** 30 - 39

2.1 ਲੋਕਧਾਰਾਦਾ ਅਰਥ

2.2 ਲੋਕਧਾਰਾ ਦੀ ਪਰਿਭਾਸ਼ਾ

2.3 ਲੋਕਧਾਰਾ ਦੇ ਪ੍ਰਮੁੱਖ ਲੱਛਣ

2.4 ਲੋਕ ਸਾਹਿਤ ਦਾ ਵਰਗੀਕਰਣ

2.3 ਲੋਕ ਸਾਹਿਤ ਦੀ ਪਰਿਭਾਸ਼ਾ

2.4 ਲੋਕ ਗੀਤ ਦੀ ਪਰਿਭਾਸ਼ਾ

**ਅਧਿਆਇ ਤੀਜਾ:ਸਭਿਆਚਾਰ ਅਤੇ ਲੋਕਧਾਰਾ ਪ੍ਰਤੀ ਕਰਮਜੀਤ ਸਿੰਘ ਦਾ ਦ੍ਰਿਸ਼ਟੀਕੋਣ** 40 - 49

3.1 ਕਰਮਜੀਤ ਸਿੰਘ ਦਾ ਜਨਮ

3.2 ਕਰਮਜੀਤ ਸਿੰਘ ਦਾ ਸਾਹਿਤਕ ਪਿਛੋਕੜ

3.4 ਕਰਮਜੀਤ ਸਿੰਘ ਦਾ ਸਾਹਿਤਕ ਦ੍ਰਿਸ਼ਟੀਕੋਣ

**ਅਧਿਆਇ ਚੌਥਾ: ਕਰਮਜੀਤ ਸਿੰਘ ਦੇ ਸੰਗ੍ਰਹਿਆਂ ਵਿਚੋਂਉਭਰਦਾ ਸਭਿਆਚਾਰ:ਪਦਾਰਥਕ ਅਤੇ ਸੁਹਜਾਤਮਕ** 50 - 67

4.1 ਕੰਮ ਧੰਦੇ

4.2 ਪਹਿਰਾਵਾ

4.3 ਹਾਰ ਸ਼ਿੰਗਾਰ

4.4 ਰਿਹਾਇਸ਼

4.5 ਖਾਣ ਪੀਣ

4.6 ਸੁਹਜਾਤਮਕ ਸਭਿਆਚਾਰ: ਲੋਕ ਗੀਤਾਂ ਵਿਚ ਸੁਹਜ

**ਅਧਿਆਇ ਪੰਜਵਾਂ: ਕਰਮਜੀਤ ਸਿੰਘ ਦੇ ਸੰਗ੍ਰਹਿਆਂ ਵਿਚੋਂ ਉਭਰਦਾ ਸਭਿਆਚਾਰ: ਧਾਰਮਿਕਤਾ ਅਤੇ ਸਮਾਜਿਕਤਾ** 68 – 85

5.1 ਧਰਮ ਦਾ ਅਰਥ ਅਤੇ ਪਰਿਭਾਸ਼ਾ

5.2 ਵਹਿਮ ਭਰਮ ਅਤੇ ਲੋਕ ਵਿਸ਼ਵਾਸ

5.3 ਸਦਾਚਾਰ

5.4 ਨੀਤੀ ਅਤੇ ਕਦਰਾਂ ਕੀਮਤਾ

**ਸਿੱਟੇ ਤੇ ਸਥਾਪਨਾਵਾਂ** 86 – 88

**ਕਰਮਜੀਤ ਸਿੰਘ ਨਾਲ ਵਿਸ਼ੇਸ਼ ਮੁਲਾਕਾਤ** 89 – 93

**ਸਹਾਇਕ ਪੁਸਤਕ ਸੂਚੀ**

# ਭੂਮਿਕਾ

ਪ੍ਰਸਤੁਤ ਖੋਜ ਵਿਸ਼ਾ **"ਕਰਮਜੀਤ ਸਿੰਘ ਦੁਆਰਾ ਸੰਪਾਦਿਤ ਲੋਕ ਗੀਤ ਸੰਗ੍ਰਹਿਆਂ ਦਾ ਸਭਿਆਚਾਰਕ ਅਧਿਐਨ"** (ਧਰਤ ਦੁਆਬੇ ਦੀ, ਮਿੱਟੀ ਦੀ ਮਹਿਕ, ਦੇਸ ਦੁਆਬਾ ਦੇ ਸੰਦਰਭ ਵਿਚ) ਹੈ। ਕਰਮਜੀਤ ਸਿੰਘ ਬੜੀ ਉੱਚੀ ਅਤੇ ਸੁਚੱਜੀ ਸਖਸ਼ੀਅਤ ਦੇ ਮਾਲਕ ਹਨ। ਕਰਮਜੀਤ ਸਿੰਘ ਨੇ ਦੁਆਬੇ ਦੇ ਲੋਕ ਗੀਤਾਂ ਨੂੰ ਇੱਕਤਰ ਕਰਕੇ ਆਪਣੇ ਲੋਕ ਗੀਤ ਸੰਗ੍ਰਹਿਆਂ ਵਿਚ ਸੰਪਾਦਿਤ ਕਰਨ ਦਾ ਮਹਾਨ ਕਾਰਜ ਕੀਤਾ ਹੈ ਜੋ ਕਿ ਬਹੁਤ ਸ਼ਲਾਘਾਯੋਗ ਹੈ। ਕਰਮਜੀਤ ਸਿੰਘ ਨੇ ਪੰਜਾਬੀ ਲੋਕ ਸਾਹਿਤ ਦੀਆਂ ਬਹੁਭਾਂਤੀ ਵੰਨਗੀਆਂ ਸੁਹਾਗ, ਘੋੜੀਆਂ, ਬਚਪਨ ਦੇ ਗੀਤ, ਸਿੱਠਣੀਆਂ, ਬੋਲੀਆਂ, ਟੱਪੇ, ਗਿੱਧੇ ਦੇ ਗੀਤ, ਬਿਆਈਆਂ, ਬਾਰਾਂਮਾਹੇ, ਸਤਵਾਰਾ, ਪੈਂਤੀ ਅੱਖਰੀ, ਸ਼ਰੀਕੇਬਾਜ਼ੀ, ਸਹੁਰੇ ਤੇ ਪੇਕੇ ਪਰਿਵਾਰ ਦੇ ਗੀਤਾਂ ਨੂੰ ਆਪਣੇ ਲੋਕ ਗੀਤ ਸੰਗ੍ਰਹਿਆਂ ਵਿਚ ਸੰਪਾਦਿਤ ਕਰਨ ਦਾ ਸੁਚੱਜਾ ਕਾਰਜ ਕੀਤਾ ਹੈ।

ਸਭਿਆਚਾਰ ਮਨੁੱਖ ਨੂੰ ਪਸ਼ੂ ਜੀਵਨ ਤੋਂ ਉੱਪਰ ਉਠਾ ਕੇ ਨੈਤਿਕ ਪੱਧਰ ਤੇ ਸੁਚਾਰੂ ਮਨੁੱਖ ਬਣਾਉਂਦਾ ਹੈ।ਸਭਿਆਚਾਰ ਦੇ ਸੰਕਲਪ ਵਿਚ ਮਨੁੱਖੀ ਸਮਾਜ ਦੇ ਸਾਰੇ ਪੱਖ ਸਮੋਏ ਹੋਏ ਹਨ। ਪੰਜਾਬ ਦੇ ਲੋਕ ਗੀਤਾਂ ਵਿਚ ਪੰਜਾਬੀ ਸਭਿਆਚਾਰ ਦੀ ਤਸਵੀਰ ਝਲਕਾਰੇ ਮਾਰਦੀ ਹੋਈ ਨਜ਼ਰ ਆਉਂਦੀ ਹੈ। ਲੋਕ ਗੀਤ ਕਿਸੇ ਵੀ ਸਭਿਆਚਾਰ ਦਾ ਅਮੀਰ ਅਤੇ ਵੱਡਮੁੱਲਾ ਵਿਰਸਾ ਹੁੰਦੇ ਹਨ।

ਪੰਜਾਬੀ ਲੋਕਗੀਤਾਂ ਵਿਚ ਪੰਜਾਬੀ ਸਭਿਆਚਾਰ ਦੇ ਹਰ ਪਹਿਲੂ ਦੀ ਤਸਵੀਰ ਦਿੱਸਦੀ ਹੈ।ਪੰਜਾਬੀ ਲੋਕਗੀਤਾਂ ਵਿਚ ਪੰਜਾਬੀ ਪ੍ਰੀਤ ਕਹਾਣੀਆਂ ਬਾਰੇ ਵੀ ਬਾਰੇ ਵੀ ਸੰਕੇਤ ਮਿਲਦੇ ਹਨ। ਪੰਜਾਬੀ ਲੋਰੀਆਂ ਵਿਚ ਜੰਮਦੇ ਅਤੇ ਥਾਲਾਂ ਵਿਚ ਬਚਪਨ ਗੁਜਾਰਦੇ ਹਨ, ਢੋਲੇ ਗਾਉਂਦੇ ਹੋਏ ਜਵਾਨੀ ਮਾਣ ਦੇ ਹਨ, ਘੋੜੀਆਂ ਅਤੇ ਸੁਹਾਗ ਵਿਚ ਆਪਣੇ ਗ੍ਰਹਿਸਥ ਜੀਵਨ ਦੀ ਸ਼ੁਰੂਆਤ ਕਰਦੇ ਹੋਏ ਵੈਣ ਅਤੇ ਅਲਾਹੁਣੀਆਂ ਵਿਚ ਇਸ ਰੰਗੀਨ ਸੰਸਾਰ ਨੂੰ ਅਲਵਿਦਾ ਕਹਿ ਜਾਂਦੇ ਹਨ।

ਇਹਨਾਂ ਲੋਕ ਗੀਤਾਂ ਰਾਹੀਂ ਹੀ ਲੋਕਾਂ ਦੇ ਮਨਾਂ ਦੀਆਂ ਸੰਵੇਦਨਸ਼ੀਲ ਭਾਵਨਾਵਾਂ ਪ੍ਰਗਟ ਹੁੰਦੀਆਂ ਹਨ। ਇਹਨਾਂ ਲੋਕ ਗੀਤਾਂ ਰਾਹੀ ਹੀ ਪੰਜਾਬੀ ਲੋਕਾਂ ਦੀਆਂ ਅਤ੍ਰਿਪਤ ਭਾਵਨਾਵਾਂ,ਅਧੂਰੇ ਚਾਅ ਅਤੇ ਰੀਝਾਂ ਨੂੰ ਪ੍ਰਗਟਾਇਆਂ ਜਾਂਦਾ ਹੈ। ਲੋਕ ਗੀਤ ਲੋਕਾਂ ਦੀ ਅੰਦਰਲੀ ਹੂਕ ਹੁੰਦੇ ਹਨ। ਕਿਸੇ ਸਥਾਨਿਕ ਸਮੂਹ ਦੀ ਲੋਕ ਅਭਿਵਿਅਕਤੀ ਦਾ ਸ਼ਾਬਦਿਕ ਅਤੇ ਮੌਖਿਕ ਪ੍ਰਗਟਾਵਾ ਜਿਸ ਵਿਚ ਕਿਸੇ ਜਾਤੀ ਦੇ ਸਮੂਹ ਦੇ ਜ਼ਿੰਦਗੀ ਨਾਲ ਜੁੜੇ ਉਹ ਸਾਰੇ ਰੀਤੀ ਰਿਵਾਜ ਅਤੇ ਸੰਸਕਾਰ ਸ਼ਾਮਿਲ ਹਨ ਜੋ ਉਸ ਸਮੂਹ ਦੇ ਜੀਵੰਤ ਹੋਣ ਦਾ ਪ੍ਰਮਾਣ ਹਨ। ਇਸ ਖੋਜ ਕਾਰਜ ਨੂੰ ਸਿਸਟਮ ਬੱਧ ਕਰਨ ਲਈ ਆਪਣੇ ਅਧਿਐਨ ਨੂੰ ਵੱਖ - ਵੱਖ ਅਧਿਆਇ ਵਿਚ ਵੰਡਿਆ ਹੈ।

ਇਸ ਖੋਜ ਕਾਰਜ ਦੇ ਪਹਿਲੇ ਅਧਿਆਇ ਵਿਚ 'ਸਭਿਆਚਾਰ ਦਾ ਸਿਧਾਂਤਕ ਪਰਿਪੇਖ' ਵਿਚ ਸਭਿਆਚਾਰ ਦੇ ਅਰਥਾਂ, ਪਰਿਭਾਸ਼ਾ, ਸਭਿਆਚਾਰ ਦੇ ਲੱਛਣ, ਅਤੇ ਸਭਿਆਚਾਰ ਦੇ ਅੰਗਾਂ ਬਾਰੇ ਵਿਸਥਾਰ ਪੂਰਵਕ ਚਰਚਾ ਕੀਤੀ ਹੈ। ਸਭਿਆਚਾਰ ਦੇ ਸਿਧਾਂਤਕ ਪੱਖ ਨੂੰ ਬੜੀ ਨੀਝ ਨਾਲ ਘੋਖਿਆ ਗਿਆ ਹੈ।

ਦੂਜੇਅਧਿਆਇ 'ਲੋਕਧਾਰਾ ਦਾ ਸਿਧਾਂਤਕ ਪਰਿਪੇਖ' ਵਿਚ ਲੋਕਧਾਰਾ ਦੇ ਅਰਥ, ਪਰਿਭਾਸ਼ਾ, ਤੱਤ/ ਲੱਛਣ ਅਤੇ ਲੋਕਧਾਰਾ ਦੇ ਮੌਖਿਕ ਰੂਪ ਲੋਕ ਗੀਤ ਬਾਰੇ ਵੀ ਦੱਸਿਆ ਗਿਆ ਹੈ।

ਤੀਜਾ ਅਧਿਆਇ 'ਸਭਿਆਚਾਰ ਅਤੇ ਲੋਕਧਾਰਾ ਪ੍ਰਤਿ ਕਰਮਜੀਤ ਸਿੰਘ ਦਾ ਦ੍ਰਿਸ਼ਟੀਕੋਣ' ਕਰਮਜੀਤ ਸਿੰਘ ਮਾਰਕਸਵਾਦੀ ਵਿਚਾਰਾਂ ਦੇ ਧਾਰਨੀ ਵੀ ਹਨ।ਉਹ ਸਮਾਜ ਵਿਚ ਔਰਤ ਨਾਲ ਹੋ ਰਹੇ ਅਨਿਆਂ ਅਤੇ ਦਲਿਤ ਵਰਗ ਦੀ ਪ੍ਰਨਿੱਧਤਾ ਕਰਨ ਦੇ ਹੱਕ ਵਿਚ ਉਭਰਦੇ ਹਰੇ ਹਨ। ਉਹਨਾਂ ਦੁਆਰਾ ਇਕਠੇ ਕੀਤੇ ਗਏ ਲੋਕ ਗੀਤਾਂ ਵਿਚ ਅਣਜੋੜ ਵਿਆਹ, ਧੀ ਨਾਲ ਨਾ – ਬਰਾਬਰੀ, ਨੂੰਹ ਸੱਸ ਦੀ ਲੜਾਈ ਅਤੇ ਸ਼ੌਕਣ ਵਰਗੀਆਂ ਕੁਰੀਤੀਆਂ ਨੂੰ ਵੀ ਦਰਸਾਇਆ ਹੈ।ਕਈ ਵਾਰ ਆਰਥਿਕ ਤੰਗੀ ਕਾਰਨ ਵੀ ਮਾਪਿਆ ਨੂੰ ਆਪਣੀ ਧੀ ਦਾ ਵਿਆਹ ਵਡੇਰੀ ਉਮਰ ਦੇ ਵਿਅਕਤੀ ਨਾਲ ਹੀ ਕਰਨਾ ਪੈਂਦਾ ਹੈ।

ਚੋਥਾਅਧਿਆਇ'ਕਰਮਜੀਤ ਸਿੰਘ ਦੇ ਸੰਗ੍ਰਹਿਆਂ ਵਿਚ ਉੱਭਰਦਾ ਸਭਿਆਚਾਰ ਪਦਾਰਥਕ ਅਤੇ ਸੁਹਜਾਤਮਕ'।ਪਦਾਥਕ ਸਭਿਆਚਾਰ ਹੀ ਮਨੁੱਖ ਦਾ ਪੇਟ ਭਰਦਾ ਅਤੇ ਸੁਹਜ ਸੁਆਦ ਬਖ਼ਸਦਾ ਅਤੇ ਜੀਵਨ ਨਿਰਬਾਹ ਲਈ ਗੱਡੀ ਅੱਗੇ ਤੋਰਦਾ ਹੈ। ਹੁਣ ਅਸੀਂ ਸਭਿਆਚਾਰ ਦੇ ਪਦਾਰਥਕ ਵਰਗਾਂ ਦੇ ਅਧਾਰ ਤੇ ਹੀ ਦੁਆਬੀ ਲੋਕਗੀਤਾਂ ਦਾ ਵਿਸ਼ਲੇਸ਼ਣ ਕੀਤਾ ਹੈ। ਪਰ ਅਸੀਂ ਸਭਿਆਚਾਰ ਦੇ ਪਦਾਰਥਕ ਪੱਖ ਦਾ ਅਧਿਐਨ ਸਿਰਫ਼ ਔਰਤ ਮਰਦ ਦੇ ਕੰਮਾਂ ਨੂੰ ਆਧਾਰ ਬਣਾ ਕੇ ਕੀਤਾ ਗਿਆ ਹੈ।ਲੋਕ ਗੀਤਾਂ ਵਿਚ ਵੀ ਸੁਹਜ ਦਾ ਬਹੁਤ ਮਹੱਤਵ ਹੈ ਸੁਹਜ ਤੋਂ ਬਿਨ੍ਹਾਂ ਤਾਂ ਲੋਕ ਗੀਤਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪੰਜਾਬੀ ਸਭਿਆਚਾਰ ਵਿਚ ਸੁਹਜ ਹਰ ਪੱਖੋਂ ਮਣਾ ਮੂੰਹੀਂ ਭਰਿਆ ਹੋਇਆ ਹੈ ਚਾਹੇ ਉਹ ਖਾਣ ਪੀਣ ਹੋਵੇ, ਪਹਿਰਾਵਾ, ਰਹਿਣ ਸਹਿਣ, ਵਰਤੋਂ ਵਿਵਹਾਰ ਹੀ ਕਿਉਂ ਨਾ ਹੋਵੇ।

ਪੰਜਵਾ ਅਧਿਆਇ 'ਕਰਮਜੀਤ ਸਿੰਘ ਦੇ ਸੰਗ੍ਰਹਿਆਂ ਵਿਚ ਉੱਭਰਦਾ ਸਭਿਆਚਾਰ ਪਦਾਰਥਕ ਅਤੇ ਸੁਹਜਾਤਮਕ' ਧਰਮ ਅਜਿਹਾ ਸੰਕਲਪ ਹੈ ਜੋ ਲੋਕਧਾਰਾ ਦਾ ਵਿਸ਼ੇਸ਼ ਤੱਤ ਮੰਨਿਆ ਜਾਂਦਾ ਹੈ। ਕਿਸੇ ਅਣਦਿਸਦੀ ਚੀਜ਼ ਨੂੰ ਚਿੱਤਰ ਲੈਣਾ ਅਤੇ ਵਾਸਤਵਿਕ ਰੂਪ ਵਿਚ ਪਰਵਾਨ ਕਰਨਾ ਹੀ ਮਨੱਖ ਦੀ ਬਿਰਧੀ ਹੈ। ਇਸੇ ਬਿਰਧੀ ਵਿਚੋਂ ਹੀ ਲੋਕ ਧਰਮ ਦਾ ਜਨਮ ਹੁੰਦਾ ਹੈ। ਲੋਕ ਧਰਮ ਵਿਚ ਮਨੁੱਖ ਦੇ ਅਧੀਨ ਮਨੁੱਖੀ ਜੀਵਨ ਨਾਲ ਸਬੰਧਿਤ ਅਨੇਕਾਂ ਰੀਤੀ ਰਿਵਾਜ਼, ਲੋਕ ਵਿਸ਼ਵਾਸ, ਅੰਧ ਵਿਸ਼ਵਾਸ ਆਉਂਦੇ ਹਨ। ਲੋਕ ਧਰਮ ਦਾ ਖੇਤਰ ਬਹੁਤ ਵਿਸ਼ਾਲ ਹੈ ਅਤੇ ਇਸ ਵਿਚ ਪਰਿਵਤਨ ਆਉਂਦੇ ਰਹਿੰਦੇ ਹਨ। ਲੋਕ ਧਰਮ ਲੋਕਾਂ ਦੇ ਦਿਲਾਂ ਵਿਚ ਵੱਸਿਆ ਹੋਇਆਂ ਹੈ ਤੇ ਮਨੁੱਖੀ ਜੀਵਨ ਦੇ ਹਰ ਪੜਾਅ ਵਿਚ ਕਿਰਿਆਸ਼ੀਲ ਹੈ।ਸਦਾਚਾਰ ਅਜਿਹਾ ਵਿਵਹਾਰ ਹੈ ਜੋ ਮਨੁੱਖੀ ਸਖ਼ਸੀਅਤ ਦੇ ਨਿਰਮਾਣ ਵਿਚ ਨੈਤਿਕ ਪੱਖੋਂ ਸੁਚਾਰੂ, ਸੁਚੱਜੀ, ਸਮਾਜਿਕ ਅਨਕੂਲਿਤ ਚੇਤੰਨਤਾ ਤੇ ਬੌਧਿਕਤਾ ਦੀ ਹਾਮੀ ਭਰਦਾ ਹੈ। ਇਸ ਖੋਜ ਕਾਰਜ ਵਿਚ ਸਭਿਆਚਾਰ ਦੇ ਪਦਾਰਥਕ , ਸੁਹਜ, ਧਾਰਮਿਕ, ਅਤੇ ਸਦਾਚਾਰਕ ਪੱਖਾਂ ਤੇ ਬੜੀ ਨੀਝ ਨਾਲ ਚਾਨਣਾ ਪਾਉਣ ਦੀ ਕੋਸ਼ਿਸ ਕੀਤੀ ਗਈ ਹੈ।

## ਵਿਸ਼ੇ ਦੀ ਸਾਰਥਿਕਤਾ

ਸਾਡੇ ਸਮਾਜ ਵਿਚ ਕਿਸੇ ਨਾ ਕਿਸੇ ਸਮੱਸਿਆਂ ਨੂੰ ਲੈ ਕੇ ਹਮੇਸ਼ਾ ਉੱਥਲ - ਪੁੱਥਲ ਮੱਚਦੀ ਰਹੀ ਹੈ। ਚਾਹੇ ਉਹ ਮਸਲਾ ਧਾਰਮਿਕ ਹੋਵੇ, ਸਮਾਜਿਕ, ਰਾਜਨੀਤਿਕ ਜਾਂ ਅਰਥਿਕ। ਹੁਣ ਵੀ ਆਧੁਨਿਕਤਾ ਦੇ ਪ੍ਰਭਾਵ ਕਾਰਨ ਸਾਡੇ ਸਮਾਜ ਵਿਚ ਬਜ਼ਾਰੀਕਰਨ ਦੀ ਦਖ਼ਲ - ਅੰਦਾਜੀ ਵੱਧ ਰਹੀ ਹੈ। ਜਿਸ ਕਾਰਨ ਅਸੀਂ 'ਗਲੋਬਲ ਕਲਚਰ' ਵੱਲ ਢਲਦੇ ਜਾ ਰਹੇ ਹਾਂ। ਗਲੋਬਲ ਪਿੰਡਾਂ ਦੀ ਹੋਂਦ ਨੇ ਸਾਧਾਰਨ ਲੋਕਾਂ ਦੇ ਜੀਵਨ ਵਿਚ ਰਵਾਇਤੀ ਜੀਵਨ ਖ਼ਤਮ ਕਰ ਦਿੱਤਾ ਹੈ। ਗਲੋਬਲ ਪਿੰਡਾਂ ਦਾ ਵਾਸੀ ਘੁੰਮਣ-ਘੇਰੀ ਵਿਚ ਪੈ ਗਿਆ ਹੈ। ਸਭਿਆਚਾਰ ਦੀ ਇਸ ਵਰਤਮਾਨ ਸਥਿਤੀ ਨੇ ਭਵਿੱਖ ਵਾਸਤੇ ਅਨੇਕਾਂ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਅਜੋਕੇ ਵਿਸ਼ਵੀਕਰਨ, ਬਜ਼ਾਰੀਕਰਨ, ਮਸ਼ੀਨੀਕਰਨ ਕਰਨ ਸਭਿਆਚਾਰਕ ਕਦਰਾਂ ਕੀਮਤਾਂ, ਬਿੰਬ, ਚਿੰਨ੍ਹ, ਕਾਰ ਵਿਹਾਰ, ਮੇਲੇ, ਤਿਉਹਾਰ, ਰੀਤਾਂ ਰਸਮਾਂ, ਧਰਮ - ਕਰਮ, ਰਿਸ਼ਤੇ, ਨਾਤੇ, ਵਿਆਹ, ਸ਼ਾਦੀਆਂ, ਖਾਣ ਪੀਣ, ਪਹਿਰਾਵਾ, ਇਥੋਂ ਤਕ ਕੀ ਮਨੁੱਖੀ ਕਦਰਾਂ ਕੀਮਤਾਂ ਵਿਚ ਵੀ ਬਹੁਤ ਪਰਿਵਰਤਨ ਆ ਗਏ ਹਨ। ਪੰਜਾਬੀ ਸਭਿਆਚਾਰ ਦੇ ਵਰਤਮਾਨ ਤੋਂ ਬਾਅਦ ਇਸ ਦੇ ਭਵਿੱਖ ਬਾਰੇ ਗੱਲ ਕਰਨ ਵੀ ਅਤਿ ਜ਼ਰੂਰੀ ਅਤੇ ਭੱਖਦਾ ਮਸਲ਼ਾ ਹੈ। ਵਰਤਮਾਨ ਸਮੇਂ ਵਿਚ ਸਾਡੇ ਸਭਿਆਚਾਰਕ ਵਰਤਾਰੇ ਦੀ ਜੋ ਸਥਿੱਤੀ ਹੈ ਉਸ ਦਾ ਅੰਦਾਜਾ ਇਸ ਸੰਬੰਧੀ ਪੈਦਾ ਹੁੰਦੀਆਂ ਵੰਗਾਰਾਂ ਤੋਂ ਲਗਾਇਆਂ ਜਾ ਸਕਦਾ ਹੈ। ਇਹਨਾਂ ਵੰਗਾਰਾਂ ਨੂੰ ਜੇਕਰ 'ਸਭਿਆਚਾਰ ਸੰਕਟ' ਦਾ ਨਾਂ ਦਿੱਤਾ ਜਾਵੇ ਤਾਂ ਕੋਈ ਅਤਿਕਥਨੀ ਨਹੀ ਹੋਵੇਗੀ। ਅਜੋਕੇ ਸਮੇਂ ਵਿਚ ਸਾਡੇ ਸਾਹਮਣੇ ਕੋਈ ਵੰਗਾਰ ਨਹੀਂ ਹੈ ਪਰ ਇਹਨਾਂ ਦੀ ਭਰਮਾਰ ਕਾਇਮ ਹੈ। ਜੋ ਸਾਡੇ ਸਮੁੱਚੇ ਜੀਵਨ ਨੂੰ ਬਦਲ ਰਹੀਆਂ ਹਨ। ਪੰਜਾਬੀ ਜੀਵਨ ਦੇ ਚਿੰਨ੍ਹਆਤਮਕ ਅਲੋਪ ਹੋ ਰਹੇ ਹਨ। ਇਹਨਾ ਵੰਗਾਰਾਂ ਦਾ ਕੋਈ ਇਕ ਕਾਰਨ ਨਹੀਂ ਹੈ ਇਹ ਵੰਗਾਰਾਂ ਸਾਡੇ ਸਮਾਜ ਦੇ ਅੰਦਰੋਂ ਸਾਡੇ ਸਮਾਜ ਦੇ ਦੂਜੇ ਸਮਾਜਾਂ ਨਾਲ ਸੰਬੰਧ ਅਤੇ ਕੋਮਾਂਤਰੀ ਸੰਬੰਧਾਂ ਵਿਚ ਪੈਦਾ ਹੋ ਰਹੀਆਂ ਹਨ। ਅਜੋਕੇ ਸਮੇਂ ਵਿਚ ਸਭਿਆਚਾਰ ਦੀਆਂ ਮੁੱਖ ਵੰਗਾਰਾਂ ਇਸ ਵਿਰਸੇ ਅਤੇ ਸਭਿਆਚਾਰਕ ਵਰਤਾਰਿਆਂ ਦੀ ਸੰਭਾਲ ਕਰਨਾ ਹੈ। ਇਸ ਖੋਜ ਪ੍ਰਬੰਧ ਵਿਚ ਮਨੁੱਖੀ ਸਭਿਆਚਾਰ ਦੇ ਹਰ ਪਹਿਲੂ ਦਾ ਅਧਿਐਨ ਲੋਕ ਗੀਤਾਂ ਦੇ ਆਧਾਰ ਤੇ ਕੀਤਾ ਗਿਆ ਹੈ। ਇਸ ਖੋਜ ਕਾਰਜ ਵਿਚ ਦੁਆਬੇ ਦੀਆਂ ਔਰਤਾਂ ਸਮਾਜਿਕ, ਆਰਥਿਕ ਹਾਲਾਤ, ਸਭਿਆਚਾਰਕ, ਰਿਸ਼ਤੇ ਨਾਤਿਆਂ, ਵੀਰ ਨਾਇਕਾਵਾਂ ਦੇ ਚਰਿੱਤਰ, ਧਾਰਮਿਕ ਅਤੇ ਇਤਿਹਾਸਕ ਪਾਤਰਾਂ ਨੂੰ ਦ੍ਰਿਸ਼ਟੀਗੋਚਰ ਕਰਨ ਵਿਚ ਸਾਰਥਕ ਹੋਵੇਗਾ।

## ਪੂਰਵ ਖੋਜ ਕਾਰਜ (Review of Literature)

ਕਿਸੇ ਵੀ ਵਿਸ਼ੇ ਤੇ ਖੋਜ ਕਾਰਜ ਕਰਨ ਤੋਂ ਪਹਿਲਾ ਅਸੀਂ ਪੂਰਵ ਖੋਜ ਕਾਰਜ ਕਰਦੇ ਹਾਂ। ਪੂਰਵ ਖੋਜ ਕਾਰਜ ਕਿਸੇ ਵੀ ਖੋਜਾਰਥੀ ਲਈ ਖੋਜ ਦੀ ਪਹਿਲੀ ਪੌੜੀ ਹੈ। ਪੂਰਵ ਖੋਜ ਕਾਰਜ ਤੋਂ ਹੀ ਸਾਨੂੰ ਪਤਾ ਕਰਦਾ ਹੈ ਕਿ ਅਸੀਂ ਜੋ ਵਿਸ਼ਾ ਲਿਆ ਹੈ ਉਸ ਨਾਲ ਸੰਬੰਧਿਤ ਕੰਮ ਹੋ ਚੁੱਕਾ ਹੈ ਜਾਂ ਨਹੀਂ। ਪੂਰਵ ਖੋਜ ਕਾਰਜ ਤੋਂ ਸਾਡੇ ਖੋਜ ਪ੍ਰਬੰਧ ਨਾਲ ਸੰਬੰਧਿਤ ਸਮੱਸਿਆ ਬਾਰੇ ਪਤਾ ਚੱਲਦਾ ਹੈ। ਖੋਜ ਨਾਲ ਸੰਬੰਧਿਤ ਖੇਤਰ ਬਾਰੇ ਪਤਾ ਚੱਲਦਾ ਹੈ। ਇਹ ਵੀ ਜਾਣਕਾਰੀ ਮਿਲਦੀ ਹੈ ਕਿ ਅਸੀਂ ਜਿਸ ਸਮੱਸਿਆਂ ਨੂੰ ਵਿਸ਼ੇ ਵਜੋਂ ਲਿਆ ਹੈ ਉਸ ਨਾਲ ਸੰਬੰਧਿਤ ਕਿਸ

ਪੱਧਰ ਅਤੇ ਕਿੰਨਾਂ ਕੁ ਕੰਮ ਹੋ ਚੁੱਕਾ ਹੈ। ਜਿਹੜਾ ਵਿਸ਼ਾ ਲਿਆ ਹੈ ਉਸ ਤੇ ਪਹਿਲਾਂ ਕੰਮ ਹੋਇਆ ਕਿ ਨਹੀਂ ਬਾਰੇ ਵੀ ਪਤਾ ਚੱਲਦਾ ਹੈ। ਇਸ ਬਾਰੇ ਵੀ ਜਾਣਕਾਰੀ ਮਿਲਦੀ ਹੈ ਕਿ ਅਸੀਂ ਆਪਣੇ ਖੋਜ ਪ੍ਰਬੰਧ ਵਿਚ ਨਵਾਂ ਕੀ ਕਰਨਾ ਹੈ।

**ਕਰਨੈਲ ਚੰਦ, ਦੁਆਬੀ ਲੋਕ ਗੀਤਾਂ ਦਾ ਸਭਿਆਚਾਰਕ ਅਧਿਐਨ, ਕਰੂਕਸ਼ੇਤਰ, ਕਰੂਕਸ਼ੇਤਰ ਯੂਨੀਵਰਸਿਟੀ ਕਰੂਕਸ਼ੇਤਰ, ਪੀਐੱਚ.ਡੀ. ਖੋਜ ਪ੍ਰਬੰਧ**

ਇਸ ਖੋਜ ਪ੍ਰਬੰਧ ਵਿਚ ਪੰਜਾਬੀ ਸਭਿਆਚਾਰ ਦੇ ਸਿਧਾਂਤਕ ਪਰਿਪੇਖ ਸਭਿਆਚਾਰ ਦੇ ਅਰਥ, ਪਰਿਭਾਸ਼ਾ, ਤੱਤਾਂ ਦੀ ਚਰਚਾ ਪਹਿਲੇ ਅਧਿਆਏ ਵਿਚ ਕੀਤੀ ਗਈ ਹੈ। ਇਸ ਦੇ ਦੂਸਰੇ ਅਧਿਆਏ ਵਿਚ ਦੁਆਬੇ ਦੇ ਪਦਾਰਥਕ ਸਭਿਆਚਾਰ ਬਾਰੇ ਜਾਣਕਾਰੀ ਮੁਹੱਈਆਂ ਹੁੰਦੀ ਹੈ। ਕੰਮ ਧੰਦਿਆਂ ਨੂੰ ਦੁਆਬੀ ਸਭਿਆਚਾਰ ਨਾਲ ਜੋੜਦੇ ਹੋਏ, ਸਭਿਆਚਾਰ ਦੀ ਪੇਸ਼ਕਾਰੀ ਲੋਕ ਗੀਤਾਂ ਦੀਆਂ ਉਦਾਰਹਣਾਂ ਦੇ ਕੇ ਕੀਤੀ ਗਈ ਹੈ। ਤੀਸਰੇ ਅਧਿਆਏ ਵਿਚ ਸੁਹਜ ਸ਼ਾਸਤਰ, ਕਲਾ, ਰੁਚੀ, ਇਤਿਹਾਸ ਤੇ ਲੋਕ ਗੀਤਾਂ ਵਿਚਲੇ ਰਸ ਭਾਵ ਅਤੇ ਅਲੰਕਾਰ ਨੂੰ ਦਿਖਾਉਣ ਦਾ ਉਪਰਾਲਾ ਵੀ ਕੀਤਾ ਗਿਆ ਹੈ। ਇਸ ਵਿਚ ਦੁਆਬੀ ਲੋਕ ਗੀਤਾਂ ਦੀ ਅਧਿਆਤਮਕ ਸੁਰ ਬਾਰੇ ਵੀ ਚਰਚਾ ਕੀਤੀ ਗਈ ਹੈ। ਇਸ ਪ੍ਰਬੰਧ ਦੇ ਅਖ਼ੀਰਲੇ ਅਧਿਆਇ ਵਿਚ ਸਦਾਚਾਰਕ, ਮੁੱਲਾਂ, ਲੋਕਾਚਾਰ, ਟੈਂਬੂ, ਕਾਨੂੰਨ, ਲੋਕਧਰਮ, ਨੈਤਿਕਤਾ, ਕਦਰਾਂ ਕੀਮਤਾਂ, ਰਸਮ ਰਿਵਾਜ, ਰਿਸ਼ਤੇ ਨਾਤਿਆਂ, ਵਿਸ਼ਵਾਸ਼ਾ ਅਤੇ ਧਾਰਮਿਕ ਅਤੇ ਸਦਾਚਾਰਕ ਤੱਤਾਂ ਨੂੰ ਸਾਹਮਣੇ ਲਿਆਂਦਾ ਗਿਆ ਹੈ।

**ਸੰਤੋਖ ਸਿੰਘ ਔਲਖ, ਮਾਲਵੇ ਦੇ ਲੋਕਗੀਤਾਂ ਸਮਾਜ ਸਭਿਆਚਾਰਕ ਅਧਿਐਨ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੀ.ਐੱਚ.ਡੀ. ਖੋਜ ਪ੍ਰਬੰਧ,** 1979

ਇਸ ਖੋਜ ਪ੍ਰਬੰਧ ਵਿਚ ਮਾਲਵੇ ਖੇਤਰ ਦੀ ਸਭਿਆਚਾਰਕ ਪਿੱਠ ਭੂਮੀ, ਭੂਗੋਲਿਕ ਸਥਿਤੀ, ਮਲਵਈ ਬੋਲੀ, ਲੋਕ ਗੀਤ ਪਰਿਭਾਸ਼ਾ ਬਦਲਦੇ ਪਰਿਪੇਖ ਵਿਚ, ਲੋਕਗੀਤਾਂ ਦੀ ਸਮਾਜਿਕ ਮਹੱਤਤਾ, ਧਾਰਮਿਕ, ਰਾਜਨੀਤਿਕ, ਆਰਥਿਕ, ਰੋਜ਼ਾਨਾ ਜੀਵਨ ਦੇ ਵਿਭਿੰਨ ਪੱਖਾਂ ਨੂੰ ਪੇਸ਼ ਕੀਤਾ ਗਿਆ ਹੈ। ਸਮਾਜਕ ਪੱਖ ਦੇ ਅਧਿਐਨ ਜਿਸ ਵਿਚ ਪਿੱਤਰ ਪ੍ਰਧਾਨ ਪ੍ਰਪੰਰਾ ਦੀ ਕੁੜੀ, ਪਤੀ ਪ੍ਰਧਾਨ ਪਰੰਪਰਾ ਅਤੇ ਅੰਤ ਵਿਚ ਉਸ ਨੂੰ ਪੁੱਤਰ ਪ੍ਰਧਾਨ ਪ੍ਰੰਪਰਾ ਵਿਚ ਅਣਗੋਲਿਆ ਜਾਂਦਾ ਹੈ। ਇਸ ਦੇ ਅਖ਼ੀਰਲੇ ਅਧਿਆਏ ਵਿਚ ਦੱਸਿਆਂ ਗਿਆ ਹੈ ਕਿ ਫ਼ੌਜੀ ਜੰਗਾਂ ਤੇ ਕਿਵੇਂ ਜਾਂਦੇ ਸਨ । ਇਹਨਾਂ ਲੋਕਗੀਤਾਂ ਵਿਚ ਰਾਜਨੀਤਿਕ ਰੰਗਾਂ ਦਾ ਵੀ ਜਨਮ ਹੁੰਦਾ ਹੈ। ਇਸ ਖੋਜ ਪ੍ਰਬੰਧ ਵਿਚ ਮਾਲਵੇ ਖੇਤਰ ਦੇ ਲੋਕਾਂ ਦੇ ਮਲੋਈ ਜੋ ਬਾਅਦ ਵਿਚ ਮਲਵਈ ਬਣ ਗਏ ਦੀ ਇਤਿਹਾਸਕ ਪ੍ਰੰਪਰਾ ਤੇ ਵੀ ਨੀਝ ਨਾਲ ਝਾਤ ਪਾਈ ਗਈ ਹੈ।

**ਕੁਲਵਿੰਦਰ ਕੌਰ ਛੀਨਾ, ਪੰਜਾਬੀ ਲੋਕਗੀਤਾਂ ਵਿਚ ਰਿਸ਼ਤਾ ਨਾਤਾ ਪ੍ਰਣਾਲੀ ਤੇ ਇਸ ਦੀ ਸਭਿਆਚਾਰਕ ਸਾਰਥਿਕਤਾ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੀਐੱਚ.ਡੀ., ਖੋਜ ਪ੍ਰਬੰਧ,** 1990

ਇਸ ਖੋਜ ਪ੍ਰਬੰਧ ਵਿਚ ਪੰਜਾਬੀ ਰਿਸ਼ਤਾ ਨਾਤਾ ਪ੍ਰਣਾਲੀ ਬਾਰੇ ਦੱਸਿਆ ਗਿਆ ਹੈ ਕਿ ਭਾਈਚਾਰਾ ਅਤੇ ਬਰਾਦਰੀ ਆਦਿ ਰਿਸ਼ਤੇ ਮਨੁੱਖ ਨੂੰ ਸਾਂਝ, ਸੁਰੱਖਿਆ ਪ੍ਰਦਾਨ ਕਰਦੇ ਹਨ, ਪਰ ਅਜੋਕੇ ਸਮੇਂ ਵਿਚ ਇਹਨਾਂ ਦਾ ਮਹੱਤਵ ਘੱਟ ਗਿਆ ਹੈ। ਇਸ ਖੋਜ ਪ੍ਰਬੰਧ ਵਿਚ ਸਭਿਆਚਾਰਕ ਪਰਿਵਰਤਨ ਕਾਰਨ ਪੰਜਾਬੀ ਰਿਸ਼ਤਾ ਨਾਤਾ

ਪ੍ਰਣਾਲੀ ਵਿਚ ਆਈਆਂ ਕੁੱਝ ਸਾਰਥਕ ਅਤੇ ਨਿਰਾਥਕ ਤਬਦੀਲੀਆ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈਅਤੇ ਆਧੁਨਿਕਤਾ ਕਾਰਨ ਜਿੱਥੇ ਜ਼ਿੰਦਗੀ ਦੇ ਹਰ ਪਹਿਲੂ ਵਿਚ ਤਬਦੀਲੀ ਆਈ ਹੈ। ਉੱਥੇ ਰਿਸ਼ਤਿਆਂ ਦੇ ਸੁਭਾਉ ਵਿਚ ਵੀ ਤਬਦੀਲੀਆ ਆਈਆਂ ਹਨ। ਅੰਗਰੇਜ਼ੀ ਦੇ ਪ੍ਰਭਾਵ ਕਾਰਨ ਰਿਸ਼ਤਿਆਂ ਦੀ ਸੰਬੋਧਨੀ ਸ਼ੈਲੀ ਵਿਚ ਵੀ ਤਬਦੀਲੀ ਆਉਣ ਕਰਕੇ ਪੰਜਾਬੀ ਰਿਸ਼ਤਿਆਂ ਵਿਚ ਵੀ ਪਹਿਲਾਂ ਵਾਲੀ ਮਿਠਾਸ, ਅਪਣੱਤ ਅਤੇ ਮੋਹ ਭਿੱਜਿਆ ਕੁੱਝ ਵੀ ਨਹੀਂ ਝਲਕਦਾ ਦਿਖਾਈ ਦਿੰਦਾ।

**ਬਲਦੇਵ ਸਿੰਘ, ਪੰਜਾਬੀ ਲੋਕਗੀਤਾਂ ਦਾ ਸਾਂਸਕ੍ਰਿਤਿਕ ਅਧਿਐਨ : ਜਨਮ ਵਿਆਹ ਅਤੇ ਮਰਨ ਦੇ ਵਿਸ਼ੇਸ਼ ਪ੍ਰਸੰਗ ਵਿਚ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੀ.ਐੱਚ.ਡੀ, ਖੋਜ ਪ੍ਰਬੰਧ,** 1989

ਇਸ ਖੋਜ ਪ੍ਰਬੰਧ ਵਿਚ ਮਾਝੇ ਵਿਚ ਮਿਲਦੇ ਲੋਕਗੀਤਾਂ ਨੂੰ ਆਧਾਰ ਬਣਾਇਆ ਗਿਆ ਹੈ।ਇਸ ਵਿਚ ਪੰਜਾਬੀ ਲੋਕਗੀਤਾਂ ਵਿਚ ਉਜਾਗਰ ਹੁੰਦੇ ਧਰਮ, ਸਦਾਚਾਰ, ਮਨੌਤਾਂ, ਰਿਸ਼ਤੇ ਨਾਤੇ, ਤੇ ਜਜਮਾਨੀ ਸੰਬੰਧਾਂ ਦਾ ਅਧਿਐਨ ਕੀਤਾ ਗਿਆ ਹੈ। ਲੋਕ ਗੀਤਾਂ ਤੇ ਸੰਸਕ੍ਰਿਤੀ ਦੇ ਅਟੁੱਟ ਰਿਸ਼ਤੇ ਨੂੰ ਵਿਚਾਰਿਆ ਗਿਆ ਹੈ। ਇਸ ਖੋਜ ਪ੍ਰਬੰਧ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਭਾਈਚਾਰਕ ਸਾਂਝਾਂ, ਭਾਵਨਾਤਮਿਕ ਰਿਸ਼ਤੇ ਅਤੇ ਸਚਿਆਰਾ ਜੀਵਨ ਹੁਣ ਸਿਰਫ਼ ਗੀਤਾਂ ਵਿਚ ਹੀ ਜਿਉਂਦਾ ਪ੍ਰਤੀਤ ਹੁੰਦਾ ਹੈ।

**ਸੁਰਜੀਤ ਸਿੰਘ, ਪੰਜਾਬੀ ਲੋਕਗੀਤਾਂ ਦਾ ਸਮਾਜ ਸਭਿਆਚਾਰਕ ਅਧਿਐਨ,ਕਰੂਕਸ਼ੇਤਰ, ਕਰੂਕਸ਼ੇਤਰ ਯੂਨੀਵਰਸਿਟੀ ਕਰੂਕਸ਼ੇਤਰ, ਪੀਐੱਚ.ਡੀ. ਖੋਜ ਪ੍ਰਬੰਧ,** 1989

ਇਸ ਖੋਜ ਪ੍ਰਬੰਧ ਵਿਚ ਸਮਾਜ ਦੀਆਂ ਉੱਪ ਸੰਸਥਾਵਾਂ ਸੰਸਕਾਰ, ਜਾਦੂ ਟੂਣੇ ਤੇ ਸਮਾਜ ਪ੍ਰਗਟਾਵੇ ਦੇ ਵੱਖ ਵੱਖ ਰੂਪਾਂ ਨੂੰ ਫੜਿਆਹੈ।ਇਸ ਖੋਜ ਪ੍ਰਬੰਧ ਵਿਚ ਪਰਿਵਾਰਕ ਰਿਸ਼ਤਿਆ ਦੇ ਗੁੰਝਲਦਾਰ ਤੰਤਰ ਨੂੰ ਵੀ ਬਿਆਨ ਕੀਤਾ ਗਿਆ ਹੈ। ਇਸ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਹਰ ਉਮਰ ਦੇ ਸਮੂਹਾਂ ਦੇ ਆਪਣੇ ਵਿਸ਼ੇਸ਼ ਕਾਵਿ ਰੂਪ ਹੁੰਦੇ ਹਨ, ਜੋ ਉਸ ਉਮਰ ਦੀ ਵਿਸ਼ੇਸ ਮਾਨਸਿਕਤਾ ਦਾ ਪ੍ਰਗਟਾਵਾ ਹੁੰਦਾ ਹੈ ਤੇ ਇਹ ਲੋਕਗੀਤ ਕਿਸ ਤਰ੍ਹਾਂ ਲੋਕਾਂ ਦੇ ਜੀਵਨ ਦਾ ਅੰਗ ਹੋ ਨਿਬੜੇ ਹਨ।

## ਖੋਜ ਕਾਰਜ ਦੇ ਉਦੇਸ਼ (Objectives/Scope of the study)

ਹਰ ਖੋਜ ਕਾਰਜ ਦਾ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ, ਕਿਸੇ ਵੀ ਉਦੇਸ਼ ਤੋਂ ਬਿਨਾਂ ਕੋਈ ਵੀ ਕਾਰਜ ਨੇਪਰੇ ਨਹੀ ਚੜ੍ਹ ਸਕਦਾ। ਮੇਰੇ ਖੋਜ ਕਾਰਜ ਦੌਰਾਨ ਪੰਜਾਬੀ ਸਭਿਆਚਾਰ ਦੇ ਹਰ ਪਹਿਲੂ ਨੂੰ ਦ੍ਰਿਸ਼ਟੀਗੋਚਰ ਕੀਤਾ ਜਾਵੇਗਾ। ਉਹਨਾਂ ਪੱਖਾਂ 'ਤੇ ਚਾਨਣਾ ਪਾਇਆ ਜਾਵੇਗਾ ਜਿਸ ਨੂੰ ਨੋਜਵਾਨ ਪੀੜ੍ਹੀ ਅਣਗੋਲਿਆ ਕਰ ਰਹੀ ਹੈ।

- ਅਲੋਪ ਹੋ ਰਹੇ ਲੋਕ ਸਾਹਿਤ ਨੂੰ ਉਜਾਗਰ ਕਰਨਾ।
- ਵਿਰਸੇ ਦੀ ਮਹੱਤਤਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਅਮੀਰ ਪਿਛੋਕੜ ਨਾਲ ਜੋੜਨਾ।

- ਇੱਕਤਰ/ ਮਿਲਦੇ ਲੋਕਗੀਤ ਸਾਹਿਤ ਦਾ ਲੋਕ ਜੀਵਨ ਤੇ ਮੁੱਲ ਨਿਰਧਾਰਿਤ ਕਰਨਾ।
- ਕਰਮਜੀਤ ਸਿੰਘ ਦੁਆਰਾ ਸੰਪਾਦਿਤ ਲੋਕ ਗੀਤ ਸੰਗ੍ਰਹਿਆਂ ਨੂੰ ਨੀਝ ਨਾਲ ਪੜ੍ਹ ਕੇ ਭਾਵਨਾਤਮਕ ਸਾਂਝ ਪਾਉਣਾ।
- ਹੱਥਲੇ ਕਾਵਿ ਸੰਗ੍ਰਹਿਆਂ ਦਾ ਸਮਾਜਕ ਪੱਧਰ 'ਤੇ ਯੋਗਦਾਨ ਸਪੱਸ਼ਟ ਕਰਨਾ।
- ਪੰਜਾਬੀ ਔਰਤਾਂ ਦੀ ਬਹੁਰੰਗੀ ਅਤੇ ਕਲਾਮਈ ਤਸਵੀਰ ਪੇਸ਼ ਕਰਨਾ।
- ਕਰਮਜੀਤ ਸਿੰਘ ਦੁਆਰਾ ਸੰਪਾਦਿਤ ਲੋਕਗੀਤ ਸੰਗ੍ਰਿਹਾਂ ਦਾ ਮੁਲਾਂਕਣ ਕਰਨਾ।

## ਖੋਜ ਵਿਧੀ (Proposed Methodology)

ਖੋਜ ਕਾਰਜ ਵਿਚ ਵਿਧੀ ਦੀ ਅਹਿਮ ਭੂਮਿਕਾ ਹੁੰਦੀ ਹੈ। ਵਿਧੀ ਤੋਂ ਬਿਨ੍ਹਾਂ ਤਾਂ ਖੋਜ ਕਾਰਜ ਕਰਨਾ ਅਸੰਭਵ ਹੈ। ਮਨੁੱਖ ਆਪਣੇ ਖੋਜ ਕਾਰਜ ਕਰਨ ਲਈ ਕਿਸੇ ਨਾ ਕਿਸੇ ਵਿਧੀ ਨੂੰ ਆਪਣਾ ਆਧਾਰ ਬਣਾਉਂਦਾ ਹੈ। ਜੇ ਕੋਈ ਵਿਧੀ ਨੂੰ ਆਧਾਰ ਬਣਾਇਆ ਜਾਵੇਗਾ ਤਾਂ ਹੀ ਕਿਸੇ ਖੋਜ ਦੇ ਸਾਰਥਿਕ ਸਿੱਟਿਆਂ ਤੱਕ ਪਹੁੰਚਿਆ ਜਾ ਸਕਦਾ ਹੈ। । ਇਸ ਖੋਜ ਕਾਰਜ ਦੌਰਾਨ ਮਨੋਵਿਸ਼ਲੇਸ਼ਣ ਵਿਧੀ ਵੀ ਵਰਤੀ ਗਈ ਹੈ । ਇਸ ਵਿਧੀ ਰਾਹੀਂ ਲੋਕਾਂ ਦੇ ਮਨੋਭਾਵਾਂ, ਉਹਨਾਂ ਦੀਆਂ ਮਨੋ - ਸਥਿਤੀਆਂ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। ਦੁਆਬੇ ਦੀਆਂ ਇਸਤਰੀਆਂ ਦੇ ਹਾਵ - ਭਾਵਾਂ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ ਇਸ ਖੋਜ ਕਾਰਜ ਵਿਚ ਸਮਾਜ ਸ਼ਾਸਤਰੀ ਵਿਧੀ ਦੀ ਵਰਤੋਂ ਵੀ ਕੀਤੀ ਗਈ ਤਾਂ ਅਸੀਂ ਸਮਾਜਕ ਪੱਧਰ ਤੇ ਸਭਿਆਚਾਰ ਦਾ ਮੁਲਾਂਕਣ ਕਰ ਸਕੇ ਹਾਂ।

# ਅਧਿਆਇ ਪਹਿਲਾ

# ਸਭਿਆਚਾਰ ਦਾ ਸਿਧਾਂਤਕ ਪਰਿਪੇਖ

## ਸਭਿਆਚਾਰ ਦਾ ਅਰਥ:

ਸਭਿਆਚਾਰ ਦੋ ਸ਼ਬਦਾ ਦੇ ਮੇਲ'ਸਭਯ' + 'ਆਚਾਰ' ਤੋਂ ਬਣਿਆ ਹੈ। ਅੰਗਰੇਜ਼ੀ ਭਾਸ਼ਾ ਵਿੱਚ ਇਸ ਨੂੰ culture ਆਖਦੇ ਹਨ। culture ਵੀ ਮੂਲ ਰੂਪ ਵਿਚ ਲਾਤੀਨੀ ਭਾਸ਼ਾ ਦੇ ਸ਼ਬਦ (cultura) ਤੋਂ ਫਰਾਂਸੀਸੀ ਭਾਸ਼ਾ ਰਾਹੀਂ ਅੰਗਰੇਜ਼ੀ ਵਿਚ ਆਇਆ ਹੈ, ਜਿਥੇ ਇਸ ਦੇ ਸ਼ਾਬਦਿਕ ਅਰਥ ਵਿਸ਼ੇਸ਼ ਪ੍ਰਕਾਰ ਦੇ ਵਿਕਾਸ ਜਾਂ ਕਾਰਜ ਦੇ ਹਨ।[1]ਸੱਭਿਆਚਾਰ ਮਨੁੱਖ ਨੂੰ ਪਸ਼ੂ ਜੀਵਨ ਤੋਂ ਉੱਪਰ ਚੁੱਕ ਕੇ ਨੈਤਿਕ ਕਦਰਾਂ- ਕੀਮਤਾਂ ਨਾਲ ਸੰਪੰਨ ਕਰਦਾ ਹੈ।"ਸ਼ਬਦ ਸਭਿਆਚਾਰ ਦਾ ਅੰਗਰੇਜ਼ੀ ਪਰਿਆਏ 'ਕਲਚਰ' ਸ਼ਬਦ ਆਰੰਭ ਵਿਚ ਖੇਤੀਬਾੜੀ, ਪਸ਼ੂ ਪਾਲਣ, ਆਦਿ ਦੇ ਅਰਥਾਂ ਵਿਚ ਪ੍ਰਯੋਗ ਹੁੰਦਾ ਸੀ।17ਵੀਂ ਸਦੀ ਦੇ ਸ਼ੁਰੂ ਵਿਚ ਇਹ ਅਰਥ ਸੰਕੋਚ ਦੇ ਅਤੇ ਅਰਥ ਵਿਸਥਾਰ ਦੇ ਵਿਵਧ ਸਰੂਪਾਂ ਵਿਚੋਂ ਦੀ ਗੁਜਰ ਚੁੱਕਿਆ ਸੀ।"[2] "ਸਭਿਆਚਾਰ ਦਾ ਭਾਰਤੀ ਸ਼ਬਦ 'ਸੰਸਕ੍ਰਿਤੀ' ਹੈ। ਸੰਸਕ੍ਰਿਤੀ ਦਾ ਅਰਥ ਸ਼ੁੱਧ ਕਰਨਾ, ਉਚਿਆਉਣਾ, ਸਾਧਨਾ, ਢਾਲਣਾ ਤੇ ਨਿਪੁੰਨ ਕਰਨਾ ਹੈ , ਭਾਵ ਪਸ਼ੂ ਪ੍ਰਵਿਰਤੀਆਂ ਨੂੰ ਗਿਆਨ ਤੇ ਬੁੱਧੀ ਨਾਲ ਸਾਧਨਾ ਹੈ।"[3]

ਇਸ ਤਰ੍ਹਾਂ ਸਭਿਆਚਾਰ ਮਨੁੱਖੀ ਆਚਰਨ ਨੂੰ ਵਿਕਸਿਤ ਕਰਦਾ ਹੈ।ਮਨੁੱਖੀ ਸ਼ਖਸੀਅਤ ਦਾ ਵਿਕਾਸ ਕਰਕੇ ਮਨੁੱਖ ਨੂੰ ਸਮਾਜਿਕ ਪਰਸਿਥੀਆਂ ਦੇ ਅਨੁਸਾਰ ਢਾਲਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। "ਅੰਗਰੇਜੀ ਭਾਸ਼ਾ ਵਿਚ ਸ਼ਬਦ ਸਭਿਆਚਾਰ ਵਾਸਤੇ 'ਕਲਚਰ' ਸ਼ਬਦ ਦਾ ਇਸਤੇਮਾਲ ਕਰਦੇ ਹੁੰਦਾ ਹੈ। ਜਿਸ ਦਾ ਅਰਥ ਫਲਣਾ, ਫੁੱਲਣਾ ਜਾਂ ਵਿਕਾਸ ਵੱਲ ਵੱਧਣਾ ਹੈ। ਉਰਦੂ, ਫ਼ਾਰਸੀ ਭਾਸ਼ਾ ਬੋਲਣ ਵਾਲੇ ਇਸੇ ਸ਼ਬਦ ਦੇ ਸਮਰੂਪ ਸਕਾਫ਼ਤ, ਤਰਤੀਅਤ, ਸਾਇਸਤਗੀ ਅਤੇ ਤਹਿਬੀਜ ਆਦਿ ਸ਼ਬਦਾ ਪ੍ਰਯੋਗ ਕਰਦੇ ਹਨ।[4]"ਇਸ ਤਰ੍ਹਾਂ ਸਭਿਆਚਾਰ ਦਾ ਸੰਕਲਪ ਪਰੰਰਪਰਾਗਤ ਰੂਪ ਵਿਚ ਪ੍ਰਾਚੀਨ ਕਾਲ ਤੋਂ ਚੱਲਿਆ ਆ ਰਿਹਾ ਹੈ। ਮਨੁੱਖ ਨੂੰ ਬੌਧਿਕ ਅਤੇ ਸਮਾਜਿਕ ਪੱਧਰ ਤੇ ਸਮਾਜ ਵਿਚ ਉਸਾਰੂ ਸੋਚ ਤੇ ਢੰਗ ਤਰੀਕੇ ਨਾਲ ਜੀਵਨ ਨਿਰਬਾਹ ਕਰਵਾਉਣ ਦੀ ਵਿਧੀ ਸਭਿਆਚਾਰ ਹੈ।

## ਸਭਿਆਚਾਰਦੀ ਪਰਿਭਾਸ਼ਾ

ਸਭਿਆਚਾਰ ਦੇ ਅਰਥ ਨੂੰ ਵਧੇਰੇ ਸ਼ਪੱਸਟਤਾ ਨਾਲ ਸਮਝਣ ਲਈ ਇਸ ਦੀ ਪਰਿਭਾਸ਼ਾਵਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਸਭਿਆਚਾਰ ਦੀ ਕੋਈ ਇਕ ਨਿਸ਼ਚਿਤ ਪਰਿਭਾਸ਼ਾ ਨਹੀ ਹੈ, ਸਭਿਆਚਾਰ ਨੂੰ ਵੱਖ- ਵੱਖ ਵਿਦਵਾਨਾਂ ਨੇ ਆਪੋ ਆਪਣੀ ਸੂਝ ਅਨੁਸਾਰ ਪਰਿਭਾਸ਼ਿਤ ਕੀਤਾ ਹੈ।

**ਪ੍ਰਸਿੱਧ ਵਿਦਵਾਨ ਈ.ਬੀ.ਟਾਇਲਰ ਦੇ ਅਨੁਸਾਰ**, "ਸਭਿਆਚਾਰ ਜਾਂ ਸਭਿਅਤਾ ਆਪਣੇ ਮਾਨਵ ਜਾਤੀ - ਵਿਗਿਆਨਕ ਅਰਥਾਂ ਵਿਚ ਅਜਿਹਾ ਜਟਿਲ ਸਮੁੱਚ ਹੈ, ਜਿਸ ਵਿਚ ਗਿਆਨ, ਕਲਾ, ਨੀਤੀ, ਨਿਯਮ, ਸੰਸਾਰਕ, ਅਤੇ ਹੋਰ ਸਾਰੀਆਂ ਉਨ੍ਹਾਂ ਸਮਰਥਾਵਾਂ ਅਤੇ ਆਦਤਾਂ ਦਾ ਸਮਾਵੇਸ਼ ਹੁੰਦਾ, ਜਿਹੜੀਆਂ ਮਨੁੱਖ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕਰਦਾ ਹੈ।"[5]

**ਅਮਰੀਕੀ ਮਾਨਵ ਵਿਗਿਆਨੀਹਿਰਸਕੋਵਿਤਸ ਦੇ ਅਨੁਸਾਰ**, "ਵਾਤਾਵਰਨ ਦਾ ਮਨੁੱਖ ਸਿਰਜਿਆ ਭਾਗ ਜਾਂ ਮਨੁੱਖੀ ਵਿਵਹਾਰ ਦਾ ਸਿੱਖਿਆ ਹੋਇਆ ਭਾਗ ਮੰਨਦਾ ਹੈ।"[6]

ਅਮਰੀਕੀ ਮਾਨਵ ਵਿਗਿਆਨੀ ਕਰੋਬਰ ਅਤੇ ਕਲੱਕਹੋਨ ਅਨੁਸਾਰ, "ਸਭਿਆਚਾਰ ਮਨੁੱਖੀ ਵਿਵਹਾਰ ਨਾਲ ਸੰਬੰਧਿਤ ਅਜਿਹੇ ਪ੍ਰੋਖ ਤੇ ਪ੍ਰਤੱਖ ਵਿਭਿੰਨ ਪੈਟਰਨਾਂ ਦਾ ਸਮੁੱਚ ਜਾਂ ਕਰਦਾਂ ਕੀਮਤਾਂ ਦਾ ਸਿਸਟਮ ਹੈ ਜਿਸ ਦੇ ਵਿਭਿੰਨ ਅੰਸ਼ ਜਾ ਅੰਸ਼ ਸਮੂਹ ਪ੍ਰਤੀਕਾਂ ਰਾਹੀ ਗ੍ਰਹਿਣ ਕੀਤੇ ਜਾਦੇ ਹਨ।"[7]

**ਐਨਸਾਇਕਲੋਪੀਡੀਆ ਅਮੈਰੀਕਾਨਾ ਅਨੁਸਾਰ** , "ਸਾਰੇ ਮਾਨਵ ਵਿਗਿਆਨੀ ਮੰਨਦੇ ਹਨ ਕਿ ਸਭਿਆਚਾਰ ਵਿਰਸੇ ਤੋਂ ਪ੍ਰਾਪਤ ਸੁਭਾਉ ਦੇ ਸਾਂਝੇ ਤੇ ਆਦਿਮ ਪ੍ਰਵਿਰਤੀਆਂ ਤੋਂ ਉਲਟ ਵਤੀਰੇ ਦੇ ਢੰਗ ਨੂੰ ਲਿਖਣ ਤੇ ਗ੍ਰਹਿਣ ਕਰਨ ਨਾਲ ਹੀ ਬਣਦਾ ਹੈ।"[8]

**ਪ੍ਰਸਿੱਧ ਮਾਨਵ ਵਿਗਿਆਨੀ ਬਰਾਨੀਸਲਾਵ ਮੈਲਿਨੋਵਸਕੀ ਅਨੁਸਾਰ,** "ਸਭਿਆਚਾਰ ਉਹ ਜੰਤਰ ਹੈ ਜਿਸ ਰਾਹੀ ਮਨੁੱਖ ਆਪਣੀਆਂ ਸਰੀਰਕ ਲੋੜਾਂ ਪੂਰੀਆਂ ਕਰਦਾ ਹੈ। ਭੁੱਖ, ਪਿਆਸ, ਸੁਰੱਖਿਆਂ ਅਤੇ ਕਾਮ ਤ੍ਰਿਪਤੀ, ਉਹ ਪ੍ਰਾਥਮਿਕ ਲੋੜਾਂ ਹਨ, ਜਿਨ੍ਹਾਂ ਦੀ ਪੂਰਤੀ ਅਤੇ ਸੰਤੁਸ਼ਟੀ ਉਪਰੰਤ ਗੌਣ ਲੋੜਾਂ ਪੂਰੀਆਂ ਹੁੰਦੀਆਂ ਹਨ। ਇਹ ਲੋੜਾਂ ਸਰਵਵਿਆਪਕ ਹਨ ਇਸ ਲਈ ਸਭਿਆਚਾਰ ਵੀ ਸਰਵ- ਵਿਆਪਕ ਹੈ। ਇਨ੍ਹਾਂ ਲੋੜਾਂ ਦੀ ਪੂਰਤੀ ਦੇ ਦੌਰਾਨ ਹੀ ਸੰਸਥਾਵਾਂ ਦਾ ਜਨਮ ਹੁੰਦਾ ਹੈ, ਜਿਨ੍ਹਾਂ ਰਾਹੀ ਮਨੁੱਖੀ ਵਿਵਹਾਰ ਦੇ ਆਦਰਸ਼ਕ ਮਾਪਦੰਡ ਨਿਧਾਰਿਤ ਹੁੰਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਪ੍ਰਾਥਮਿਕ ਅਤੇ ਗੌਣ ਲੋੜਾਂ ਦੀ ਤ੍ਰਿਪਤੀ ਦੇ ਯਤਨਾਂ ਵਿਚੋਂ ਨਿਰਮਿਤ ਸੰਸਥਾਵਾਂ ਦੀ ਪਰਸਪਰ - ਸਬੰਧ ਪ੍ਰਣਾਲੀ ਹੀ ਸਭਿਆਚਾਰ ਹੈ।"[9]

ਮਾਨਵ ਵਿਗਿਆਨੀਆਂ ਦੀ ਭਾਸ਼ਾ ਵਿਚ ਇਕ ਸਭਿਆਚਾਰ ਦੇ ਲੋਕਾਂ ਨੂੰ ਸਭਿਆਚਾਰਕ ਗਰੁੱਪ ਕਿਹਾ ਜਾਂਦਾ ਹੈ। ਸਭਿਆਚਾਰ ਦੀ ਇਸ ਪਰਿਭਾਸ਼ਾ ਦੀ ਪੁਸ਼ਟੀ ਐਨਸਾਈਕਲੋਪੀਡੀਆਂ ਬ੍ਰਿਟੇਨਿਕਾ ਵਿਚ ਦਿੱਤੀ ਪ੍ਰਰਿਭਾਸ਼ਾ ਤੋਂ ਹੁੰਦੀ ਹੈ। "A culture is an historically designed system of desgins for living which tends to be shared by members of a group (single people or a group). It comparises the group's language, traditions, custoums, and instiutions, including the motivating ideas, belief and values."[10]ਇਸ ਤਰ੍ਹਾਂ ਸ਼ਪੱਸ਼ਟ ਤੌਰ ਤੇ ਕਹਿ ਸਕਦੇ ਹਾਂ ਕਿ ਸਭਿਆਚਾਰ ਮਨੁੱਖੀ ਸਮਾਜ ਦੀਆਂ ਭੌਤਿਕ ਲੋੜਾਂ ਹੀ ਨਹੀਂ ਪਰੰਪਰਾਗਤ ਵਿਵਹਾਰ, ਮਨੁੱਖ ਦੇ ਨੈਤਿਕ ਪੱਧਰ ਨੂੰ ਸੁਚੱਜਤਾ ਨਾਲ ਜੀਵਨ ਬਤੀਤ ਕਰਨ ਦੀ ਹਾਮੀ ਭਰਦਾ ਹੈ।

## ਸਭਿਆਚਾਰ ਦੇ ਲੱਛਣ

ਸਭਿਆਚਾਰ ਨੂੰ ਵਧੇਰੇ ਨੀਝ ਨਾਲ ਸਮਝਣ ਲਈ ਇਸ ਦੇ ਲੱਛਣਾਂ ਨੂੰ ਘੋਖਣਾ ਜਰੂਰੀ ਹੈ। ਹਰ ਸੂਬੇ ਤੇ ਦੇਸ਼ ਦਾ ਸਭਿਆਚਾਰ ਵੱਖਰਾ ਅਤੇ ਨਿਵੇਕਲਾ ਹੁੰਦਾ ਹੈ। ਜਿਸ ਕਾਰਨ ਹਰ ਸਭਿਆਚਾਰ ਦੇ ਕੁੱਝ ਲੱਛਣ ਅਤੇ ਪਹਿਚਾਣ ਚਿੰਨ੍ਹ ਹੁੰਦੇ ਹਨ। ਪੰਜਾਬੀ ਸਭਿਆਚਾਰ ਦੀ ਨਿਵੇਕਲੀ ਹੋਂਦ ਹੈ। ਇਸ ਦੇ ਵੀ ਆਪਣੇ ਲੱਛਣ ਹਨ ਜੋ ਇਸ ਨੂੰ ਬਾਕੀ ਸਭਿਆਚਾਰਾਂ ਤੋਂ ਵੱਖਰਾ ਕਰਦੇ ਹਨ, ਪਰ ਇਸ ਵੱਖਰਤਾ ਦੇ ਹੁੰਦੇ ਹੋਏ ਵੀ ਕੁੱਝ ਅਜਿਹੇ ਲੱਛਣ ਹਨ ਜੋ ਸਰਵ ਪ੍ਰਵਾਨਿਤ ਹਨ। ਇਹਨਾਂ ਵਿਚੋਂ ਕੁੱਝ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ:-

### (ੳ) ਸਭਿਆਚਾਰ ਇਕ ਪ੍ਰਬੰਧ

ਸਭਿਆਚਾਰ ਨੂੰ ਇਕ ਪ੍ਰਬੰਧ ਵੀ ਕਿਹਾ ਵੀ ਜਾਂਦਾ ਹੈ। ਸਭਿਆਚਾਰ ਦੀ ਕਾਰਜ ਵਿਧੀ ਇਕ ਪ੍ਰਬੰਧ ਦੇ ਰੂਪ ਵਿਚ ਕੰਮ ਕਰਦੀ ਹੈ।

**ਟਾਇਲਰ ਅਨੁਸਾਰ**, "ਸਭਿਆਚਾਰ ਇੱਕਲਾ ਜਾਂ ਇਕ ਵਰਤਾਰਾ ਨਹੀਂ ਹੈ ਸਗੋਂ ਇਸ ਅੰਦਰ ਅਨੇਕ ਕਿਸਮ ਦੀਆਂ ਇਕਾਈਆਂ ਸ਼ਾਮਿਲ ਹੁੰਦੀਆਂ ਹਨ। ਸਭਿਆਚਾਰ ਪ੍ਰਬੰਧ ਵਿਚ ਸਭਿਆਚਾਰ ਸੰਸਥਾਵਾਂ, ਪੈਟਰਨ, ਕਦਰਾਂ - ਕੀਮਤਾਂ, ਪ੍ਰਤੀਮਾਨਕ ਇਕ ਵਿਸ਼ੇਸ ਕੜੀ ਵਿਚ ਰਚੇ ਗਏ ਹੁੰਦੇ ਹਨ।"[11]

**ਮਾਨਵ ਸ਼ਾਸਤਰੀ ਕਰੋਬਰ ਦੇ ਅਨੁਸਾਰ**, "ਸਭਿਆਚਾਰ ਮਨੁੱਖੀ ਵਿਵਹਾਰ ਨਾਲ ਸਬੰਧਿਤ ਵੱਖ - ਵੱਖ ਪੈਟਰਨਾਂ ਦਾ ਸਮੁੱਚ ਜਾਂ ਕਦਰਾਂ ਕੀਮਤਾਂ ਦਾ ਪ੍ਰਬੰਧ ਹੈ।"[12] ਵਿਲੀਅਮ ਐਫ਼ ਔਗਬਰਨ ਦੇ ਅਨੁਸਾਰ, "ਸਭਿਆਚਾਰ ਦੇ ਸਾਰੇ ਅੰਗ ਜੰਜ਼ੀਰ ਦੀਆਂ ਕੜੀਆਂ ਵਾਂਗ ਸਾਦਾ ਢੰਗ ਨਾਲ ਆਪਸ ਵਿੱਚ ਸੰਬਧਿਤ ਨਹੀ ਹੁੰਦੇ ਸਗੋਂ ਇਕ ਮਸ਼ੀਨ ਦੇ ਪੁਰਜਿਆਂ ਵਾਂਗ ਸਾਦਾ ਢੰਗ ਨਾਲ ਆਪਸ ਵਿਚ ਜੁੜੇ ਹੁੰਦੇ ਹਨ। ਜਦੋਂ ਇਕ ਅੰਗ ਜਾਂ ਪੁਰਜ਼ਾ ਬਦਲਦਾ ਹੈ ਤਾਂ ਦੂਸਰੇ ਪੁਰਜ਼ੇ ਵੀ ਵੱਧ ਜਾਂ ਘੱਟ ਆਪਣੇ ਆਪ ਪ੍ਰਭਾਵਿਤ ਹੋ ਜਾਂਦੇ ਹਨ।"[13]

ਔਗਬਰਨ ਦੀ ਇਹ ਦਲੀਲ ਠੀਕ ਨਹੀ ਹੈ ਕਿਉਂਕਿ ਉਸ ਨੇ ਸਭਿਆਚਾਰ ਨੂੰ ਮਸ਼ੀਨ ਦੇ ਪੁਰਜੇ ਦੱਸ ਕੇ ਅੱਖੋਂ ਪਰੋਖੇ ਕਰ ਦਿੱਤਾ ਹੈ।ਸਭਿਆਚਾਰ ਦੀ ਕਾਰਜ ਵਿਧੀ ਇਕ ਪ੍ਰਬੰਧ ਵਜੋਂ ਹੈ ਜਿਹੜੀ ਕੀ ਬਾਹਰੀ ਨੂੰ ਅੰਦਰੂਨੀ, ਪਾਪ ਨੂੰ ਪੁੰਨ ਵਿਚ, ਅਸ਼ੁੱਧ ਨੂੰ ਸ਼ੁੱਧ ਵਿਚ, ਅਤੇ ਪਾਪੀ ਨੂੰ ਪਵਿੱਤਰ ਮਨੁੱਖ ਵਿਚ ਬਦਲਦੀ ਹੈ। ਇਹ ਕਦਰਾਂ ਕੀਮਤਾਂ ਤੇ ਪੈਟਰਨ ਹੀ ਸਭਿਆਚਾਰ ਨੂੰ ਇਕ ਪ੍ਰਬੰਧ ਵਜੋਂ ਉਸਾਰਦੇ ਹਨ।

### (ਅ) ਸਭਿਆਚਾਰ ਨਿੱਜੀ ਸੰਪਤੀ ਨਹੀ

ਸਭਿਆਚਾਰ ਨਿੱਜੀ ਸਪੰਤੀ ਨਹੀ ਹੈ, ਇਹ ਸਮਾਜ ਸਮੂਹਿਕ ਵਰਤਾਰਾ ਹੈ। ਇਕ ਕੱਲਾ ਕਾਰਾ ਵਿਅਕਤੀ ਸਭਿਆਚਾਰ ਦੀ ਸਿਰਜਣਾ ਨਹੀ ਕਰ ਸਕਦਾ।

**ਰੇਮਡ ਫਿਰਥ ਦੇ ਅਨੁਸਾਰ**, "ਜੇ ਸਮਾਜ ਉਨ੍ਹਾਂ ਅਜਿਹੇ ਵਿਅਕਤੀ ਦਾ ਸਮੂਹ ਹੈ ਜਿਨ੍ਹਾਂ ਦੀ ਇਕ ਵਿਸ਼ੇਸ ਜੀਵਨ ਜਾਂਚ ਹੁੰਦੀ ਹੈ, ਤਾਂ ਇਹ ਵਿਸ਼ੇਸ ਜੀਵਨ ਜਾਂਚ ਉਨ੍ਹਾਂ ਦਾ ਸਭਿਆਚਾਰ ਹੈ।"[14]ਸਭਿਆਚਾਰ ਮਨੁੱਖ ਨੂੰ ਵਿਰਸੇ ਵਿਚੋਂ ਹੀ ਮਿਲਦਾ ਹੈ। ਕੋਈ ਵਿਅਕਤੀ ਵਿਸ਼ੇਸ ਇਹ ਅਧਿਕਾਰ ਨਹੀ ਜਿੱਤਾ ਸਕਦਾ ਕੀ ਸਭਿਆਚਾਰ ਉਸ ਦੀ ਨਿੱਜੀ ਜਾਇਦਾਦ ਹੈ, ਇਹ ਤਾਂ ਪੀੜ੍ਹੀ ਦਰ ਪੀੜ੍ਹੀ ਸਮਾਜਿਕ ਸਮੂਹ ਦੀ ਸਿਰਜਣਾ ਹੈ।

**ਜੀਤ ਸਿੰਘ ਜੋਸ਼ੀ ਦੇ ਸ਼ਬਦਾ ਵਿਚ**, "ਜੇ ਅਸੀਂ ਲਿਖਤ ਦੇ ਛੋਟੇ ਜਿੰਨੇ ਟੁਕੜੇ ਦੀ ਹੀ ਉਦਾਹਰਨ ਲਈਏ ਤਾਂ ਪਤਾ ਲੱਗ ਸਕਦਾ ਹੈ ਕੀ ਕਾਗਜ਼ ਦੀ ਕਾਢ ਕਿਸੇ ਦੇਸ਼ ਨੇ ਕਿਸੇ ਹੋਰ ਸਮੇਂ ਕੱਢੀ ਤੇ ਸਿਆਹੀ ਦੀ ਕਿਸੇ ਹੋਰ ਨੇ ਤੇ ਛਾਪਾਖਾਨਾ ਕਿਸੇ ਵੱਖਰੇ ਮੁਲਕ ਦੀ ਦੇਣ ਹੋ ਸਕਦਾ ਹੈ। ਪਦਾਰਥਕ, ਪ੍ਰਤੀਮਾਨਕ ਇਥੋਂ ਤੱਕ ਕੀ ਬੋਧਾਤਮਕ ਪੱਖ ਵਿਚ ਵੀ ਕਿਸੇ ਕੱਲੇ ਕਾਰੇ ਵਿਅਕਤੀ ਦਾ ਯੋਗਦਾਨ ਨਹੀ ਹੁੰਦਾ।"[15] ਸਭਿਆਚਾਰ ਭਾਵੇਂ ਉਸਾਰਿਆ ਕਿਸੇ ਵੀ ਸਮਾਜਿਕ ਸਮੂਹ ਵੱਲੋਂ ਹੋਵੇ ਪਰ ਇਸ ਵਿਚ ਸਾਰੇ ਸਮਾਜਿਕ ਸਮੂਹ ਸਮੂਹਲੀਅਤ ਕਰਦੇ ਹਨ।

### (ੲ) ਸਭਿਆਚਾਰ ਗ੍ਰਹਿਣ ਕੀਤਾ ਜਾਂਦਾ ਹੈ

ਸਭਿਆਚਾਰ ਮਨੁੱਖ ਨੂੰ ਜਨਮ ਤੋਂ ਹੀ ਪ੍ਰਾਪਤ ਨਹੀ ਹੁੰਦਾ ਉਹ ਸਮਾਜ ਵਿਚ ਰਹਿ ਕੇ ਹੀ ਇਸ ਨੂੰ ਗ੍ਰਹਿਣ ਕਰਦਾ ਹੈ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ, ਤੇ ਸਮਾਜ ਵਿਚ ਰਹਿ ਕੇ ਉਹ ਨੈਤਿਕ ਕਦਰਾਂ ਕੀਮਤਾਂ ਨੂੰ ਗ੍ਰਹਿਣ ਕਰਕੇ ਹੀ ਇਕ ਸਭਿਆਚਾਰਕ ਵਿਅਕਤੀ ਬਣਦਾ ਹੈ।

**ਸਮਾਜ ਵਿਗਿਆਨੀ ਕਿੰਗਲਸੇ ਨੇ ਆਪਣੀ ਪੁਸਤਕ**, "Human society" ਵਿਚ ਦੋ ਅਜਿਹੀਆ ਬੱਚੀਆ ਦੀ ਜਾਣਕਾਰੀ ਦਿੱਤੀ ਹੈ ਜਿਹਨਾਂ ਨੂੰ ਮਨੁੱਖੀ ਸਮਾਜ ਤੋਂ ਦੂਰ ਰੱਖਿਆ ਗਿਆ ਸੀ। 10- 12 ਸਾਲ ਬਾਅਦ ਉਹਨਾਂ ਦਾ ਨਿਰੀਖਣ ਕੀਤਾ ਜਾਂਦਾ ਹੈ। ਤਾਂ ਉਹ ਨਾ ਤਾਂ ਮਨੁੱਖੀ ਭਾਸ਼ਾ ਬੋਲ ਸਕਦੀਆ ਹਨ ਨਾ ਹੀ ਕਿਸੇ ਤਰ੍ਹਾਂ ਦਾ ਕਾਰ ਵਿਹਾਰ ਕਰਨ ਦੇ ਉਹ ਯੋਗ ਸਨ। ਇਥੋਂ ਤੱਕ ਕੀ ਉਹਨਾਂ ਦੀ ਸਰੀਰਕ ਬਣਤਰ ਮਨੁੱਖੀ ਢਾਚੇ ਦੇ ਅਨੁਕੂਲ ਨਹੀ ਸੀ। ਸਮਾਜਕ ਸੰਪਰਕ ਵਿਚ ਆਉਣ ਤੇ ਉਹਨਾਂ ਦੇ ਸਿੱਖਣ ਦੀ ਯੋਗਤਾ ਨਾ - ਮਾਤਰ ਹੀ ਸੀ।"[16]

ਇਹ ਇਕ ਹਰਾਮੀ ਬੱਚੀ ਐਨਾ ਤੇ ਦੂਜੀ ਈਸਾ ਬੈਲੀ ਸੀ। ਇਸ ਤਰ੍ਹਾਂ ਸਮਾਜ ਵਿਚ ਰਹਿ ਕੇ ਹੀ ਮਨੁੱਖ ਸਭਿਆਚਾਰ ਗ੍ਰਹਿਣ ਕਰਦਾ ਹੈ। ਮਨੁੱਖ ਕਦੇ ਵੀ ਸਭਿਆਚਾਰਕ ਪ੍ਰਵਿਰਤੀਆਂ ਨੂੰ ਜਨਮ ਤੋਂ ਲੈ ਕੇ ਹੀ ਪੈਦਾ ਨਹੀ ਹੁੰਦਾ ਉਹ ਇਹ ਸਭ ਗੁਣ ਸਮਾਜ ਵਿਚੋਂ ਹੀ ਗ੍ਰਹਿਣ ਕਰਦਾ ਹੈ।"ਜੇਕਰ ਇਕ ਬੱਚੀ ਦੇ ਬੱਚੇ ਇਕ ਕੁੱਤੀ ਪਾਲੇ ਤਾਂ ਬਲੂੰਗੜ੍ਹਾ ਮਿਆਉਂ ਹੀ ਕਰੇਗਾ, ਭੌਂਕੇਗਾ ਨਹੀ ਇਸ ਦੇ ਉਲਟ ਜੇਕਰ ਇਕ ਮਨੁੱਖੀ ਬੱਚੇ ਨੂੰ ਜਨਮ ਤੋਂ ਹੀ ਪਸ਼ੂਆਂ ਵਿਚ ਛੱਡ ਦਿੱਤਾ ਜਾਵੇ ਤਾਂ ਉਹ ਉਹਨਾਂ ਵਾਂਗ ਹੀ ਟੱਪੇਗਾ ਤੇ ਰੋਵੇਗਾ, ਉਸੇ ਤਰ੍ਹਾਂ ਹੀ ਜੇਕਰ ਇਕ ਜੰਮਦੇ ਬੱਚੇ ਨੂੰ ਕਿਸੇ ਹੋਰ ਸਭਿਆਚਾਰ ਵਿਚ ਪਾ ਲਿਆ ਜਾਵੇ ਤਾਂ ਉਹ ਨਵੇਂ ਸਭਿਆਚਾਰ ਨੂੰ ਹੀ ਗ੍ਰਹਿਣ ਕਰੇਗਾ, ਸਭਿਆਚਾਰ ਮਨੁੱਖ ਦੀਆਂ ਸਰੀਰਕ ਕਿਰਿਆਵਾਂ ਦੇ ਨਾਲ - ਨਾਲ ਉਸਦੀਆਂ ਮਾਨਸਿਕ ਕਿਰਿਆਵਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ।"[17] ਮਾਨਵ ਵਿਗਿਆਨੀ ਤੇ ਸਮਾਜ ਵਿਗਿਆਨੀ ਤੇ ਮਨੋ- ਵਿਗਿਆਨੀ ਇਹ

ਮੰਨਦੇ ਹਨ ਕਿ ਮਨੁੱਖ ਸਾਰੀਆਂ ਕਦਰਾਂ ਕੀਮਤਾਂ ਨੂੰ ਸਮਾਜ ਵਿਚ ਰਹਿ ਕੇ ਹੀ ਸਿੱਖ ਸਕਦਾ ਹੈ ਜੋ ਉਸ ਨੂੰ ਸਮਾਜਿਕ ਜੀਵਨ ਵਿਚ ਜ਼ਰੂਰੀ ਹਨ।

(ਸ) **ਸਭਿਆਚਾਰ ਇਕ ਪ੍ਰਤੀਕਮਈ ਸੰਕਲਪ**

ਸਭਿਆਚਾਰ ਦਾ ਪ੍ਰਮੁੱਖ ਲੱਛਣ ਪ੍ਰਤੀਕਆਤਮਿਕਤਾ ਹੈ।ਹਰ ਸਭਿਆਚਾਰ ਦੇ ਆਪਣੇ ਵੱਖਰੇ ਪ੍ਰਤੀਕ ਹੁੰਦੇ ਹਨ ਇਹ ਪ੍ਰਤੀਕ ਹੀ ਇਕ ਸਭਿਆਚਾਰ ਨੂੰ ਦੂਸਰੇ ਸਭਿਆਚਾਰ ਤੋਂ ਵੱਖ ਕਰਦੇ ਹਨ।

"ਮਨੁੱਖੀ ਚਿੰਤਨ ਬਹੁਤ ਭਿੰਨ - ਭਿੰਨ ਵਸਤਾਂ, ਵਿਹਾਰਾਂ, ਤੇ ਵਰਤਾਰਿਆ ਵਿਚ ਸਾਂਝ ਅਤੇ ਨਿਖੇੜ ਨੂੰ ਦੇਖ ਸਕਦਾ ਹੈ ਅਤੇ ਇਹਨਾਂ ਨੂੰ ਪ੍ਰਤੀਕਆਤਮਕ ਢੰਗ ਨਾਲ ਵਰਤ ਸਕਦਾ ਹੈ, ਸਗੋਂ ਹਰ ਮਨੁੱਖੀ ਕਿਰਿਆ ਨੂੰ ਪ੍ਰਤੀਕ ਵਜੋਂ ਲੈ ਸਕਦਾ ਹੈ। ਸੱਪ ਉੱਡਦਾ ਹੈ ਖਿਆਲ ਉਡਾਰੀ ਨਹੀ ਲਾਉਂਦਾ ਹੈ।"[18]

ਇਸੇ ਤਰ੍ਹਾਂ ਹੀ ਪੰਜਾਬੀ ਸਭਿਆਚਾਰ ਵਿਚ ਨਾਚ, ਭੰਗੜਾ, ਗਿੱਧਾ, ਖਾਣ ਪੀਣਦੀਆਂ ਵਸਤਾਂ ਜਿਵੇਂ ਮੱਕੀ ਦੀ ਰੋਟੀ, ਸਰ੍ਹੋਂ ਦਾ ਸਾਗ ਆਦਿ ਇਸ ਦੇ ਪ੍ਰਤੀਕ ਹਨ। ਇਕ ਅਮਰੀਕਨ ਮਾਨਵ ਵਿਗਿਆਨੀ ਲੈਜ਼ਲੀ ਵਾਈਟ ਦਾ ਵਿਚਾਰ ਹੈ ਕਿ, "ਸਮੁੱਚਾ ਮਨੁੱਖੀ ਵਿਵਹਾਰ ਪ੍ਰਤੀਕਾਂ ਉਪਰ ਅਧਾਰਿਤ ਹੈ ਕਲਾ ਧਰਮ ਅਤੇ ਮੁਦਰਾ ਇਹ ਸਭ ਪ੍ਰਤੀਕ ਅਧਾਰਿਤ ਹਨ।"[19]

ਹਰ ਸਭਿਆਚਾਰ ਦੇ ਵੱਖਰੇ - ਵੱਖਰੇ ਪ੍ਰਤੀਕ ਹਨ ਉਦਾਹਰਨ ਵਜੋਂ- ਵਿਆਹ ਦੇ ਸਮੇਂ ਹਿੰਦੂ ਲਾਲ ਰੰਗ ਨੂੰ ਸ਼ੁੱਭ ਮੰਨਦੇ ਹਨ, ਇਸਾਈ ਚਿੱਟੇ ਰੰਗ ਨੂੰ ਆਦਿ।

**ਸਾਲਤੇ ਅਨੁਸਾਰ**, "ਪ੍ਰਤੀਕਮਈ ਭਾਸ਼ਾ ਇਕ ਅਜਿਹੀ ਨੀਂਹ ਹੈ ਜਿਸ ਉਪਰ ਮਾਨਵੀ ਸਭਿਆਚਾਰ ਉਸਰੇ ਹਨ।"[20]

ਸਪੀਅਰ ਦਾ ਵਿਚਾਰ ਇਹ ਹੈ ਕਿ, "ਭਾਸ਼ਾ ਦੇ ਮਾਧਿਅਮ ਦੁਆਰਾ ਹੀ ਆਦਮੀ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਸਭਿਆਚਾਰ ਨੂੰ ਪਹੁੰਚਾਉਂਦਾ ਹੈ।"[21]ਧਾਰਮਿਕ ਪੱਧਰ ਤੇ ਵੀ ਪ੍ਰਤੀਕ ਆਪਣੇ ਸ਼ਰਧਾਲੂਆਂ ਤੇ ਗਹਿਰਾ ਪ੍ਰਭਾਵ ਪਾਉਂਦੇ ਹਨ ਮੂਰਤੀ ਪੂਜਾ, ਖੰਡਾ, ਕਰਾਸ ਆਦਿ। ਇਸ ਤਰ੍ਹਾਂ ਹਰ ਸਭਿਆਚਾਰ ਦੀ ਆਪਣੀ ਵੱਖਰੀ ਪਛਾਣ ਇਹ ਪ੍ਰਤੀਕ ਜਾ ਚਿੰਨ੍ਹ ਵਿਧਾਨ ਹੀ ਹੁੰਦੇ ਹਨ ਜੋ ਹਰ ਮਨੁੱਖੀ ਸਮਾਜ ਨੂੰ ਵਖਰੇਂਵਾ ਪ੍ਰਧਾਨ ਕਰਦੇ ਹਨ।

(ਹ) **ਸਭਿਆਚਾਰ ਮਨੁੱਖੀ ਸ਼ਖ਼ਸੀਅਤ ਨੂੰ ਨਿਖਾਰਦਾ ਹੈ**

ਸਭਿਆਚਾਰ ਮਨੁੱਖੀ ਸ਼ਖ਼ਸੀਅਤ ਨੂੰ ਨਿਖਾਰਦਾ ਹੈ।ਸਭਿਆਚਾਰ ਤੇ ਮਨੁੱਖੀ ਸ਼ਖ਼ਸੀਅਤ ਦਾ ਡੂੰਘਾ ਸਬੰਧ ਹੈ। ਸਭਿਆਚਾਰ ਦੁਆਰਾ ਹੀ ਮਨੁੱਖ ਇਕ ਖ਼ਾਸ ਸ਼ਖਸ਼ੀਅਤ ਦਾ ਮਾਲਕ ਬਣ ਸਕਿਆ ਹੈ।

**ਰੂਥ ਬੇਨੇਡਿਕਟ ਦੇ ਸ਼ਬਦਾ ਵਿਚ**, "ਕੋਈ ਵੀ ਵਿਅਕਤੀ ਆਪਣੇ ਸਭਿਆਚਾਰ ਜਿਸ ਵਿਚ ਉਹ ਰਹਿ ਰਿਹਾ ਹੁੰਦਾ ਹੈ ਤੋਂ ਬਿਨਾਂ ਆਪਣੀਆਂ ਸੰਭਾਵਨਾਵਾਂ ਦੇ ਦਰ ਤੱਕ ਨਹੀ ਪਹੁੰਚ ਸਕਦਾ।"[22]

**ਐਲਮੰਡ ਲੀਚ ਅਨੁਸਾਰ**, "ਸਭਿਆਚਾਰ ਦੇ ਵਰਤਾਰੇ ਦੀ ਬੁਨਿਆਦੀ ਬਣਤਰ ਬਾਰੇ ਖੋਜ ਕਰਦਿਆ ਅਸੀਂ ਮਨੁੱਖੀ ਸੁਭਾਅ ਬਾਰੇ ਵੀ ਨਵੀਆਂ ਖੋਜਾਂ ਕਰ ਰਹੇ ਹੁੰਦੇ ਹਾਂ।"[23]

**ਵਿਲੀਅਮ ਔਗਬਰਨ ਅਨੁਸਾਰ**, "ਸ਼ਖ਼ਸੀਅਤ ਅਤੇ ਸਭਿਆਚਾਰ ਨੂੰ ਆਮ ਕਰਕੇ ਇਕ ਪੱਖੀ ਸੰਬੰਧ ਵਾਂਗ ਵੇਖਿਆ ਗਿਆ ਹੈ ਇਸ ਵਿਚ ਕੋਈ ਸ਼ੱਕ ਨਹੀ ਕੀ ਇਕ ਸ਼ਖ਼ਸੀਅਤ ਵੀ ਸਭਿਆਚਾਰ ਨੂੰ ਪ੍ਰਭਾਵਿਤ ਕਰਦੀ ਹੈ।"[24]

ਸਭਿਆਚਾਰ ਮਨੁੱਖ ਵਿਚ ਪਿਆਰ, ਹਮਦਰਦੀ, ਵਿਸ਼ਵਾਸ, ਮਿਹਨਤ, ਇਮਾਨਦਾਰੀ ਆਦਿ ਨੈਤਿਕ ਕਦਰਾਂ ਕੀਮਤਾਂ ਪੈਦਾ ਕਰਦਾ ਹੈ। ਸਿਰਫ਼ ਸਭਿਆਚਾਰ ਹੀ ਮਨੁੱਖੀ ਸ਼ਖ਼ਸੀਅਤ ਦੀ ਸਿਰਜਣਾ ਨਹੀ ਕਰਦਾ ਇਕ ਖ਼ਾਸ ਮਨੁੱਖੀ ਸ਼ਖ਼ਸੀਅਤ ਵੀ ਸਭਿਆਚਾਰ ਨੂੰ ਪ੍ਰਭਾਵਿਤ ਕਰਦੀ ਹੈ। ਇਸੇ ਲਈ ਬਹੁਤ ਸਾਰੇ ਵਿਦਵਾਨਾਂ ਨੇ ਸਭਿਆਚਾਰ ਦੀ ਪਰਿਭਾਸ਼ਾ ਹੀ ਮਨੁੱਖੀ ਸਖ਼ਸੀਅਤ ਦੇ ਨਾਲ ਸਬੰਧਿਤ ਕਰਦੇ ਹੋਏ ਦਿੱਤੀ ਹੈ।

**(ਕ) ਸਭਿਆਚਾਰ ਬਦਲਦਾ ਰਹਿੰਦਾ ਹੈ**

ਸਭਿਆਚਾਰ ਦਾ ਪ੍ਰਮੁੱਖ ਲੱਛਣ ਇਹ ਵੀ ਹੈ, ਕਿ ਸਭਿਆਚਾਰ ਨਿਰੰਤਰ ਬਦਲਦਾ ਰਹਿੰਦਾ ਹੈ। ਪਰਿਵਰਤਨ ਕੁਦਰਤ ਦਾ ਨਿਯਮ ਹੈ। ਕੁਦਰਤ ਦੇ ਹਰ ਵਰਤਾਰੇ ਵਿਚ ਪਰਿਵਰਤਨ ਹੋਣਾ ਲਾਜ਼ਮੀ ਹੈ। ਸਭਿਆਚਾਰ ਵਿਚ ਵੀ ਅੰਦਰੂਨੀ ਤੇ ਬਾਹਰੀ ਪਰਿਵਰਤਨ ਆਉਂਦੇ ਰਹਿੰਦੇ ਹਨ। ਕੋਈ ਇਕ ਸਭਿਆਚਾਰ ਜਦੋਂ ਦੂਜੇ ਸਭਿਆਚਾਰ ਵਿਚ ਪ੍ਰਵੇਸ਼ ਕਰਦਾ ਹੈ ਤਾਂ ਇਹ ਵੀ ਪਰਿਵਰਤਨ ਦਾ ਇਕ ਕਾਰਨ ਬਣਦਾ ਹੈ। ਅੱਜ – ਕਲ੍ਹ ਸਭਿਆਚਾਰਕ ਪਰਿਵਰਤਨਾਂ ਦਾ ਬਹੁਤ ਗਹਿਰਾਅਸਰ ਸਾਡੇ ਵਿਆਹ ਦੇ ਪਵਿੱਤਰ ਕਾਰਜਾਂ ਉੱਪਰ ਵੀ ਦੇਖਣ ਨੂੰ ਮਿਲਦਾ ਹੈ, ਜਿਵੇਂ ਵਿਆਹ ਤੋਂ ਪਹਿਲਾਂ ਕੀਤੀ ਜਾਣ ਵਾਲੀ ਮੰਗਣੀ ਦੀ ਥਾਂ 'ਰਿੰਗ ਸਰੈਮਨੀ' ਨੇ ਲੈ ਲਈ ਹੈ। ਹੁਣ ਸੁਹਾਗ ਤੇ ਘੋੜੀਆਂ ਦੀ ਜਗ੍ਹਾਂ ਵਿਆਹ ਤੋਂ ਇਕ ਦਿਨ ਪਹਿਲਾਂ ਹੀ 'ਲੇਡੀਜ਼ ਸੰਗੀਤ' ਦਾ ਰੁਝਾਨ ਵੱਧ ਰਿਹਾ ਹੈ।'ਬੈਂਗਲ ਸਰੈਮਨੀ' ਵੀ ਆਮ ਪ੍ਰਚਲਿੱਤ ਹੋ ਗਿਆ ਹੈ। ਭਾਵੇਂ ਸਭਿਆਚਾਰ ਮਨੁੱਖ ਨੂੰ ਵਿਰਾਸਤ ਚੋਂ ਮਿਲਦਾ ਹੈ ਪਰ ਨਵੀਂ ਪੀੜ੍ਹੀ ਉਸ ਨੂੰ ਕੁੱਝ ਨਵੇਂ ਚਿੰਨ੍ਹ ਦਿੰਦੀ ਹੈ। ਜਿਸ ਕਾਰਨ ਨਵੀਂ ਪੀੜ੍ਹੀ ਦੇ ਸਭਿਆਚਾਰ ਵਿਚ ਕੁਝ ਨਿਵੇਕਲਾ ਸ਼ਾਮਿਲ ਹੋ ਜਾਂਦਾ ਹੈ ਅਤੇ ਪੁਰਾਣਾ ਖਾਰਿਜ਼ ਵੀ ਹੁੰਦਾ ਹੈ। ਇਕ ਹੋਰ ਉਦਾਹਰਨ ਅਨੁਸਾਰ, ਆਦਿ ਕਾਲ ਦਾ ਮਨੁੱਖ ਪਹਿਲਾਂ ਤਨ ਢੱਕਣ ਲਈ ਕੱਪੜਿਆਂ ਦੀ ਜਗ੍ਹਾਂ ਪੱਤਿਆਂ ਦੀ ਹੀ ਵਰਤੋਂ ਕਰਦਾ ਸੀ, ਭੋਜਨ ਨੂੰ ਕੱਚਿਆਂ ਖਾ ਜਾਂਦਾ ਸੀ, ਖੇਤੀ ਲਈ ਪੱਥਰ ਦੇ ਔਜ਼ਾਰਾ ਦੀ ਵਰਤੋਂ ਕਰਦਾ ਸੀ। ਪਰ ਸਮਾਂ ਬੀਤਣ ਨਾਲ ਮਨੁੱਖ ਬੌਧਿਕ ਪੱਧਰ ਤੇ ਚੇਤਨ ਹੋ ਗਿਆ ਆਪਣਾ ਤਨ ਢੱਕਣ ਲਈ ਪੱਤਿਆਂ ਦੀ ਜਗ੍ਹਾਂ ਕੱਪੜੇ ਦੀ ਵਰਤੋਂ ਕਰਨ ਲੱਗਾ, ਖੇਤੀ ਲਈ ਪੱਥਰ ਤੇ ਔਜ਼ਾਰਾ ਦੀ ਜਗ੍ਹਾਂ ਮਸ਼ੀਨੀਕਰਨ ਦੀ ਹੋੜ ਆ ਗਈ। ਹੁਣ ਮਹੀਨਿਆਂ ਤੇ ਸਾਲਾਂ ਦਾ ਕੰਮ ਕੁੱਝ ਹੀ ਦਿਨਾਂ ਵਿੱਚ ਸਪੰਨ ਹੋ ਜਾਂਦਾ ਹੈ। ਪਹਿਲਾਂ ਪੰਜਾਬੀ ਸਭਿਆਚਾਰ ਵਿਚ ਵੀ ਸੂਤ ਹੱਥ

ਖੱਡੀਆਂ ਤੇ ਚਰਖਿਆਂ ਉੱਤੇ ਬੁਣਿਆ ਜਾਂਦਾ ਸੀ ਪਰ ਹੁਣ ਇਹਨਾਂ ਦੀ ਜਗ੍ਹਾਂ ਮਸ਼ੀਨਾਂ ਨੇ ਲੈ ਲਈ ਹੈ।ਇਸ ਨੂੰ ਅਸੀਂ ਸਭਿਆਚਾਰਕ ਪਰਿਵਰਤਨ ਹੀ ਕਹਾਂਗੇ।

**ਬਲਵੀਰ ਸਿੰਘ ਪੂਨੀ ਦੇ ਅਨੁਸਾਰ**, "ਪਰਿਵਰਤਨ ਕੁਦਰਤ ਦਾ ਨਿਯਮ ਹੈ, ਹਰ ਚੀਜ਼ ਹੋਂਦ ਵਿੱਚ ਆਉਂਦੀ ਹੈ ਵਿਕਾਸ ਕਰਨ ਮਗਰੋਂ ਬਿਨਸ ਜਾਂਦੀ ਹੈ ।"[25]ਸਭਿਆਚਾਰ ਸਬੰਧੀ ਕੁਦਰਤੀ ਸੱਚਾਈ ਹੈ ਕਿ ਇਹ ਬਦਲਦਾ ਰਹਿੰਦਾ ਹੈ। ਵੱਖੋ - ਵੱਖਰੇ ਸਭਿਆਚਾਰਾ ਵਿਚ ਪਰਿਵਰਤਨ ਦੇ ਅੰਦਰੂਨੀ, ਬਾਹਰੀ, ਸੁਖ਼ਮ ਤੇ ਸਥੂਲ ਕਾਰਨ ਹੋ ਸਕਦੇ ਹਨ। ਇਹ ਪਦਾਰਥਕ, ਆਰਥਿਕ, ਰਾਜਨੀਤਿਕ ਵੀ ਹੋ ਸਕਦੇ ਹਨ। ਪਰ ਸਭ ਤੋਂ ਵੱਡਾ ਕਾਰਨ ਆਰਥਿਕਤਾ ਹੀ ਹੈ।

**ਡਾ.ਗੁਰਬਖ਼ਸ ਸਿੰਘ ਅਨੁਸਾਰ,** "ਇਹ ਤਬਦੀਲੀ ਵਿਅਕਤੀ ਜਾਂ ਸਮਾਜ ਦੀ ਇੱਛਾ ਉੱਤੇ ਨਿਰਭਰ ਨਹੀਂ ਕਰਦੀ ਇਹ ਪ੍ਰਕਿਰਤੀ ਦਾ ਨਿਯਮ ਹੈ ਤੇ ਪ੍ਰਕਿਰਤੀ ਮਨੁੱਖੀ ਸਮਾਜ ਦਾ ਹੋਂਦ ਚੌਖਟਾ ਹੈ। ਪ੍ਰਕਿਰਤੀ ਵਿੱਚ ਇਹ ਤਬਦੀਲੀਆਂ ਵਾਪਰਦੀਆਂ ਰਹਿੰਦੀਆਂ ਹਨ, ਜੋ ਮਨੁੱਖੀ ਸਮਾਜ ਲਈ ਅਨਕੂਲਣ ਦੀ ਸਮੱਸਿਆਂ ਪੈਦਾ ਕਰਦੀਆਂ ਰਹਿੰਦੀਆਂ ਹਨ। ਮਨੁੱਖ ਇਹਨਾਂ ਦਾ ਹੱਲ ਲੱਭਦਾ ਹੈ ਇਹ ਹੱਲ ਮਨੁੱਖ ਨੂੰ ਵੀ ਬਦਲਦੇ ਹਨ ਪ੍ਰਕਿਰਤੀ ਨੂੰ ਵੀ।"[26]

### (ਖ) ਮਨੁੱਖੀ ਲੋੜਾਂ ਦੀ ਪੂਰਤੀ

ਸਭਿਆਚਾਰ ਮਨੁੱਖੀ ਲੋੜਾਂ ਦੀ ਪੂਰਤੀ ਕਰਦਾ ਹੈ। **ਮੈਲੀਨੋਵਸਕੀ ਅਨੁਸਾਰ**, "ਸਭਿਆਚਾਰ ਨੂੰ ਮਨੱਖ ਦੀ ਪ੍ਰਾਥਮਿਕ ਤੇ ਗੌਣ ਲੋੜਾਂ ਦੀ ਸੰਤੁਸ਼ਟੀ ਕਰਨ ਦੀ ਮੁੱਢਲੀ ਸ਼ਰਤ ਵਜੋਂ ਦਰਸਾਇਆ ਗਿਆ ਹੈ।"ਜਿਵੇਂ - ਜਿਵੇਂ ਮਨੁੱਖ ਦੀਆਂ ਲੋੜਾਂ ਵੱਧ ਦੀਆਂ ਹਨ ਉਵੇਂ ਹੀ ਸਭਿਆਚਾਰਕ ਘੇਰਾ ਵੀ ਵੱਡਾ ਹੁੰਦਾ ਜਾਂਦਾ ਹੈ। ਮਨੁੱਖ ਦੀਆਂ ਜ਼ਰੂਰਤਾਂ ਦੂਜੇ ਜੀਵਾਂ ਨਾਲੋਂ ਵੱਧ ਹੁੰਦੀਆਂ ਹਨ। ਅਜਿਹਾ ਮਨੁੱਖ ਦੇ ਬੌਧਿਕ ਪੱਧਰ ਕਾਰਨ ਹੁੰਦਾ ਹੈ, ਸਭਿਆਚਾਰ ਹੀ ਮਨੁੱਖੀ ਜ਼ਰੂਰਤਾਂ ਦਾ ਸਾਧਨ ਬਣਦਾ ਹੈ।

**ਕਾਰਲ ਮਾਰਕਸ ਅਨੁਸਾਰ**, "ਪਸ਼ੂ ਸਿਰਫ਼ ਸਿੱਧੀਆਂ ਲੋੜਾਂ ਦੀ ਮਜਬੂਰੀ ਵੱਸ ਪੈਦਾ ਕਰਦੇ ਹਨ, ਜਦਕਿ ਮਨੁੱਖ ਸਰੀਰਕ ਲੋੜਾਂ ਤੋਂ ਅਜ਼ਾਦ ਹੋ ਕੇ ਸਿਰਜਦਾ ਹੈ।"[28]ਸਭਿਆਚਾਰ ਮਨੁੱਖ ਦੁਆਰਾ ਹੀ ਬਣਾਇਆ ਗਿਆ ਵਾਤਾਵਰਣ ਹੁੰਦਾ ਹੈ ਜਿਸ ਵਿਚ ਉਹ ਆਪਣੀਆਂ ਲੋੜਾਂ ਪੂਰੀਆਂ ਕਰਦਾ ਹੈ।

ਰਚਨਾਤਮਕ ਅਤੇ ਚੇਤਨ **ਪ੍ਰੋ. ਧਰਮਿੰਦਰ ਸਿੰਘ ਨੇ ਆਪਣੀ ਪੁਸਤਕ** "ਫਿਲਾਸਫ਼ੀ ਆੱਫ਼ ਹਿਸਟਰੀ" ਵਿਚ ਕਿਹਾ ਹੈ ਕਿ, "ਸਭਿਆਚਾਰ ਮਨੁੱਖ ਦੀਆਂ ਚੇਤਨ ਤੇ ਰਚਨਾਤਮਕ ਕੋਸ਼ਿਸਾਂ ਦਾ ਪ੍ਰਗਟਾਵਾ ਹੈ।"[29.]

**ਸ੍ਰੀ ਅਰਬਿੰਦੋ**, "ਸਭਿਆਚਾਰ ਦੇ ਬਾਹਰੀ ਓਤੇ ਅੰਦਰ ਵੱਲ ਦੇ ਬਦਲਾਵ ਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਸਮਾਜ ਨੂੰ ਵਿਕਸਤ ਕਰਨ ਸਬੰਧੀ ਮਨੁੱਖ ਜੋ ਕੁੱਝ ਕਰਦਾ ਹੈ ਉਹ ਸਭਿਆਚਾਰ ਹੈ।"[30]

**ਟਾਨਬੀ ਅਨੁਸਾਰ**, "ਧਾਰਮਿਕ ਬਦਲਾਅ ਵੀ ਹਰ ਪ੍ਰਕਾਰ ਸਭਿਆਚਾਰ ਵਿਚ ਆਉਣਾ ਚਾਹੀਦਾ ਹੈ।"[31]ਸਭਿਆਚਾਰ ਮਨੁੱਖ ਦੀਆਂ ਹਰ ਤਰ੍ਹਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ ਚਾਹੇ ਓਹ ਧਾਰਮਿਕ ਪੱਧਰ ਹੋਵੇ ਜਾਂ ਭੌਤਿਕ। ਮਨੁੱਖੀ ਸਮਾਜ ਵਿਚ ਸਦਾਚਾਰਕ ਲੋੜਾਂ ਮਹੁੱਈਆਂ ਕਰਵਾਉਣਾ ਸਭਿਆਚਾਰ ਦਾ ਅਹਿਮ ਪੱਖ ਹੈ।

**(ਗ) ਸਰਵ ਵਿਆਪਕ ਵਰਤਾਰਾ**

ਸਭਿਆਚਾਰ ਇਕ ਸਰਵ ਵਿਆਪਕ ਵਰਤਾਰਾ ਹੈ। ਹਰ ਸਮਾਜ ਦੇ ਸਭਿਆਚਾਰਕ ਵਰਤਾਰੇ ਦੂਜੇ ਸਭਿਆਚਾਰਕ ਵਰਤਾਰਿਆ ਨਾਲੋਂ ਵੱਖੋ – ਵੱਖਰੇ ਹੋਣ ਦੇ ਬਾਵਜੂਦ ਵੀ ਕੁੱਝ ਸਰਵ ਸਾਂਝੇ ਹੁੰਦੇ ਹਨ ।

"ਮਨੁੱਖ ਦੇ ਮੂਲ ਲੱਛਣ ਜਿਵੇਂ ਖਾਣਾ, ਵੰਸ਼ ਉੱਤਪਤੀ ਅਤੇ ਪਾਲਣ ਪੋਸ਼ਣ, ਦਿਮਾਗੀ ਉਨਤੀ, ਵਿਸ਼ੇਸਕ੍ਰਿਤ ਨਾਲੋਂ ਵਧੇਰੇ ਸਮਾਨਯ ਯੋਗਤਾਵਾਂ , ਸਰੀਰਕ ਨੁਹਾਰ ਅਨੁਕਰਣ ਨਾਲੋਂ ਵਧੇਰੇ ਸਿੱਖਿਅਤ ਵਿਵਹਾਰਕ ਪੈਟਰਨ, ਪ੍ਰਤੀਕ ਸਿਰਜਣ ਅਤੇ ਪ੍ਰਯੋਗ ਯੋਗਤਾ ਆਦਿ ਇਹ ਭਲੀ ਭਾਂਤ ਉਜਾਗਰ ਕਰਦੇ ਹਨ ਕਿ ਸਭਿਆਚਾਰ ਕੋਈ ਅਸਕਮਾਤ ਉਪਜਿਆ ਵਰਤਾਰਾ ਨਹੀਂ ਹੈ, ਸਗੋਂ ਇਹ ਲਾਜ਼ਮੀ, ਅਟੱਲ ਅਤੇ ਅਕੱਟ ਮਨੁੱਖੀ ਜ਼ਰੂਰਤ ਹੈ।"[32] ਵੱਖ – ਵੱਖ ਸਭਿਆਚਾਰ ਵਿਚ ਜਿਵੇਂ ਵਿਚ ਵਿਆਹ ਦੀਆਂ ਰਸਮਾਂ ਅਲੱਗ ਹਨ ਪਰ ਵਿਆਹ ਇਕ ਸਾਝਾਂ ਵਰਤਾਰਾ ਹੈ।

"ਸਰਵ ਵਿਆਪਕ ਪੈਟਰਨਾਂ ਵਿਚ ਜਿਵੇਂ ਭੁੱਖ ਲੱਗਣ ਤੇ ਕੁੱਝ ਭੋਜਨ ਖਾਣਾ, ਜੀਵਨ ਨਿਰਬਾਹ ਲਈ ਕੋਈ ਕੰਮ ਧੰਦਾ ਅਪਣਾਉਣਾ, ਕਾਮ ਤ੍ਰਿਪਤੀ ਅਤੇ ਸੰਤਾਨ ਉੱਤਪਤੀ ਲਈ ਸ਼ਾਦੀ ਦੀ ਰਸਮ ਆਦਿ ਹਰ ਸਮਾਜ ਵਿਚ ਪਾਏ ਜਾਣ ਵਾਲੇ ਸਭਿਆਚਾਰਕ ਪੈਟਰਨ ਹਨ।"[33]**ਕਰੋਬਰ ਨੇ ਵਿਸਲਰ ਦੇ ਹਵਾਲੇ ਨਾਲ ਅਜਿਹੇ**, "9 ਸਰਵ ਵਿਆਪਕ ਪੈਟਰਨਾਂ ਦਾ ਜ਼ਿਕਰ ਕੀਤਾ ਹੈ। ਜਿਵੇਂ:-

1. ਭਾਸ਼ਿਕ ਯੋਗਤਾ (ਸੰਚਾਰ ਜੁਗਤਾਂ)
2. ਪਰਾਰਥਕ ਤੱਤ (ਪਹਿਰਾਵਾ, ਖਾਣ – ਪੀਣ, ਇਮਾਰਤਾਂ, ਸੰਦ, ਹਥਿਆਰ ਆਦਿ)
3. ਗਿਆਨ (ਮਿਥਿਹਾਸਕ ਅਤੇ ਵਿਗਿਆਨਕ)
4. ਕਲਾ (ਲਲਿਤ ਤੇ ਉਪਯੋਗੀ)
5. ਧਰਮ (ਲੋਕ ਧਰਮ ਤੇ ਸੰਸਥਾਈ ਧਰਮ)
6. ਸਮਾਜ (ਲੋਕਾਂ ਦੇ ਪਰਸਪਰ ਸਬੰਧ) , ਸ਼ਾਦੀ ਰਿਸ਼ਤਾ ਪ੍ਰਣਾਲੀ ਪ੍ਰਤਿਮਾਨ ਆਦਿ।
7. ਸੰਪਤੀ (ਚੱਲ ਅਤੇ ਅਚੱਲ)
8. ਸਰਕਾਰ
9. ਯੁੱਧ ਆਦਿ।"[34]

"ਹਰ ਸਮਾਜ ਅੰਦਰ ਮਾਨਵੀ ਗੁਣ, ਮਨੁੱਖੀ ਚੇਤਨ, ਕਲਪਨਾ, ਸੰਵੇਦਨਸ਼ੀਲਤਾ, ਬੌਧਿਕਤਾ, ਸੌਦਰਯ ਬੋਧ, ਅਤੇ ਗਿਆਨ ਦੇ ਕਰਮ ਥੋੜ੍ਹੇ ਬਹੁਤੇ ਫ਼ਰਕ ਨਾਲ ਮਿਲਦੇ - ਜੁਲਦੇ ਗੁਣ ਹੁੰਦੇ ਹਨ।"[35]"ਜਦੋਂ ਸੰਸਾਰ ਦੇ ਸਭਿਆਚਾਰ ਵਸਤੂ ਮੂਲਕ ਦ੍ਰਿਸ਼ਟੀ ਤੋਂ ਪਰਖੇ ਜਾਂਦੇ ਹਨ ਉਹਨਾਂ ਵਿਚ ਬਹੁਤ ਸਾਰੇ ਪੱਖਾਂ ਤੋਂ ਸਮਾਨਤਾ ਹੁੰਦੀ ਹੈ। ਹਰ ਸਭਿਆਚਾਰ ਦੇ ਕੁੱਝ ਮੁੱਖ ਅੰਸ਼ ਸਾਂਝੇ ਹੁੰਦੇ ਹਨ, ਜਿਵੇਂ ਭਾਸ਼ਾ, ਲੋਕਧਾਰਾ, ਧਰਮ, ਦਰਸ਼ਨ, ਸ਼ਿਲਪ ਕਲਾ ਆਦਿ।"[36]ਇਸ ਤਰ੍ਹਾਂ ਹਰ ਸਭਿਆਚਾਰ ਦੀ ਆਪਣੀ ਨਿਵੇਕਲੀ ਹੋਂਦ ਤੇ ਪਛਾਣ ਹੁੰਦੀ ਹੈ। ਪਰ ਹਰ ਸਭਿਆਚਾਰ ਦੇ ਮੁੱਖ ਅੰਗ ਸਾਂਝੇ ਹੁੰਦੇ ਹਨ। ਜੋ ਮਨੁੱਖੀ ਸਮਾਜ ਨੂੰ ਇਕਸਾਰਤਾ ਪ੍ਰਧਾਨ ਕਰਦੇ ਹਨ।

**(ਘ) ਸਭਿਆਚਾਰ ਵਿਚ ਵੰਨ-ਸੁਵੰਨਤਾ**

ਹਰ ਸਭਿਆਚਾਰ ਵਿਚ ਕੁੱਝ ਪੈਟਰਨ ਸਰਵ ਸਾਂਝੇ ਹੋਣ ਦੇ ਬਾਵਜੂਦ ਵੀ ਵਖਰੇਵਾਂ ਰੱਖਦੇ ਹਨ। ਇਸ ਵੰਨ - ਸੁਵੰਨਤਾ ਦੇ ਆਰਥਿਕ, ਭੂਗੋਲਿਕ, ਰਾਜਨੀਤਿਕ, ਅੰਦਰੂਨੀ ਤੇ ਬਾਹਰੀ ਕਾਰਨ ਵੀ ਹੋ ਸਕਦੇ ਹਨ। ਇਹ ਵੰਨ-ਸੁਵੰਨਤਾ ਮਨੁੱਖੀ ਸਮਾਜ ਦਾ ਹੀ ਵਰਤਾਰਾ ਹੈ। ਬਾਕੀ ਜੀਵ ਜੰਤੂਆਂ ਵਿਚ ਇਕਸਾਰਤਾ ਹੁੰਦੀ ਹੈ ।

"ਮਧੂ - ਮੱਖੀਆਂ ਆਪਣਾ ਛੱਤਾ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਤੋਂ ਜਿਵੇਂ ਬਣਾਉਦੀਆਂ ਆ ਰਹੀਆਂ ਹਨ, ਉਵੇਂ ਹੀ ਅੱਜ ਵੀ ਬਣਾਉਂਦੀਆਂ ਹਨ। ਜਿੱਥੇ ਕਿਤੇ ਵੀ ਮਧੂ - ਮੱਖੀਆਂ ਦੀ ਨਸਲ ਹੋਵੇਗੀ ਹਰ ਥਾਂ ਛੱਤਾ ਬਣਾਉਣ ਦਾ ਅਮਲ ਵੀ ਇਕੋ ਜਿਹਾ ਹੀ ਹੋਵੇਗਾ।"[37]ਇਹਨਾਂ ਜੀਵ ਜੰਤੂਆਂ ਤੇ ਪਸ਼ੂ ਪੰਛੀਆਂ ਵਿਚ ਵੰਨ - ਸੁਵੰਨਤਾ ਵਰਗੀ ਬਿਰਧੀ ਨਹੀਂ ਹੁੰਦੀ। ਇਸੇ ਤਰ੍ਹਾਂ ਹੀ ਹਰ ਸਮਾਜ ਵਿਚ ਔਰਤ ਮਰਦ ਦੇ ਸੰਬੰਧ, ਰਿਸ਼ਤਾ ਪ੍ਰਣਾਲੀ ਅਤੇ ਆਰਥਿਕਤਾ ਨੂੰ ਕਮਾਉਣ ਦੇ ਢੰਗ ਵੱਖਰੇ - ਵੱਖਰੇ ਹੋਣਗੇ।

"ਕਿਸੇ ਵੀ ਮਨੁੱਖੀ ਸਮਾਜ ਦੇ ਆਦਰਸ਼ ਦੂਜੇ ਸਮਾਜ ਉੱਤੇ ਲਾਗੂ ਨਹੀ ਕੀਤੇ ਜਾ ਸਕਦੇ ਕਿਉਂਕਿ ਹਰ ਸਮਾਜ ਦੀਆਂ ਪ੍ਰਥਾਵਾਂ, ਪ੍ਰੰਪਰਾਵਾਂ, ਰਹਿਣ - ਸਹਿਣ ਦਾ ਢੰਗ, ਖਾਣ - ਪੀਣ ਅਤੇ ਭਾਸ਼ਾ ਵੱਖਰੀ ਹੁੰਦੀ ਹੈ।"[38]ਕਿਸੇ ਇਕ ਸਮਾਜ, ਦੇਸ਼, ਖੇਤਰ ਤੇ ਕੌਮ ਦਾ ਸਭਿਆਚਾਰ ਹਮੇਸ਼ਾ ਹੀ ਦੂਸਰੇ ਸਮਾਜ, ਦੇਸ਼, ਖੇਤਰ ਕੌਮ ਤੋਂ ਵੱਖਰੇਵਾ ਰੱਖਦਾ ਹੈ।

## ਸਭਿਆਚਾਰ ਦੇ ਅੰਗ

ਸਭਿਆਚਾਰ ਅਜਿਹਾ ਮਨੁੱਖੀ ਵਰਤਾਰਾ ਹੈ ਜਿਸਦੇ ਅੰਗ ਬੇਅੰਤ ਹਨ। ਅਸੀਂ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਉਹ ਸਾਰੇ ਕਾਰਜ ਜੋ ਮਨੁੱਖ ਨੇ ਪ੍ਰਕਿਰਤੀ ਜਾਂ ਪਸ਼ੂ ਬਿਰਤੀ ਤੋਂ ਵੱਖਰੇ ਹੋ ਕੇ ਕੀਤੇ ਉਹਨਾਂ ਨੇ ਹੀ ਸਭਿਆਚਾਰਕ ਅੰਗਾਂ ਦਾ ਰੂਪ ਅਖ਼ਤਿਆਰ ਕਰ ਲਿਆ ਹੈ। ਹਰ ਸਭਿਆਚਾਰ ਦੇ ਮੁੱਢਲੇ ਤੇ ਨਿਖੜਵੇਂ ਅੰਗ ਹੁੰਦੇ ਹਨ। ਇਹ ਅੰਗ ਹੀ ਸਭਿਆਚਾਰਕ ਵਖਰੇਵੇਂ ਦਾ ਕਾਰਨ ਬਣਦੇ ਹਨ। ਇਹਨਾਂ ਸਭਿਆਚਾਰਕ ਅੰਗਾਂ ਦਾ ਅਧਿਐਨ ਹੀ ਸਮੁੱਚੇ ਸਭਿਆਚਾਰਕ ਅਤੇ ਕਿਸੇ ਵੀ ਵਿਸ਼ੇਸ ਸਭਿਆਚਾਰਕ ਖਿੱਤੇ ਨੂੰ ਸਮਝਣ ਲਈ ਜ਼ਰੂਰੀ ਮੰਨਿਆ ਗਿਆ ਹੈ।

**ਲੈਸਟਾਇਨ ਏ. ਵਾਈਟ ਨੇ,** "ਸਭਿਆਚਾਰ ਨੂੰ ਚਾਰ ਮੁੱਖ ਅੰਗਾਂ ਵਿਚ ਵੰਡਿਆਂ ਹੈ।"[39]ਕੁੱਝ ਹੋਰ ਵਿਦਵਾਨਾਂ ਨੇ ਜਿਵੇਂ ਬੀਲਜ਼ (ਰਾਲਫ਼ ਅਤੇ ਐਲਨ ) ਅਤੇ ਹੋਯਰ ਨੇ ਸਭਿਆਚਾਰ ਸਿਸਟਮ ਦੇ ਪੰਜ ਮੁੱਖ ਅੰਗ ਮੰਨੇ ਹਨ; "1. ਮਨੁੱਖੀ ਸਮੂਹ (ਗਰੁੱਪ) 2. ਮਾਹੌਲ 3. ਪਦਾਰਥਕ ਸਭਿਆਚਾਰ 4. ਸਭਿਆਚਾਰਕਪਰੰਪਰਾਵਾਂ 5. ਮਨੁਖੀ ਵਿਹਾਰ।"[40]ਸਭਿਆਚਾਰ ਜਾਂ ਕੋਈ ਵੀ ਮਨੁੱਖੀ ਸਮਾਜ ਕਈ ਉਪ - ਅੰਗਾਂ ਵਿਚ ਵੰਡਿਆ ਹੋਇਆ ਹੈ। ਇਹ ਉਪ - ਅੰਗ ਇਕ ਦੂਜੇ ਨਾਲ ਕਿਸੇ ਨਾਲ ਕਿਸੇ ਰੂਪ ਵਿਚ ਅੰਤਰ ਸਬੰਧਿਤ ਹੁੰਦੇ ਹਨ, ਤੇ ਇਕ ਦੂਸਰੇ ਨੂੰ ਪ੍ਰਭਾਵਿਤ ਵੀ ਕਰਦੇ ਹਨ।

**ਜਾਹਨ ਜੇ. ਹਾਨਿਗਮ ਭਾਸ਼ਾ ਦੀ ਉਦਾਹਰਨ ਦੇ ਕੇ ਕਹਿੰਦਾ ਹੈ ਕਿ**, "ਸਭਿਆਚਾਰ ਇਕ ਐਸਾ ਸਿਸਟਮ ਹੈ ਜਿਸ ਦੇ ਭਾਗ ਵੱਖੋ - ਵੱਖਰੀ ਮਾਤਰਾ ਵਿਚ ਸਵੈ ਧੀਨ ਹੁੰਦੇ ਹਨ।"[41]

**ਇਨਸਾਈਕਲੋਪੀਡੀਆ ਆਫ਼ਸੋਸ਼ਲ ਸਾਇੰਸਜ ਦੇ ਅਨੁਸਾਰ**, "ਸਭਿਆਚਾਰ ਦੋ ਮੁੱਖ ਵਸਤਾਂ ਦਾ ਇਕ ਸੰਗ੍ਰਹਿ (a body of artifacts) ਅਤੇ ਸੰਸਕਾਰਾਂ ਦਾ ਇਕ ਪ੍ਰਬੰਧ (a system of customs) ਹੈ।"[42]**ਡਾ.ਗੁਰਬਖ਼ਸ ਸਿੰਘ ਫਰੈਂਕ ਅਨੁਸਾਰ**, "ਸਭਿਆਚਾਰ ਦੇ ਮੁੱਖ ਤਿੰਨ ਅੰਗ ਪ੍ਰਤਿਮਾਨਕ ਸਭਿਆਚਾਰ, ਪਦਾਰਥਕ ਸਭਿਆਚਾਰ ਅਤੇ ਬੋਧਾਤਮਕ ਸਭਿਆਚਾਰ ਹਨ।"[43]ਇਹ ਅੰਗ ਹਰ ਸਭਿਆਚਾਰ ਵਿਚ ਸਮਾਨ ਰੂਪ ਵਿ ਪਾਏ ਜਾਂਦੇ ਹਨ।

**ਬਲਵੀਰ ਸਿੰਘ ਪੂਨੀ ਦੇ ਅਨੁਸਾਰ**, "ਵਿਅਕਤੀ ਭਾਵੇਂ ਕਿਸੇ ਥਾਂ ਵੀ ਰਹਿੰਦਾ ਹੋਵੇ ਉਸ ਦੀਆਂ ਮੂਲ ਲੋੜਾਂ ਸਾਂਝੀਆ ਹੁੰਦੀਆਂਹਨ। ਕੁੱਲੀ, ਗੁੱਲੀ ਅਤੇ ਜੁੱਲੀ ਦੀ ਲੋੜ ਸਰਬ ਮਨੁੱਖਾਂ ਦੀ ਲੋੜ ਹੁੰਦੀ ਹੈ। ਹਰ ਮਨੁੱਖ ਆਪਣੇ ਸਭਿਆਚਾਰ ਅਨੁਸਾਰ ਇਹਨਾਂ ਦੀ ਪੂਰਤੀ ਕਰਦਾ ਹੈ। ਸੰਸਾਰ ਦੇ ਵੱਖੋ - ਵੱਖਰੇ ਸਭਿਆਚਾਰਾ ਦੇ ਮੁੱਖ ਅੰਗ ਲਗਭਗ ਇਕੋ ਜਿਹੇ ਹੁੰਦੇ ਹਨ।"[44]

**ਡਾ. ਜਸਵਿੰਦਰ ਸਿੰਘ ਨੇ ਸਭਿਆਚਾਰ ਨੂੰ ਚਾਰ ਮੁੱਖ ਵਰਗਾਂ ਵਿਚ ਵੰਡਿਆ ਹੈ** ਉਹਨਾਂ ਦੇ ਅਨੁਸਾਰ, "ਸਭਿਆਚਾਰ ਦੇ ਚਾਰ ਮੁੱਖ ਅਤੇ ਅਗੋਂ ਹਰੇਕ ਵਰਗ ਦੇ ਵਿਭਿੰਨ ਅੰਗਾਂ ਦਾ ਵਰਗੀਕਰਣ ਸੰਭਵ ਹੈ; ਅਸੀਂ ਸਭਿਆਚਾਰ ਦੇ ਉਨ੍ਹਾਂ ਅੰਗਾਂ ਦੇ ਸਰੂਪ, ਤੱਤਾਂ, ਅਤੇ ਲੱਛਣਾਂ ਨੂੰ ਮੁੱਖ ਵਰਗਾਂ ਵਿਚ ਵਿਚਾਰ ਸਕਦੇ ਹਨ।"[45]

ਡਾ. ਜਸਵਿੰਦਰ ਸਿੰਘ ਨੇ ਸਭਿਆਚਾਰ ਦੇ ਅੰਗਾਂ ਨੂੰ ਅੱਗੋਂ ਉੱਪ ਭਾਗਾਂ ਵਿਚ ਵੰਡਿਆ ਹੈ:-

1.ਨਿਰਮਾਣਕਾਰੀ ਅੰਗ

I. ਭੂਗੋਲਿਕ ਖਿੱਤਾ

II. ਨਸਲੀ ਤੱਤ

III. ਸਾਂਝਾ ਵਿਰਸਾ

2. ਸੰਗਠਨਮੂਲਕ

I. ਸਭਿਆਚਾਰਕ ਸੰਸਥਾਵਾਂ

II. ਪੈਟਰਨ

III. ਕੀਮਤਾਂ ਅਤੇ ਪ੍ਰਤਿਮਾਨ

3. ਸੁਹਜ – ਪ੍ਰਕਾਰਜਮੂਲਕ

I. ਆਹਾਰ: ਚੋਣ ਤੇ ਵਿਧੀ

II. ਵਿਵਹਾਰ: ਸਦਾਚਾਰ, ਲੋਕਾਚਾਰ, ਅਤੇ ਦੁਰਾਚਾਰ

III. ਪਹਿਰਾਵਾਤੇ ਸ਼ਿੰਗਾਰ

IV. ਵਸੇਬਾ: ਘਰ, ਮਕਾਨ, ਅਤੇ ਚੌਗਿਰਦਾ

I. ਰੀਤੀ – ਰਿਵਾਜ ਤੇ ਲੋਕ – ਵਿਸ਼ਵਾਸ 2. ਟੋਟਮ ਤੇ ਟੈਬੂ

II. ਹੋਰ ਵਿਭਿੰਨ ਅੰਗ...

4. ਸੁਹਜ ਸੰਚਾਰਮੂਲਕ ਸੰਚਾਰ – ਵਸੀਲੇ

I. ਭਾਸ਼ਾਈ: ਆਮ ਸੰਚਾਰ ਅਤੇ ਕਲਾਤਮਕ ਸੰਚਾਰ

II. ਗ਼ੈਰ – ਭਾਸ਼ਾਈ: ਸੰਗੀਤ, ਨ੍ਰਿਤ, ਨਾਟਕ, ਫਿਲਮਾਂ, ਬੁਤਕਲਾ, ਚਿਤਰਕਾਰੀ, ਚਿੰਨ ਪ੍ਰਬੰਧ

**1. ਨਿਰਮਾਣਕਾਰੀ ਅੰਗ**

**(ੳ) ਭੂਗੋਲਿਕ ਖਿੱਤਾ**

ਨਿਰਮਾਣਕਾਰੀ ਅੰਗਾਂ ਵਿਚ ਕਿਸੇ ਵੀ ਭੂਗੋਲਿਕ ਖਿੱਤੇ ਦੀ ਵਿਸ਼ੇਸ ਮਹੱਤਤਾ ਹੈ। ਕੋਈ ਵੀ ਸਭਿਆਚਾਰ ਆਪਣੇ ਭੂਗੋਲਿਕ ਖਿੱਤੇ ਕਾਰਨ ਹੀ ਆਪਣੀ ਵੱਖਰੀ ਹੋਂਦ ਬਣਾਉਂਦਾ ਹੈ। ਕਿਸੇ ਵੀ ਸਭਿਆਚਾਰ ਦੇ ਲੋਕ ਜੇਕਰ ਕਿਸੇ ਕਾਰਨ ਵੱਸ ਪੈਣ ਤੇ ਕਿਸੇ ਹੋਰ ਸਭਿਆਚਾਰ ਖੇਤਰ ਵਿਚ ਪ੍ਰਵੇਸ਼ ਵੀ ਕਰ ਜਾਂਦੇ ਹਨ, ਪਰ ਫਿਰ ਵੀ ਉਹ ਆਪਣੇ ਸਭਿਆਚਾਰਕ ਪਹਿਚਾਣ ਲਈ ਯਤਨਸ਼ੀਲ ਰਹਿੰਦੇ ਹਨ।

**ਹਿਸਟਰੀ ਆੱਫ ਸਿਵਲਾਈਜੇਸ਼ਨ ਇਨ ਇਗਲੈਂਡ ਵਿਚ ਲਿਖਦਿਆਂ ਬਕਲ ਨੇ ਕਿਹਾ ਹੈ**, "ਸਭਿਆਚਾਰ ਉੱਤੇ ਭੂਗੋਲਿਕ ਤੱਤਾਂ ਦਾ ਸਭ ਤੋਂ ਵੱਧ ਪ੍ਰਭਾਵ ਪੈਂਦਾ ਹੈ।"[46]ਜਿਹੜੇ ਲੋਕ ਭੂਗੋਲਿਕ ਪਰਸਥਿਤੀਆਂ ਦੇ ਪ੍ਰਭਾਵ ਤੋਂ ਮੁਕਤ ਰਹਿੰਦੇ ਹਨ ਉਹ ਜਿੱਥੇ ਵੀ ਜਾਂਦੇ ਹਨ ਉੱਥੋਂ ਦਾ ਹੀ ਸਭਿਆਚਾਰ ਅਪਣਾ ਲੈਂਦੇ ਹਨ। ਅਜਿਹਾ ਕਬੀਲਿਆ ਵਿਚ ਮਿਲਦਾ ਹੈ।

**ਕਿੰਗਜ਼ਲੇ ਡੇਵਿਸ ਅਨੁਸਾਰ,** "ਜਲਵਾਯੂ ਦੇ ਦ੍ਰਿਸ਼ਟੀਕੋਣ ਤੋਂ ਯੂਰਪ ਵਿਚ ਪਿਛਲੀਆਂ ਪੰਜ ਸਦੀਆਂ ਵਿਚ ਕੋਈ ਤਬਦੀਲੀ ਨਹੀ ਆਈ, ਜਦੋਂ ਕਿ ਉਦਯੋਗਿਕ ਕ੍ਰਾਂਤੀ ਨੇ ਸਮਾਜਕ ਪ੍ਰਣਾਲੀ ਦੀ ਰੂਪ ਰੇਖਾ ਬਦਲ ਦਿੱਤੀ ਹੈ।"[47]ਪੰਜਾਬ ਦੀ ਭੂਗੋਲਿਕ ਸਥਿਤੀ ਕਰਕੇ ਹੀ ਪੰਜਾਬੀਆਂ ਨੂੰ ਹਮੇਸ਼ਾ ਹੀ ਹਮਲਾਵਾਰਾਂ ਦੀ ਲੁੱਟ ਦਾ ਸ਼ਿਕਾਰ ਹੋਣਾ ਪਿਆ ਹੈ 'ਪੰਜਾਬ ਦੇ ਜੰਮਿਆ ਨੂੰ ਨਿੱਤ ਮੁਹਿੰਮਾ' ਦੇ ਅਖਾਣ ਅਨੁਸਾਰ ਪੰਜਾਬੀ ਵਿਚ ਬਹਾਦਰੀ ਤੇ ਸਾਹਸ ਦੇ ਗੁਣ ਵਿਦਮਾਨ ਹਨ। ਵਿਦੇਸ਼ੀ ਹਮਲਾਵਾਰਾਂ ਕਾਰਨ ਹੀ ਪੰਜਾਬੀਆਂ ਲਈ 'ਖਾਧਾ ਪੀਤਾ ਲਾਏ ਦਾ ਤੇ ਰਹਿੰਦਾ ਅਹਿਮਦ ਸ਼ਾਹੇ ਦਾ' ਵਰਗੇ ਲੋਕ - ਕਥਨ ਪ੍ਰਚੱਲਿਤ ਹਨ। ਇਹ ਭੂਗੋਲਿਕ ਹਾਲਾਤ ਹੀ ਪੰਜਾਬ ਨੂੰ ਸਭਿਆਚਾਰਕ ਵਿੱਲਖਣਾ ਪ੍ਰਦਾਨ ਕਰਦੇ ਹਨ।

**(ਅ) ਨਸਲੀ ਤੱਤ**

ਸਭਿਆਚਾਰ ਦੇ ਨਿਰਮਾਣਕਾਰੀ ਅੰਗਾਂ ਵਿਚ ਨਸਲੀ ਤੱਤ ਵੀ ਮਹੱਤਤਾ ਦੇ ਧਾਰਨੀ ਹਨ।ਕਿਸੇ ਵੀ ਸਮਾਜਿਕ ਸਭਿਆਚਾਰ ਦੀ ਪਹਿਚਾਣ ਲਈ ਮਨੁੱਖ ਦੀ ਨਸਲੀ ਵਿਰਾਸਤ ਦੇਖੀ ਜਾ ਸਕਦੀ ਹੈ। ਅਸੀਂ ਕਿਸੇ ਵੀ ਸਮੂਹ, ਖੇਤਰ ਜਾਂ ਖਿੱਤੇ ਦੀ ਪਹਿਚਾਣ ਉਸ ਸਮੂਹ ਜਾਂ ਖੇਤਰ ਦੀ ਸਮੁੱਚੀ ਬਣਤਰ ਅਤੇ ਨਸਲੀ ਪਿਛੋਕੜ ਨੂੰ ਧਿਆਨ ਗੋਚਰ ਕਰਦੇ ਹਾਂ। ਵਿਸ਼ਵ ਦੇ ਸਾਰੇ ਸਭਿਆਚਾਰਕ ਸਮਾਜਾਂ ਵਿਚ ਵਖਰੇਵਾਂ ਵੇਖਣ ਨੂੰ ਮਿਲਦਾ ਹੈ ਵਾਲ, ਕੱਦ, ਰੰਗ, ਬੋਲੀ, ਮੱਥਾ, ਅੱਖਾਂ ਸਰੀਰ ਦੇ ਅੰਗ ਜਿੱਥੇ ਮਨੁੱਖ ਦੀ ਨਸਲ ਬਾਰੇ ਜਾਣਕਾਰੀ ਦਿੰਦੇ ਹਨ ਉੱਥੇ ਹੀ ਓਥੋਂ ਦੇ ਸਭਿਆਚਾਰ ਪਹਿਚਾਣ ਵੀ ਕਰਵਾਉਂਦੇ ਹਨ।

**ਸਾਂਝਾ ਵਿਰਸਾ**

ਸਾਂਝਾ ਵਿਰਸਾ ਨਿਰਮਾਣਕਾਰੀ ਅੰਗਾਂ ਵਿਚ ਅਹਿਮ ਭੂਮਿਕਾ ਰੱਖਦਾ ਹੈ। ਸਾਝੇ ਵਿਰਸੇ ਵਿਚ ਮਨੁੱਖੀ ਵਿਹਾਰ ਦੇ ਆਪਸੀ ਸਾਂਝ ਰੱਖਣ ਵਾਲੇ ਪੱਖਾਂ ਨੂੰ ਵਿਚਾਰਿਆ ਜਾਂਦਾ ਹੈ।

**(ਭ) ਸੰਗਠਨਮੂਲਕ ਅੰਗ**

**(ੳ) ਸਭਿਆਚਾਰਕ ਸੰਸਥਾਵਾਂ**

ਸਭਿਆਚਾਰ ਦੀ ਸਿਰਜਣਾ ਵਿਚ ਕੁੱਝ ਅਜਿਹੇ ਅੰਗ ਵੀ ਆਉਂਦੇ ਹਨ ਜਿਨ੍ਹਾਂ ਨੂੰ ਸੰਗਠਨਮੂਲਕ ਅੰਗ ਕਿਹਾ ਜਾਂਦਾ ਹੈ। ਇਹ ਅੰਗ ਹੀ ਸਭਿਆਚਾਰ ਦਾ ਆਧਾਰ ਹੁੰਦੇ ਹਨ। ਜੇਕਰ ਇਹਨਾਂ ਨੂੰ ਸਭਿਆਚਾਰਕ ਸੰਸਥਾਵਾਂ ਦੇ ਰੂਪ ਵਿਚ ਦੇਖਿਆ ਜਾਵੇ ਤਾਂ ਇਹ ਮਾਨਵ ਸਮੂਹ ਦੀਆਂ ਅਜਿਹੀਆਂ ਸੰਸਥਾਵਾਂ ਹਨ ਜਿਹੜੀਆਂ ਸਭਿਆਚਾਰ ਦਾ ਸੰਪੂਰਨ ਖੇਤਰ ਬਣਦੀਆਂ ਹਨ।

**ਡਾ. ਜਸਵਿੰਦਰ ਸਿੰਘ ਦੇ ਅਨੁਸਾਰ**, “ਸਭਿਆਚਾਰ ਦੀ ਇਕ ਸੁਨਿਸ਼ਚਿਤ ਪ੍ਰਬੰਧ ਵਜੋਂ ਸਿਰਜਣਾ ਦਾ ਮੂਲ ਆਧਾਰ ਸਮੂਹਕ ਜੀਵਨ ਵਿਵਹਾਰ ਵਿਚੋਂ ਸਿਰਜੀਆਂ ਵਿਉਂਤਾਂ, ਜੁਗਾੜ ਅਤੇ ਵਿਧੀਆਂ ਹਨ, ਜਿੰਨ੍ਹਾਂ ਦੇ ਇਕਾਗਰ ਸਮੁੱਚ ਨੂੰ ਵਿਸ਼ੇਸ਼ ਸੰਗਠਨ ਅਨੁਕੂਲ ਸਭਿਆਚਾਰ ਸੰਸਥਾਵਾਂ ਕਿਹਾ ਜਾਂਦਾ ਹੈ।”[48]। ਇਹ ਸੰਸਥਾਵਾਂ ਬਹੁਤ ਹਨ ਇਹ ਸੰਸਥਾਵਾਂ ਆਪਸ ਵਿਚ ਅੰਤਰ – ਸੰਬੰਧਿਤ ਹੁੰਦੀਆਂ ਹਨ।ਇਹਨਾਂ ਸਭਿਆਚਾਰਕ ਸੰਸਥਾਵਾਂ ਦਾ ਵਰਣਨ ਅੱਗੇ ਦਿੱਤੇ ਅਨੁਸਾਰ ਹੈ:-

### ਰਿਸ਼ਤਾ ਨਾਤਾ ਪ੍ਰਬੰਧ

ਪਰਿਵਾਰ ਹੀ ਸਮਾਜ ਦੀ ਇਕਾਈ ਹੁੰਦਾ ਹੈ, ਪਰਿਵਾਰ ਸਮਾਜ ਦਾ ਆਧਾਰ ਹੁੰਦਾ ਹੈ। ਰਿਸ਼ਤੇ ਨਾਤੇ ਨੂੰ ਅੰਗਰੇਜ਼ੀ ਵਿਚ ‘ਕਿਨਸ਼ਿਪ’ ਆਖਦੇ ਹਨ। ਇਹ ਸ਼ਬਦ ਵਿਸ਼ਾਲ ਅਰਥਾਂ ਦਾ ਧਾਰਨੀ ਹੈ।**ਲੇਵੀ ਸਤਰਾਸ ਅਨੁਸਾਰ**, “ਰਿਸ਼ਤੇ – ਨਾਤੇ ਦੇ ਪ੍ਰਬੰਧ ਨੂੰ ਜਿਹੜੀ ਗੱਲ ਸਭਿਆਚਾਰ ਸੁਭਾਓ ਪ੍ਰਦਾਨ ਕਰਦਾ ਹੈ। ਉਹ ਇਹ ਨਹੀ ਕਿ ਇਸ ਨੇ ਪ੍ਰਕ੍ਰਿਤੀ ਤੋਂ ਕੀ ਪ੍ਰਾਪਤ ਕੀਤਾ ਹੈ, ਸਗੋਂ ਉਹ ਵਿਸ਼ੇਸ਼ ਢੰਗ ਹੈ। ਜਿਸ ਰਾਹੀ ਉਹ ਪ੍ਰਕਿਤੀ ਤੋਂ ਆਂਪਣੇ ਆਂਪ ਨੂੰ ਵਖ਼ਰਿਆਉਂਦਾ ਹੈ।”[49]ਰਿਸ਼ਤਾ ਨਾਤਾ ਇਕ ਅਜਿਹਾ ਪ੍ਰਬੰਧ ਹੈ, ਜੋ ਮਨੁੱਖ ਨੂੰ ਸਭਿਆਚਾਰਕ ਕਦਰਾਂ ਕੀਮਤਾਂ ਵਿਚ ਵਿਚਰਨਾ ਸਿਖਾਉਂਦਾ ਹੈ। ਰਿਸ਼ਤੇ ਨਾਤੇ ਸਿਰਫ਼ ਮਨੁੱਖੀ ਸਮਾਜ ਵਿਚ ਹੀ ਮਿਲਦੇ ਹਨ, ਇਹ ਮਨੁੱਖ ਨੂੰ ਪਸ਼ੂ ਜੀਵਨ ਨਾਲੋ ਵਖਰੇਵਾ ਪ੍ਰਧਾਨ ਕਰਦੇ ਹਨ।

**ਲੇਸਿਲ ਏ. ਵਾਈਟ ਅਨੁਸਾਰ**, “ਰਿਸ਼ਤਾ ਨਾਤਾ ਇਕ ਤਕਨੀਕੀ ਸ਼ਬਦ ਹੈ, ਜਿਹੜਾ ਕੀ ਪਤੀ – ਪਤਨੀ, ਮਾਪੇ – ਬੱਚੇ ਜਾਂ ਬੱਚਿਆਂ ਵਿਚਕਾਰ ਸਬੰਧਾਂ ਵਿਚੋ ਉਤਪੰਨ ਹੋਏ ਸਮਾਜਿਕ ਰਿਸ਼ਤਿਆਂਨੂੰ ਵਿਸ਼ੇਸ਼ ਨਾਮ ਪ੍ਰਦਾਨ ਕਰਦਾ ਹੈ। ”[50]

**ਇੰਟਰਨੈਸ਼ਨਲ ਇਨਸਾਈਕਲੋਪੀਡੀਆਂ ਆਫ਼ ਸੋਸ਼ਲ ਸਾਇੰਸਜ਼ ਅਨੁਸਾਰ**, “ਰਿਸ਼ਤਾ ਨਾਤਾ ਮਨੁੱਖੀ ਸਮਾਜ ਵਿਚ ਸਰਵ – ਵਿਆਪਕ ਹੈ। ਇਸ ਲਈ ਇਹ ਵਿਵਹਾਰ ਵਿਚ ਬਾਕਾਇਦਗੀ ਅਤੇ ਸਮਾਜੀ ਗਰੁੱਪਾਂ ਦੀ ਘਾੜਤ ਵਿਚ ਮਹੱਤਪੂਰਨ ਹਿੱਸਾ ਪਾਉਂਦਾ ਹੈ।

**ਰੈਡਕਲਿਫ਼ ਬਰਾਊਨ ਅਨੁਸਾਰ,** “ਇਕ ਰਿਸ਼ਤਾ ਪ੍ਰਬੰਧ ਨੂੰ ਆਂਪਣੀ ਹੋਂਦ ਕਾਇਮ ਰੱਖਣ ਵਾਸਤੇ ਕਾਰਜ ਕਰਨਾ ਪਵੇਗਾ। ਇਸ ਨੂੰ ਸਮਾਜਿਕ ਵਰਤੋਂ ਅਨੁਸਾਰ ਮਨੁੱਖੀ ਰਿਸ਼ਤਿਆਂ ਦਾ ਵਿਵਿਧਾਜਨਕ ਅਤੇ ਕਾਰਜਾਤਮਕ ਪ੍ਰਬੰਧ ਦੇਣਾ ਪਵੇਗਾ। ”[51] ਪੰਜਾਬੀ ਰਿਸ਼ਤਾ ਪ੍ਰਬੰਧ ਵਿਚ ਪਤੀ ਪਤਨੀ, ਉਹਨਾਂ ਦੇ ਬੱਚੇ ਹੁੰਦੇ ਹਨ।

**ਡਾ. ਜੀਤ ਸਿੰਘ ਜੋਸ਼ੀ ਅਨੁਸਾਰ**, “ਮੂਲ ਪਰਿਵਾਰ ਵਿਚ ਅੱਠ ਕਿਸਮ ਦੇ ਰਿਸ਼ਤੇ ਮਿਲਦੇ ਹਨ, ਜਿਵੇਂ ਪਤੀ – ਪਤਨੀ, ਪਿਉ – ਪੁੱਤਰ, ਪਿਉ ਪੁੱਤਰ, ਪਿਉ – ਧੀ, ਮਾਂ – ਪੁੱਤਰ, ਮਾਂ – ਧੀ, ਭਰਾ – ਭਰਾ, ਭਰਾ – ਭੈਣ, ਅਤੇ ਭੈਣ – ਭੇਣ ਦਾ ਰਿਸ਼ਤਾ ਮੂਲ ਰਿਸ਼ਤਾ ਹੈ।ਸਮਾਜ ਦੀ ਬਾਕੀ ਸਾਕਾਦਾਰੀ ਇਨ੍ਹਾਂ ਸੰਬੰਧਾਂ ਉੱਪਰ ਹੀ ਉਸਰਦੀ ਹੈ। ਚਾਚੇ , ਤਾਏ ਦੀ ਸੰਤਾਨ ਪੁੱਤਰਾਂ, ਧੀਆਂ ਨੂੰ ਵੀ ਮੂਲ ਰਿਸ਼ਤੇ ਦੇ ਪੈਟਰਨ ਵਿਚ ਲਿਆ ਜਾਂਦਾ

ਹੈ। ਇਥੋਂ ਤੱਕ ਕੀ ਪਿੰਡ ਜਾਂ ਬਾਹਰ ਦੇ ਕਿਸੇ ਅਣਪਛਾਤੇ ਵਿਅਕਤੀ ਨੂੰ ਵੀ ਮੂਲ ਰਿਸ਼ਤੇ ਦੇ ਅਨੁਕੂਲ ਮੰਨਿਆਂ ਹੈ।

**ਡਾ.ਵਣਜਾਰਾ ਬੇਦੀ ਦੇ ਅਨੁਸਾਰ**, "ਦੋਵੇ ਉਸਦੇ ਜੀਵਨ ਦੀਆਂ ਦੋ ਚੂਲਾਂ ਹਨ। ਜੀਵਨ ਦੀ ਫੁੱਲਕਾਰੀ ਵਿਚ ਸਭ ਤੋਂ ਪੀਡੀ ਤੰਦ ਲਹੂ ਮਾਸ ਦੀ ਹੁੰਦੀ ਹੈ, ਜੋ ਫਿੱਕੀ ਪੈ ਜਾਵੇ ਪਰ ਜਿਉਂਦੇ ਜੀਅ ਗੱਲ ਟੁੱਟਦੀ ਨਹੀਂ। ਪੰਜਾਬੀ ਸੰਬੰਧੀਆਂ ਨਾਲ ਭਾਵੁਕ ਤੌਰ ਉੱਤੇ ਕੁੱਝ ਵਧੇਰੇ ਹੀ ਬੱਝੇ ਹੁੰਦੇ ਹਨ ਅਤੇ ਰਿਸ਼ਤੇ ਦੀ ਨਿੱਘ ਤੇ ਮਿਠਾਸ ਨੂੰ ਹੋਰਨਾਂ ਜਾਤੀਆਂ ਨਾਲੋਂ ਕੁੱਝ ਵਧੇਰੇ ਹਢਾਉਂਦੇ ਹਨ।"[53]ਇਹੀ ਲੇਖਕ ਰਿਸ਼ਤੇਦਾਰੀ ਦੀ ਮਹਾਨਤਾ ਦੱਸਦੇ ਅੱਗੇ ਲਿਖਦੇ ਹਨ ਕਿ, "ਰਿਸ਼ਤੇਦਾਰੀਆਂ ਦੀ ਭਰਪੂਰ ਫੁੱਲਵਾੜੀ ਵਿਚ ਹਰ ਤੰਦ ਦਾ ਆਪਣਾ ਨਿਵੇਕਲਾ ਸੁਹਜ ਹੋਣ ਕਰਕੇ ਉਸਦਾ ਖਾਸ ਮਹੱਹਤਵ ਹੈ।"[54]**ਰਿਸ਼ਤਾ ਪ੍ਰਣਾਲੀ ਵਿਚ ਦੋ ਪ੍ਰਕਾਰ ਦੇ ਰਿਸ਼ਤੇ 1. ਖ਼ੂਨ ਦੇ ਰਿਸ਼ਤੇ 2. ਮਨੁੱਖ ਵੱਲੋਂ ਬਣਾਏ ਗਏ ਰਿਸ਼ਤੇ।** ਰਿਸ਼ਤਾ ਪ੍ਰਣਾਲੀਬਹੁਤ ਸਾਰੇ ਸਭਿਆਚਾਰਕ ਵਿਦਵਾਨਾਂ ਨੇ ਵੀ ਰਿਸ਼ਤਿਆਂ ਦੀ ਵਰਗਵੰਡ ਬਾਰੇ ਚਾਨਣਾ ਪਾਇਆ ਹੈ। ਖ਼ੂਨ ਦੇ ਰਿਸ਼ਤਿਆਂ ਵਿਚ ਨਾਨਕੇ ਪੱਖ ਤੇ ਦਾਦਕੇ ਪੱਖ ਦੇ ਰਿਸ਼ਤੇ ਆਉਂਦੇ ਹਨ।ਇਹਨਾਂ ਵਿਚ ਨਾਨਕਾ ਪੱਖ ਨੂੰ ਵਿਸ਼ੇਸ਼ ਮਹੱਤਵ ਮਿਲਦਾ ਹੈ। ਪਰ ਬੱਚੇ ਦੀ ਗੋਤ ਤੇ ਜਾਤ ਦੀ ਪਹਿਚਾਣ ਦਾਦਕੇ ਪੱਖ ਤੋਂ ਹੀ ਹੁੰਦੀ ਹੈ। ਬਹੁਤ ਸਾਰੇ ਵਿਦਵਾਨਾਂ ਨੇ ਪੰਜਾਬੀ ਰਿਸ਼ਤਾ ਪ੍ਰਣਾਲੀ ਦੀ ਵਰਗ ਵੰਡ ਇਸ ਪ੍ਰਕਾਰ ਕੀਤੀ ਹੈ। ਰਿਸ਼ਤਾ ਪ੍ਰਣਾਲੀ -:1. **ਖ਼ੂਨ ਦੇ ਰਿਸ਼ਤੇ** 2. **ਆਪ ਸਿਰਜੇ ਰਿਸ਼ਤੇ** ।

ਖ਼ੂਨ ਦੇ ਰਿਸ਼ਤਿਆਂ ਨੂੰ ਅੱਗੇ ਨਾਨਕੇ ਪੱਖ ਦੇ ਰਿਸ਼ਤੇ ਅਤੇ ਦਾਦਕੇ ਪੱਖ ਦੇ ਰਿਸ਼ਤਿਆਂ ਵਿਚ ਵੰਡਿਆਂ ਗਿਆਂ ਹੈ। ਅਤੇ ਆਪ ਸਿਰਜਤ ਰਿਸ਼ਤਿਆਂ ਵਿਚ ਪਤੀ ਪਤਨੀ, ਧਰਮ ਭਰਾ/ ਭੈਣ, ਸਹੁਰਾ ਪਰਿਵਾਰ ਦੇ ਰਿਸ਼ਤੇ ਆਦਿ। ਪੰਜਾਬੀ ਸਭਿਆਚਾਰ ਵਿਚ ਦੋਵੇਂ ਪ੍ਰਕਾਰ ਦੇ ਰਿਸ਼ਤਿਆਂ ਨੂੰ ਜ਼ਿਆਦਾ ਮਹੱਤਤਾ ਦਿੱਤੀ ਗਈ ਹੈ। ਦੋਵਾਂ ਤਰ੍ਹਾਂ ਦੇ ਰਿਸ਼ਤੇ ਜੀਵਨ ਦੇ ਨਿਹਬਾਹ ਲਈ ਸਹਾਈ ਹੁੰਦੇ ਹਨ। ਪੰਜਾਬੀ ਸਭਿਆਚਾਰ ਵਿਚ ਪਤੀ ਪਤਨੀ ਹੀ ਰਿਸ਼ਤਾ ਪ੍ਰਣਾਲੀ ਦਾ ਅਸਲੀ ਆਧਾਰ ਹੁੰਦੇ ਹਨ। ਪਤੀ ਪਤਨੀ ਵਿਆਹ ਦੇ ਬੰਧਨ ਵਿਚ ਬੱਝ ਕੇ ਹੀ ਸੰਪੂਰਨ ਪਰਿਵਾਰ ਬਣਾਉਣ ਲਈ ਬੱਚੇ ਪੈਦਾ ਕਰਦੇ ਹਨ। ਪਤੀ ਪਤਨੀ ਹੀ ਰਿਸ਼ਤਿਆਂ ਦੇ ਮੋਢੀ ਕਹਾਉਂਦੇ ਹਨ ।

ਨਾਨਕੇ ਤੇ ਦਾਦਕੇ ਪਰਿਵਾਰ ਦੀ ਮਹੱਹਤਾ ਦੱਸਦੇ **ਵਣਜਾਰਾ ਬੇਦੀ ਲਿਖਦੇ ਹਨ**, "ਇਹ ਦੋ ਅਜਿਹੀਆਂ ਫੁੱਲਵਾੜੀਆਂ ਹਨ ਜਿਨ੍ਹਾਂ ਦਾ ਆਪੋ ਆਪਣਾ ਰਸ ਤੇ ਸੁਆਦ ਹੈ, ਇਕ ਦੇ ਫੁੱਲ਼ ਤੇ ਮਹਿਕ ਦੂਜੀ ਵਿਚ ਨਹੀਂ ਮਿਲਦੀ , ਇਕ ਫੁੱਲ਼ਵਾੜੀ ਦਾ ਰਸ ਪੀ ਕੇ ਜਦੋਂ ਬੱਚਾ ਰੱਜ ਜਾਂਦਾ ਹੈ ਤਾਂ ਦੂਜੀ ਲਈ ਸਹਿਕਦਾ ਹੈ।"[55]ਨਾਨਕੇ ਘਰ ਵਿਚ ਮਾਂ ਦਾ ਪਿਤਾ ਨਾਨਾ, ਮਾਂ ਦੀ ਮਾਂ ਨਾਨੀ, ਮਾਂ ਦਾ ਭਰਾ ਮਾਮਾ, ਮਾਂ ਦੀ ਭੈਣ ਮਾਸੀ ਅਖਵਾਉਂਦੇ ਹਨ। ਮਾਸੀ ਮਾਂ ਦਾ ਰੂਪ ਹੁੰਦੀ ਹੈ।ਨਾਨਕੇ ਪਰਿਵਾਰ ਦਾ ਬਹੁਤ ਮਹੱਤਵਪੂਰਨ ਸਥਾਨ ਹੁੰਦਾ ਹੈ ਜਿਵੇਂ ਨਾਨਕੇ ਪਰਿਵਾਰ ਵਲੋਂ ਹੀ ਵਿਆਹ ਵਾਲੀ ਕੁੜੀ ਨੂੰ ਚੂੜਾ ਚੜਾਇਆਂ ਜਾਂਦਾ ਹੈ, ਖਾਰੇ ਤੋਂ ਵੀ ਮਾਮਾ ਹੀ ਉਤਾਰਦਾ ਹੈ ਅਤੇ ਨਾਨਕੀ ਛੱਕ ਜੋ ਵਿਆਹ ਵੇਲੇ ਕੁੜੀ ਲਈਆਂ ਸੋਗਾਤਾਂ ਲਿਆਇਆਂ ਜਾਂਦੀਆਂ ਹਨ ਨਾਨਕੇ ਪਰਿਵਾਰ ਵੱਲੋਂ ਹੀ ਸਾਰਾ ਪ੍ਰਬੰਧ ਕੀਤੀ ਜਾਂਦਾ ਹੈ। ਲਗਭਗ ਵਿਆਹ ਦੇ ਸਾਰੇ ਕਾਰਜ ਮਾਪਿਆਂ ਵੱਲੋਂ ਹੀ ਸਿਰੇ ਚਾੜ੍ਹੇ ਜਾਂਦੇ ਹਨ।

ਬੱਚੇ ਦਾ ਲਗਾਉਂ ਵੀ ਨਾਨਕਿਆਂ ਨਾਲ਼ ਵਧੇਰੇ ਹੁੰਦਾ ਹੈ। ਉਹ ਛੁੱਟੀਆਂ ਆਦਿ ਵੇਲੇ ਵੀ ਨਾਨਕਿਆਂ ਘਰ ਜਾਣਾ ਪਸੰਦ ਕਰਦੇ ਹਨ।

**ਡਾ. ਜੀਤ ਸਿੰਘ ਜੋਸ਼ੀ ਦੇ ਅਨੁਸਾਰ**, "ਨਾਨਕੇ ਪਰਿਵਾਰ ਵਿਚ ਮਾਂ ਦੀ ਆਂਦਰ ਦਾ ਨਿੱਘ ਹੁੰਦਾ ਹੈ। ਨਾਨੀ ਲਈ 'ਦੋਹਤਰਾ' ਪੋਤਰੇ ਨਾਲ਼ੋ ਵਧੇਰੇ ਪਿਆਰਾ ਹੁੰਦਾ ਹੈ।( ਭਾਵੇਂ ਦੋਹਤਰਾ ਹਰਾਮਖੋਰ ਹੀ ਹੋਵੇ) ਬੱਚੇ ਦੇ ਮਨ ਵਿਚ ਹਮੇਸ਼ਾ ਨਾਨਕਿਆਂ ਦੀ ਤਾਂਘ ਹੁੰਦੀ ਹੈ।

"ਨਾਨਕੇ ਘਰ ਜਾਂਵਾਗੇ

ਲੱਡੂ ਪੇੜੇ ਖਾਵਾਂਗੇ

ਮੋਟੇ ਹੋਕੇ ਆਵਾਂਗੇ।"[56]ਦਾਦਕੇ ਪੱਖ ਦੇ ਰਿਸ਼ਤੇ ਵੀ ਪਿਆਰ ਤੇ ਨਿੱਘ ਨਾਲ਼ ਭਰੇ ਹੁੰਦੇ ਹਨ।

**ਜੀਤ ਸਿੰਘ ਜੋਸ਼ੀ ਦੇ ਅਨੁਸਾਰ**, "ਬੱਚੇ ਦੀਆਂ ਰਗਾਂ ਵਿਚ ਪਿਤਾ ਦਾ ਖ਼ੂਨ ਹੁੰਦਾ ਹੈ। ਉਹ ਦਾਦਕੀ ਰੂੜੀ ਵਿਚ ਪਲ਼ਦਾ , ਵੱਧਦਾ, ਫੁੱਲ਼ਦਾ ਅਤੇ ਪ੍ਰਵਾਨ ਚੜ੍ਹਦਾ ਹੈ। ਦਾਦੇ ਲਾਹੀ ਮਿੱਟੀ ਵਿਚ ਉਸਦੇ ਵਡੇਰਿਆਂ ਦੀ ਰੂਹ ਹੁੰਦੀ ਹੈ। ਪਿਤਾ ਪੁਰਖੀ ਧੰਦੇ ਅਤੇ ਰਸਮ ਰਿਵਾਜ ਉਹ ਸਹਿਜੇ ਹੀ ਗ੍ਰਹਿਣ ਕਰ ਲੈਂਦਾ ਹੈ।"[57]

ਦਾਦਕੇ ਦੀ ਰਿਸ਼ਤਾ ਪ੍ਰਣਾਲੀ ਵਿਚ ਪਿਤਾ ਦਾ ਪਿਤਾ ਦਾਦਾ, ਪਿਤਾ ਦੀ ਮਾਂ ਦਾਦੀ, ਪਿਤਾ ਦਾ ਭਰਾ ਚਾਚਾ/ ਤਾਇਆ ਅਤੇ ਭੈਣ ਭੂਆ ਹੁੰਦੀ ਹੈ। ਇਹਨਾਂ ਰਿਸ਼ਤਿਆਂ ਤੋਂ ਬਿਨਾਂ ਰਿਸ਼ਤਾ ਪ੍ਰਣਾਲੀ ਵਿਚ ਜੀਜਾ ਸਾਲੀ, ਭਾਬੀ, ਦਿਉਰ, ਜੇਠ, ਜੇਠਾਣੀ/ ਦਰਾਣੀ ਆਦਿ ਰਿਸ਼ਤੇ ਵੀ ਆਉਂਦੇ ਹਨ । ਇਹਨਾਂ ਰਿਸ਼ਤਿਆਂ ਵਿਚ ਹਾਸ ਵਿਅੰਗ ਦੀ ਪ੍ਰਧਾਨਤਾ ਹੁੰਦੀਂ ਹੈ।ਦਿਉਰ ਤੇ ਭਰਜਾਈ ਦਾ ਰਿਸ਼ਤਾ ਚੋਲ – ਮੋਲ਼ ਵਾਲ਼ਾ ਹੁੰਦਾ ਹੈ। ਜਿਵੇਂ

"ਕਾਲ਼ਾ ਡੋਰੀਆਂ ਕੁੰਡੇ ਨਾਲ਼ ਅੜਿਆਂ ਈ ਉਏ

ਕਿ ਛੋਟਾ ਦੇਵਰਾ ਭਾਬੀ ਨਾਲ਼ ਲੜਿਆਂ ਈ ਉਏ"[58]

ਭੈਣ ਭਰਾ ਦਾ ਰਿਸ਼ਤਾ ਪੰਜਾਬੀ ਸਭਿਆਚਾਰ ਵਿਚ ਪਵਿੱਤਰਤਾ ਦਾ ਪ੍ਰਤੀਕ ਹੈ। ਇਹ ਮੋਹ ਤੇ ਵਿਸ਼ਵਾਸ ਭਰਪੂਰ ਰਿਸ਼ਤਾ ਹੈ। ਭੈਣ ਭਰਾ ਦਾ ਰਿਸ਼ਤਾ ਬਾਕੀ ਰਿਸ਼ਤਿਆਂ ਨਾਲੋਂ ਗੂੜਾ ਤੇ ਲੰਬੇ ਸਾਥ ਵਾਲ਼ਾ ਹੁੰਦਾ ਹੈ। ਬਚਪਨ ਵਿਚ ਇਕੋ ਵਿਹੜੇ ਵਿਚ ਖੇਡੇ ਭੈਣ ਭਰਾ ਮੋਹ ਦੀਆਂ ਤੰਦਾਂ ਵਿਚ ਗੁੰਦੇ ਜਾਂਦੇ ਹਨ। ਭੈਣ ਜੇ ਵੱਡੀ ਹੁੰਦੀ ਹੈ ਤਾਂ ਉਹ ਭਰਾ ਦੇ ਜਨਮ ਤੇ ਸਭ ਤੋਂ ਵੱਧ ਖੁਸ਼ ਹੁੰਦੀ ਹੈ। ਵੀਰ ਦੇ ਵਿਆਹ ਸਮੇਂ ਵੀ ਭੈਣ ਸਭ ਤੋਂ ਵੱਧ ਖੁਸ਼ ਹੁੰਦੀ ਹੈ। ਇਸ ਮੌਕੇ ਓੱਤੇ ਭੈਣ ਘੋੜੀ ਦੀਆਂ ਵਾਗਾਂ ਗੁੰਦਣ ਵਿਚ ਵੀ ਸਭ ਤੋਂ ਅੱਗੇ ਹੁੰਦੀ ਹੈ।

" ਵੇ ਵੀਰਾ ਨੀਲੀ ਨੀਲੀ ਘੋੜੀ ਸਰਵਣ ਵੀਰ ਚੜ੍ਹੇ

ਨੀਲੀ ਨੀਲੀ ਘੋੜੀ ਸਰਵਣ ਵੀਰ ਚੜ੍ਹੇ

ਵੇ ਵੀਰਾ ਪੀਲ਼ੀ ਪੀਲ਼ੀ ਦਾਲ਼ ਤੇਰੀ ਘੋੜੀ ਚਰੇ।

ਪੀਲ਼ੀ ਪੀਲ਼ੀ ਦਾਲ਼ ਤੇਰੀ ਘੋੜੀ ਚਰੇ।

ਵੇ ਵੀਰਾ ਭੈਣ ਸੁਹਾਗਣ ਘੋੜੀ ਦੀ ਵਾਂਗ ਗੁੰਦੇ।"[59]ਭੈਣ ਭਰਾਂ ਨੂੰ ਧਨੀਏ ਦਾ ਬੂਟਾ ਆਦਿ ਪ੍ਰਤੀਕਾਂ ਨਾਲ ਸੰਬੋਧਨ ਕਰਦੀ ਹੈ।

"ਮੇਰਾ ਵੀਰ ਧਨੀਏ ਦਾ ਬੂਟਾ

ਆਉਂਦੇ ਜਾਂਦੇ ਲੈਣ ਵਾਸ਼ਨਾ"

ਭੈਣ ਭਰਾ ਦਾ ਰਿਸ਼ਤਾ ਬਿਨ੍ਹਾਂ ਕਿਸੇ ਸਵਾਰਥ ਦੇ ਹੁੰਦਾ ਹੈ। ਇਹ ਰਿਸ਼ਤਾ ਛਲ਼ ਅਤੇ ਕਪਟ ਤੋਂ ਮਹਿਫੂਜ਼ ਹੁੰਦਾ ਹੈ। ਇਸ ਤੋਂ ਬਿਨ੍ਹਾਂ ਸੱਸ ਨੂੰਹ, ਨਣਾਨ ਭਰਜਾਈ ਦਾ ਰਿਸ਼ਤਾ ਈਰਖਾ ਤੇ ਝਗੜੇ ਵਾਲ਼ਾ ਹੁੰਦਾ ਹੈ।ਪੰਜਾਬੀ ਪਰਿਵਾਰ ਵਿਚ ਸੱਸ ਦਾ ਡਰ ਕੁੜੀ ਦੇ ਮਨ ਵਿਚ ਛੋਟੇ ਹੁੰਦਿਆਂ ਤੋਂ ਹੀ ਬਿਠਾ ਦਿੱਤਾ ਜਾਂਦਾ ਹੈ। ਸੱਸ ਦੇ ਕਿਰਦਾਰ ਨੂੰ ਸਮਾਜ ਵਿਚ ਬਹੁਤ ਬੁਰਾ ਦਿਖਾਇਆਂ ਜਾਂਦਾ ਹੈ। ਸੱਸ ਨੂੰ ਪੁਆੜੇ ਦੀ ਜੜ੍ਹ ਮੰਨਿਆਂ ਜਾਂਦਾ ਹੈ। ਨੂੰਹ ਸੱਸ ਦੇ ਰਿਸ਼ਤਿਆਂ ਵਿਚ ਕਈ ਵਾਰ ਤਣਾਉ ਇਸ ਕਰਕੇ ਵੀ ਜ਼ਿਆਦਾ ਆ ਜਾਂਦਾ ਹੈ ਕਿਉਂਕਿ ਨੂੰਹ ਆਪਣੇ ਪੇਕੇ ਪਰਿਵਾਰ ਪ੍ਰਤੀ ਸੱਸ ਤੋਂ ਕੋਈ ਬੁਰਾ ਸ਼ਬਦ ਨਹੀਂ ਸੁਣਨਾ ਪਸੰਦ ਕਰਦੀਂ।ਸੱਸ ਨੂੰ ਬਘਿਆੜੀ, ਬੁੱਢੜੀ, ਚੰਦਰੀ ਵਰਗੇ ਨਾਵਾਂ ਦੇ ਪ੍ਰਤੀਕ ਨਾਲ਼ ਪਰਿਭਾਸ਼ਿਤ ਕੀਤਾ ਜਾਂਦਾ ਹੈ।

"ਮਾਪਿਆਂ ਨੇ ਰੱਖੀ ਲਾਡਲੀ

ਅੱਗੋ ਸੱਸ ਬਘਿਆਵੀ ਟੱਕਰੀ"

ਨਨਾਣ ਭਰਜਾਈ ਦਾ ਰਿਸ਼ਤਾ ਵੀ ਕੁੱੜਤਣ ਦਾ ਧਾਰਨੀ ਹੁੰਦਾ ਹੈ।ਇਸ ਰਿਸ਼ਤੇ ਵਿਚ ਜਿੱਥੇ ਭਰਜਾਈ ਦੇ ਪਰਾਈ ਹੋਣ ਦਾ ਤਣਾਉ ਹੈ, ਉੱਥੇ ਵੀਰ ਦੇ ਅਣਪੱਤ ਭਰਪੂਰ ਰਿਸ਼ਤੇ ਕਾਰਨ ਮਿਠਾਸ ਵੀ ਹੈ। ਕਈ ਵਾਰ ਇਹ ਰਿਸ਼ਤਾ ਹਮਰਾਜ ਰਿਸ਼ਤਾ ਵੀ ਬਣ ਜਾਂਦਾ ਹੈ। ਜੇਕਰ ਭਰਜਾਈ ਨੇ ਕੋਈ ਗੱਲ਼ ਸੱਸ ਕੋਲ਼ੋ ਮੰਨਵਾਉਣੀ ਹੋਵੇ ਤਾਂ ਉਹ ਨਨਾਣ ਦਾ ਸਹਾਰਾ ਲੈਂਦੀ ਹੈ। ਈਰਖਾਲੂ ਹੋਣ ਦੇ ਬਾਵਜੂਦ ਵੀ ਕਦੇ ਕਦੇ ਪਿਆਰ ਵਾਲ਼ਾ ਰਿਸ਼ਤਾ ਵੀ ਬਣ ਜਾਂਦਾ ਹੈ।

"ਵੀਰ ਮੇਰੇ ਨੇ ਚਰਖ਼ਾ ਦਿੱਤਾ

ਭਾਬੋ ਨੇਫ਼ੁੱਲਕਾਰੀ

ਜੁੱਗ ਜੁੱਗ ਜੀ ਭਾਬੀ ਲੱਗੇ

ਵੀਰ ਤੋਂ ਪਿਆਰੀ।"

ਪੰਜਾਬੀ ਸਭਿਆਚਾਰ ਵਿਚਲੀ ਰਿਸ਼ਤਾ ਪ੍ਰਣਾਲੀ ਵਿਚ ਮਾਮੀ ਮਾਸੜ੍ਹ, ਚਾਚੀ ਚਾਚਾ, ਤਾਇਆ ਤਾਈ, ਭੂਆ ਫੁੱਫੜ ਅਤੇ ਮਾਮਾ ਮਾਮੀ ਵਰਗੇ ਰਿਸ਼ਤੇ ਵੀ ਪ੍ਰਚੱਲਿਤ ਹਨ।ਪੰਜਾਬੀ ਸਭਿਆਚਾਰ ਵਿਚ ਹਰ ਰਿਸ਼ਤੇ ਦਾ ਇਕ ਨਾਮ ਹੈ ਪਰ ਪੱਛਮੀ ਸਭਿਆਚਾਰ ਵਿਚ ਹਰ ਇਕ ਰਿਸ਼ਤਾ ਸਿਰਫ਼ 'ਆਂਟੀ ਅੰਕਲ' ਦੇ ਨਾਮ ਨਾਲ ਹੀ ਪ੍ਰਵਾਨ ਚੜ੍ਹਦਾ ਹੈ। ਹੁਣ ਪੰਜਾਬੀ ਸਭਿਆਚਾਰ ਦੀ ਰਿਸ਼ਤਾ ਪ੍ਰਣਾਲੀ ਤੇ ਵੀ ਅੰਗਰੇਜ਼ੀ ਦੇ 'ਆਂਟੀ ਤੇ ਅੰਕਲ' ਭਾਰੂ ਹੋ ਰਹੇ ਹਨ।

## 1. ਨਿਆਂ ਸੰਸਥਾ

ਹਰ ਸਭਿਆਚਾਰ ਵਿਚ ਕੁਝ ਨਿਆਂਇਕ ਸੰਸਥਾਵਾਂ ਹੁੰਦੀਆਂ ਹਨ। ਜਿਨ੍ਹਾਂ ਵਿਚ ਸਭਿਆਚਾਰ ਨਾਲ਼ ਸੰਬੰਧਿਤ ਕਾਨੂੰਨਾਂ ਦਾ ਵਿਸਥਾਰ ਹੁੰਦਾ ਹੈ।

**ਪ੍ਰੋਫੈਸਰ ਸੋਰੋਕਿਨ ਅਨੁਸਾਰ**, "ਕਿਸੇ ਖੇਤਰ ਦੇ ਕਾਨੂੰਨ ਉਸਦੇ ਸਭਿਆਚਾਰ ਅਤੇ ਸਭਿਅਤਾ ਉੱਪਰ ਆਧਾਰਿਤ ਹੁੰਦੇ ਹਨ।ਕਾਨੂੰਨ ਸਭਿਆਚਾਰ ਦੀ ਦਿਸ਼ਾ ਤਹਿ ਕਰਦੇ ਹਨ। ਕਾਨੂੰਨੀ ਵਿਵਸਥਾ ਨਾਲ਼ ਹੀ ਵਧੀਆਂ ਸਮਾਜਿਕ ਸਭਿਆਚਾਰ ਦੀ ਉੱਤਪਤੀ ਹੁੰਦੀ ਹੈ।"[60]

ਪੰਜਾਬ ਦੇ ਪਿੰਡਾਂ ਵਿਚ ਪੰਚਾਇਤ ਨਿਆਂ ਸੰਸਥਾਂ ਕਾਰਜਸ਼ੀਲ ਹੁੰਦੀ ਹੈ। ਪੰਚਾਇਤ ਦਾ ਮੁੱਖੀ ਸਰਪੰਚ ਹੁੰਦਾ ਹੈ। ਪੰਚਾਇਤ ਦੇ ਬਾਕੀ ਨੁਮਾਇੰਦਿਆਂ ਨੂੰ ਮੈਂਬਰ ਕਿਹਾ ਜਾਂਦਾ ਹੈ। ਜਦੋਂ ਪਿੰਡ ਦਾ ਕੋਈ ਵੀ ਵਿਅਕਤੀ ਕਿਸੇ ਕਾਨੂੰਨ ਦਾ ਉਲੰਘਣ ਕਰਦਾ ਹੈ ਤਾਂ ਪੰਚਾਇਤ ਹੀ ਉਸਨੂੰ ਸਜ਼ਾ ਸਣਾਉਦੀਂ ਹੈ। ਪੰਚਾਇਤ ਪਿੰਡਾਂ ਦੇ ਝਗੜਿਆਂ ਦਾ ਨਿਪਟਾਰਾ ਕਰਦੀਂ ਹੈ। ਭਾਈਚਾਰਕ ਝਗੜਿਆਂ ਨੂੰ ਨਿਪਟਾ ਕੇ ਫ਼ੈਸਲੇ ਸੁਣਾਉਂਦੀ ਹੈ। ਪਿੰਡਾਂ ਦੇ ਛੋਟੇ ਮੋਟੇ ਝਗੜੇ ਇਨ੍ਹਾਂ ਨਿਆਇਕ ਸੰਸਥਾਵਾਂ ਵਿਚ ਹੀ ਸੁਲਝਾਂ ਲਏ ਜਾਂਦੇ ਹਨ। ਪਿੰਡ ਦੀਆਂ ਲਗਭਗ ਸਾਰੀਆਂ ਗਤੀਵਿਧੀਆਂ ਇਨ੍ਹਾਂ ਪਿੰਡਾ ਵਿਚ ਹੀ ਸੁਲਝਾ ਲਈਆਂ ਜਾਂਦੀਆਂ ਹਨ।

**ਡਾ. ਜਸਵਿੰਦਰ ਸਿੰਘ ਅਨੁਸਾਰ**, "ਅਜੋਕੇ ਦੌਰ ਵਿਚ ਸਹਿਜ ਸਭਿਆਚਾਰਕ ਨਿਆਂ ਪ੍ਰਣਾਲੀ ਗਾਇਬ ਹੋ ਗਈ ਹੈ। ਸਹਿਜ ਸਿਰਜੇ, ਸਮੂਹਿਕ ਪ੍ਰਵਾਨਿਤ, ਲੋੜਾਂ ਅਤੇ ਅਮਲ ਤੇ ਆਧਾਰਿਤ ਪ੍ਰਤਮਾਨਾਂ, ਸਮੂਹਿਕ ਸਜ਼ਾ ਦੀਆਂ ਵਿਧੀਆਂ ਅਤੇ ਮਨੁੱਖੀ ਸਰੋਕਾਰਾਂ ਨੂੰ ਨਿੱਜੀ ਜਾਇਦਾਦ ਦੀ ਜਮਾਤੀ ਬਣਤਰ ਤੇ ਆਧਾਰਿਤ ਸੰਵਿਧਾਨਾਂ, ਕਾਨੂੰਨਾਂ, ਜੱਜਾਂ, ਕਚਹਿਰੀਆਂ, ਵਕੀਲਾਂ ਨਾਲ ਜੋੜਣਾ। ਸ਼ਾਸਕ ਵਰਗ ਦੇ ਜਮਾਤੀ ਹਿੱਤਾਂ ਦਾ ਦੋਹਰਾਂ ਅਮਲ ਹੈ, ਇਸਦੇ ਹਾਂ ਪੱਖੀ ਅਤੇ ਨਾ ਪੱਖੀ ਦੋਵੇਂ ਪਸਾਰ ਹਨ।"[61]ਪਹਿਲਾਂ ਪੰਜਾਬੀ ਸਭਿਆਚਾਰ ਵਿਚ ਬਰਾਦਰੀ ਤੋਂਛੇਕ ਦੇਣਾ, ਪਿੰਡ ਤੋ ਬਾਹਰ ਕੱਢ ਦੇਣਾ, ਗਧੇ ਤੇ ਬਿਠਾ ਕੇ ਮੂੰਹ ਕਾਲ਼ਾ ਕਰ ਕੇ ਤੇ ਜੁੱਤੀਆਂ ਦਾ ਹਾਰ ਪਾਇਆਂ ਜਾਂਦਾ ਸੀ। ਪਰ ਹੁਣ ਇਹ ਪ੍ਰਚਾਰ ਘੱਟਦਾ ਜਾ ਰਿਹਾ ਹੈ। ਆਧੁਨਿਕ ਸਮੇਂ ਵਿਚ ਤਾਂ ਪੰਚਾਇਤ ਫ਼ੈਸਲੇ ਖੁਦ ਕਰਨ ਦੀ ਥਾਂ ਸਰਕਾਰੀ ਨਿਆਂ ਸੰਸਥਾਵਾਂ ਨੂੰ ਤਰਜੀਹ ਦਿੰਦੀ ਹੈ।

## 2. ਧਰਮ ਅਤੇ ਲੋਕ ਧਰਮ

ਧਰਮ ਵੀ ਇੱਕ ਸਭਿਆਚਾਰ ਸੰਸਥਾ ਹੈ।ਜਦੋਂ ਮਨੁੱਖ ਨੂੰ ਰੱਬੀ ਸ਼ਕਤੀਆਂ ਦੀ ਵਿਗਿਆਨਕ ਸੋਝੀ ਨਹੀਂ ਸੀ ਤਾਂ ਉਹ ਇਨ੍ਹਾਂ ਰੱਬੀ ਸ਼ਕਤੀਆਂ ਨੂੰ ਜਾਦੂਈ ਸ਼ਕਤੀਆਂ ਸਮਝਦਾ ਸੀ।

**ਟਾਈਲਰ ਦੇ ਅਨੁਸਾਰ**, ਗ਼ੈਰ ਪੱਛਮੀ ਲੋਕ ਆਤਮਵਾਦ ਦੇ ਸਿਧਾਂਤ ਨੂੰ ਮੰਨਦੇ ਹਨ ਉਨ੍ਹਾਂ ਅਨੁਸਾਰ, “ਵਿਅਕਤੀ ਪਸ਼ੂਆਂ ਅਤੇ ਇਥੋਂ ਤੱਕ ਕਿ ਗ਼ੈਰ ਜਾਨਦਾਰ ਵਸਤਾਂ ਵਿਚ ਵੀ ਆਤਮਾ ਨਿਵਾਸ ਕਰਦੀ ਹੈ।”[62]ਧਰਮ ਮਨੁੱਖ ਦਾ ਅਲੌਕਿਕ ਅਤੇ ਅਸੀਮ ਸ਼ਕਤੀਆਂ ਵਿਚ ਵਿਸ਼ਵਾਸ ਹੈ। ਧਰਮ ਲਈ ਅੰਗਰੇਜ਼ੀ ਦਾ ਸ਼ਬਦ ‘ਰਿਲਿਜ਼ਨ’ ਵਰਤ ਲਿਆ ਜਾਂਦਾ ਹੈ। ਸੰਸਾਰ ਵਿਚ ਹੜ੍ਹ ਆਉਣਾ, ਭੂਚਾਲ ਆਉਣਾ, ਮੋਹਲੇਧਾਰ ਵਰਖਾ, ਸੁਨਾਮੀ ਅਤੇ ਅਸਮਾਨੀ ਬਿਜਲੀ ਦੇ ਕਹਿਰ ਨੂੰ ਮਨੁੱਖ ਰੱਬ ਦੇ ਕਰੋਪ ਹੋਣ ਦੀ ਨਿਸ਼ਾਨੀ ਸਮਝਦਾ ਸੀ ਤੇ ਇਨ੍ਹਾਂ ਜਾਦੂਈ ਸ਼ਕਤੀਆਂ ਨੂੰ ਖ਼ੁਸ਼ ਕਰਨ ਲਈ ਉਹ ਇਨ੍ਹਾਂ ਦੀ ਪੂਜਾ ਕਰਦਾ, ਬਲੀ ਦੇਣ ਲੱਗ ਪਿਆ ਸੀ। ਮਨੁੱਖ ਹਵਾ, ਪਾਣੀ, ਅੱਗ, ਸੂਰਜ ਨੂੰ ਦੇਵੀ ਸ਼ਕਤੀਆਂ ਸਮਝਦਾ ਸੀ ਤੇ ਇਨ੍ਹਾਂ ਦੀ ਪੂਜਾ ਅਰਚਨਾ ਕਰਦਾ ਸੀ। ਉਹ ਇਨ੍ਹਾਂ ਨੂੰ ਦੇਵੀ ਸ਼ਕਤੀਆਂ ਦਾ ਰੂਪ ਮੰਨਦਾ ਸੀ। ਹਰ ਇਕ ਸਮਾਜ ਦਾ ਆਪਣਾ ਵੱਖਰਾ ਧਰਮ ਹੈ ਜਿਵੇਂ ਹਿੰਦੂ ਧਰਮ, ਈਸਾਈ ਧਰਮ, ਸਿੱਖ ਧਰਮ, ਇਸਲਾਮ ਧਰਮ ਆਦਿ। ਹਰ ਇੱਕ ਧਰਮ ਦੇ ਆਪਣੇ ਵੱਖਰੇ ਪਹਿਚਾਣ ਚਿੰਨ੍ਹ ਹਨ। ਹਰੇਕ ਸਮਾਜ ਰੱਬ ਵਿਚ ਵਿਸ਼ਵਾਸ ਰੱਖਦਾ ਹੈ, ਹਰੇਕ ਸਮਾਜ ਵਿਚ ਰੱਬ ਨੂੰ ਅੱਲ੍ਹਾ, ਵਾਹਿਗੁਰੂ, ਰਾਮ, ਗਾਂਡ ਆਦਿ ਨਾਂ ਨਾਲ ਜਾਣਿਆਂ ਜਾਂਦਾ ਹੈ। ਹਰ ਧਰਮ ਦੇ ਆਪਣੇ ਆਪਣੇ ਧਾਰਮਿਕ ਗ੍ਰੰਥ ਹੁੰਦੇ ਹਨ, ਜਿਵੇਂ ਸਿੱਖ ਧਰਮ ਵਿਚ ਸ਼੍ਰੀ ਗੁਰੂ ਗੰਥ ਸਾਹਿਬ, ਈਸਾਈ ਧਰਮ ਬਾਈਬਲ, ਮੁਸਲਿਮ ਧਰਮ ਵਿਚ ਕੁਰਾਨ ਸ਼ਰੀਫ਼ ਅਤੇ ਹਿੰਦੂ ਧਰਮ ਵਿਚ ਗੀਤਾਂ ਸੰਬੰਧਿਤ ਧਰਮ ਦੇ ਲੋਕਾਂ ਦੀ ਰਹਿਮਨੁਮਾਈ ਕਰਦੇ ਹਨ। ਧਰਮ ਦੇ ਅੱਗੇ ਜਦੋਂ ਲੋਕ ਸ਼ਬਦ ਜੋੜਿਆ ਜਾਂਦਾ ਹੈ ਤਾਂ ਉਹ ਲੋਕ ਧਰਮ ਬਣ ਜਾਂਦਾ ਹੈ। ਜਦੋਂ ਮਨੁੱਖ ਦਾ ਧਰਤੀ ਤੇ ਜਨਮ ਹੋਇਆ ਤਾਂ ਉਸ ਦਾ ਸੰਬੰਧ ਲੋਕ ਧਰਮ ਨਾਲ ਜੁੜਿਆਂ। ਮਨੁੱਖ ਸ਼ੁਰੂ ਤੋਂ ਹੀ ਪ੍ਰਾਕਿਤਕ ਸ਼ਕਤੀਆਂ ਦੇ ਡਰ ਕਾਰਨ ਉਹਨਾਂ ਦੀ ਪੂਜਾ ਕਰਨ ਲੱਗ ਪਿਆ ਸੀ। ਲੋਕ ਧਰਮ ਵਿਚ ਮਨੁੱਖ ਆਂਪਣੀਆਂ ਇੱਛਾਵਾਂ ਤੇ ਜਰੂਰਤਾਂ ਨੂੰ ਪੂਰਾ ਕਰਨ ਲਈ ਦੇਵੀ ਦੇਵਤਿਆਂ ਨੂੰ ਜੰਤਰਾਂ, ਮੰਤਰਾਂ ਅਤੇ ਤੰਤਰਾਂ ਨਾਲ ਖ਼ੁਸ਼ ਕਰਦਾ ਹੈ। ਉਹ ਆਪਣੇ ਤੰਤਰਾਂ ਨਾਲ ਜਿੰਨਾਂ, ਭੂਤਾਂ ਤੇ ਚੁੜੇਲਾਂ ਨੂੰ ਆਪਣੇ ਵੱਸ ਵਿਚ ਕਰ ਲੈਂਦਾ ਹੈ। ਮੰਤਰਾਂ ਨਾਲ ਉਹ ਸੱਪ ਅਤੇ ਬਿੱਛੂ ਆਦਿ ਦੇ ਕੱਟੇ ਦਾ ਇਲਾਜ ਵੀ ਕਰਦਾ ਹੈ।

**ਡਾ. ਜਸਵਿੰਦਰ ਸਿੰਘ ਅਨੁਸਾਰ**, “ਦੁਖਦੀ ਜਾੜ੍ਹ ਦਾ ਝਾੜਾ ਕਰਨਾ, ਸੱਪ ਦੇ ਕੱਟਣ ਅਤੇ ਜ਼ਹਿਰ ਨੂੰ ਮੰਤਰ ਮਾਰ ਜਾਇਆਂ ਕਰਨਾ, ਮੱਝ ਦੇ ਦੁੱਧ ਨਾ ਲਾਹੁਣ ਕਰਕੇ ਮੰਤਰ ਮਾਰ ਕੇ ਕਾਰਜ ਪੂਰਾ ਕਰਨਾ ਆਦਿ ਇਸ ਜਾਦੂ ਵਿਧੀ ਦੇ ਬਹੁਤ ਸਾਰੇ ਪਾਸਾਰ ਹਨ। ਦਾੜ੍ਹ, ਦੰਦ ਦੀ ਪੀੜ੍ਹ ਵਾਸਤੇ ਮੰਤਰ ਦਾ ਨਮੂਨਾ ਪੇਸ਼ ਹੈ:

ਕਾਲਾ ਕੀੜਾ ਕਰਕਰਾ

ਬੱਤੀ ਦੰਦ ਚਰੇ

ਦਹਾਈ ਬਾਬਾ ਫ਼ਰੀਦ ਦੀ

ਸੜ ਬਲ ਕੀੜਾ ਵਿਚ ਮਰੇ।"[63]

ਕਈ ਲੋਕ ਵਿਆਹ ਨਾ ਹੋਣ ਨੂੰ ਸੰਯੋਗ ਬੱਝਿਆ ਸਮਝਦੇ ਹਨ ਉਹ ਸੰਯੋਗ ਖੋਲਣ ਲਈ ਚਰੁਸਤੇ ਵਿਚ ਝਾੜੂ ਖਿਲਾਰ ਕੇ ਜਾਂ ਜਿੰਦਰਾਂ ਵੀ ਰੱਖਿਆ ਜਾਂਦਾ ਹੈ। ਕਈ ਔਰਤਾਂ ਆਪਣੀ ਸੰਤਾਨ ਪ੍ਰਾਪਤੀ ਦੀ ਇੱਛਾ ਨੂੰ ਪੂਰਾ ਕਰਨ ਲਈ ਸਿਵਿਆਂ ਵਿਚ ਨਹਾਉਂਦੀਆਂ, ਦੂਜਿਆਂ ਦੇ ਬੱਚੇ ਦੀ ਬਲੀ ਦਿੰਦੀਆਂ ਹਨ ਅਤੇ ਉਹਨਾਂ ਦੇ ਖ਼ੂਨ ਨਾਲ ਨਹਾਉਂਦੀਆਂ ਹਨ। ਸਿਆਣਿਆਂ ਕੋਲ ਜਾ ਕੇ ਧਾਗੇ ਤੇ ਤਵੀਤ ਵੀ ਪਹਿਨਦੀਆਂ ਹਨ।

**ਕਰਨੈਲ ਸਿੰਘ ਥਿੰਦ ਦੇ ਅਨੁਸਾਰ,** "ਇਸ ਵਿਚ ਨਰਕ, ਸਵਰਗ, ਚੌਰਾਸੀ ਲੱਖ ਜੂਨਾਂ ਵਿਚ ਵਿਸ਼ਵਾਸ, ਦੇਵੀ ਦੇਤਿਆਂ ਦੀ ਪੂਜਾ, ਸੁੱਖਣਾ, ਮੰਨਤ, ਚੜ੍ਹਾਵਾਂ, ਵਰਤ, ਤੀਰਥ ਯਾਤਰਾ, ਤੀਰਥ ਇਸ਼ਨਾਨ, ਸੂਰਜ ਅਤੇ ਚੰਨ ਗ੍ਰਹਿ ਬਾਰੇ ਵਿਸ਼ਵਾਸ, ਪੂਜਾ ਪਾਠ, ਮੰਤਰ ਯੰਤਰ, ਸ਼ਗਨ ਅਪਸ਼ਗਨ ਆਦਿ ਵਿਸ਼ੇ ਆਉਂਦੇ ਹਨ।"[64]ਲੋਕ ਧਰਮ ਵਿਚ ਸਾਰੇ ਦੇਵੀ ਦੇਵਤਿਆਂ ਅਤੇ ਮਹਾਂਪੁਰਸ਼ਾਂ ਨੂੰ ਇਕੋ ਹੀ ਨਜ਼ਰ ਨਾਲ ਲੋਕ ਦੇਖਦੇ ਹਨ। ਸਾਰੇ ਧਰਮਾਂ ਦੇ ਅਨੁਆਈਆਂ ਨੂੰ ਇਕ ਸਮਾਨ ਸਮਝਿਆ ਜਾਂਦਾ ਹੈ ਅਤੇ ਇਕੋ ਜਿਹਾ ਸਤਿਕਾਰ ਕੀਤਾ ਜਾਂਦਾ ਹੈ। ਜਿਵੇਂ ਸਾਡੇ ਪੰਜਾਬੀ ਦੇ ਕਿਸੇ ਮਹਾਨ ਕਵੀ ਨੇ ਲਿਖਿਆ ਹੈ ਜਿਵੇਂ:

"ਦੇਵੀ ਦੀ ਮੈਂ ਕਰਾ ਕੜਾਹੀ

ਪੀਰਫ਼ਕੀਰ ਧਿਆਵਾਂ

ਹੈਦਰ ਸ਼ੇਖ਼ ਦਾ ਦੇਵਾ ਬੱਕਰਾ

ਨੰਗੇ ਪੈਰੀ ਜਾਵਾਂ

ਹੰਨੂਮਾਨ ਦੀ ਦੇਵਾਂ ਮਨੀ

ਰਤਾਫ਼ਰਕ ਨਾ ਪਾਵਾ

ਨੀ ਮਾਤਾ ਭਗਵੰਤੀਏ ਮੈਂ ਤੇਰਾ ਹੀ ਜਸ ਗਾਵਾਂ"

### 3. ਸਭਿਆਚਾਰਕ ਪੈਟਰਨ

ਹਰ ਇਕ ਸਮਾਜ ਦੇ ਸਭਿਆਚਾਰ ਵਿਚ ਆਪਣੇ ਆਪਣੇ ਸਭਿਆਚਾਰ ਪੈਟਰਨ ਹੁੰਦੇ ਹਨ। ਇਹ ਪੈਟਰਨ ਮਨੁੱਖ ਨੂੰ ਸਮਾਜ ਵਿਚ ਅਨੁਸ਼ਾਸਿਤ ਜੀਵਨ ਵਿਚ ਰਹਿਣ ਲਈ ਪ੍ਰੇਰਨਾ ਦਿੰਦੇ ਹਨ।

**ਐਡਵਰਡ ਟੀ.ਹਾਲ ਦੇ ਸ਼ਬਦਾ ਵਿਚ** "ਪੈਟਰਨ ਉਹ ਸਭਿਆਚਾਰਕ ਨਿਯਮ ਹਨ, ਜਿਨ੍ਹਾਂ ਰਾਹੀਂ ਜੁੱਟ ਇਸ ਤਰ੍ਹਾਂ ਬੀੜੇ ਜਾਂਦੇ ਹਨ ਕਿ ਉਹ ਅਰਥ ਪ੍ਰਾਪਤ ਕਰ ਸਕਣ।"[65]ਹਰ ਇਕ ਸਭਿਆਚਾਰਕ ਪੈਟਰਨ ਦੇ ਅੱਗੋਂ ਉਪ ਪੈਟਰਨ ਹੁੰਦੇ ਹਨ। ਹਰ ਇਕ ਸਭਿਆਚਾਰ ਦੇ ਪੈਟਰਨ ਵੱਖੋ ਵੱਖਰੇ ਵੀ ਹੋ ਸਕਦੇ ਹਨ।

**ਜੀਤ ਸਿੰਘ ਜੋਸ਼ੀ ਦੇ ਅਨੁਸਾਰ**, "ਪੰਜਾਬੀ ਸਭਿਆਚਾਰ ਵਿਚ ਰਿਸ਼ਤਾ ਨਾਤਾ ਪ੍ਰਣਾਲੀ ਦਾ ਆਪਣਾ ਵਿੱਲਖਣ ਪੈਟਰਨ ਹੈ। ਇਹ ਕਿਸੇ ਵੀ ਦੂਸਰੇ ਸਮਾਜ ਦੀ ਰਿਸ਼ਤਾ ਨਾਤਾ ਪ੍ਰਣਾਲੀ ਨਾਲ ਮੇਲ ਨਹੀਂ ਖਾਂਦੀ। ਪੰਜਾਬੀ ਵਿਚ ਮਾਂ- ਵੰਸ਼ੀ ਅਤੇ ਪਿਤਾ- ਵੰਸ਼ੀ ਪੱਖਾਂ ਤੋਂ ਚਾਚਾ, ਤਾਇਆ, ਮਾਸੜ, ਫੁੱਫੜ, ਮਾਮਾ ਨਾ ਕੇਵਲ ਵੱਖ - ਵੱਖ ਰਿਸ਼ਤਾ ਸੰਬੰਧਾਂ ਦੇ ਨਾਂ ਹੀ ਹਨ ਸਗੋਂ ਇਨ੍ਹਾਂ ਨਾਲ ਜੁੜੇ ਭਾਵ ਵੀ ਵਿੱਲਖਣਤਾ ਰੱਖਦੇ ਹਨ। ਜਦੋਂ ਕਿ ਅੰਗਰੇਜ਼ੀ ਵਿਚ ਇਨ੍ਹਾਂ ਸਾਰੇ ਰਿਸ਼ਤਿਆਂ ਨੂੰ ਕੇਵਲ 'ਅੰਕਲ' ਸ਼ਬਦ ਦੇ ਅੰਤਰਗਤ ਰੱਖ ਲਿਆ ਜਾਂਦਾ ਹੈ।ਇਸੇ ਤਰ੍ਹਾਂ ਚਾਚੀ, ਤਾਈ, ਭੂਆ, ਮਾਸੀ ਲਈ 'ਆਂਟੀ' ਸ਼ਬਦ ਦਾ ਪ੍ਰਯੋਗ ਅਤੇ ਭਰਜਾਈ, ਸਾਲੀ, ਭਣੋਓ (ਭਣਵੱਈਏ ਦੀ ਭੈਣ) ਅਤੇ ਨਣਾਨ ਲਈ ਕੇਵਲ 'ਸਿਸਟਰ ਇਨ ਲਾ' ਸ਼ਬਦ ਦਾ ਪ੍ਰਯੋਗ ਕੀਤਾ ਜਾਣਾ, ਪੰਜਾਬੀ ਰਿਸ਼ਤਾ ਪ੍ਰਣਾਲੀ ਨਾਲ ਨਿਆਂ ਨਹੀਂ ਕਰਦਾ।"[66]

4. **ਸਭਿਆਚਾਰਕ ਕੀਮਤਾਂ ਅਤੇ ਪ੍ਰਤੀਮਾਨ**

ਕਿਸੇ ਵੀ ਸਭਿਆਚਾਰ ਵਿਚ ਕੀਮਤਾਂ ਤੇ ਪ੍ਰਤੀਮਾਨਾਂ ਦਾ ਵਿਸ਼ੇਸ਼ ਸਥਾਨ ਹੈ। ਕਦਰਾਂ ਕੀਮਤਾਂ ਹੀ ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਵਾਉਂਦੀਆਂ ਹਨ। ਕੋਈ ਵੀ ਸਮਾਜ ਜਾਂ ਵਿਅਕਤੀ ਕਦਰਾਂ ਕੀਮਤਾਂ ਤੋਂ ਬਿਨ੍ਹਾਂ ਅਧੂਰਾ ਹੀ ਹੁੰਦਾ। ਕੀਮਤਾਂ ਉਹ ਮੁੱਲ ਵਿਧਾਨ ਹੈ ਜੋ ਸਮਾਜ ਦੇ ਕਿਸੇ ਵੀ ਮੈਂਬਰ ਨੂੰ ਸਮਾਜ ਦਾ ਯੋਗ ਮੈਂਬਰ ਬਣਾਉਣ ਦੇ ਲਈ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

**ibid ਦੇ ਅਨੁਸਾਰ,** "ਕੀਮਤ ਸ਼ਬਦ ਹਿੱਤਾਂ, ਸੁੱਖਾਂ, ਪਸੰਦਾਂ, ਰੁਚੀਆਂ, ਫ਼ਰਜਾਂ, ਨੈਤਿਕ ਬੰਦਸ਼ਾਂ, ਖਾਹਿਸ਼ਾ, ਇੱਛਾਵਾਂ, ਲੋੜਾਂ, ਖਿੱਚਾਂ ਅਥੇ ਹੋਰ ਅਨੇਕ ਚੋਣਵੀਆਂ ਪ੍ਰਵਾਨ ਨੀਤੀਆਂ ਵੱਲ ਸੰਕੇਤ ਕਰ ਸਕਦਾ ਹੈ।"[67]ਕੀਮਤਾਂ ਅਤੇ ਪ੍ਰਤੀਮਾਨ ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਵਾਉਂਦੇ ਹਨ, ਇਨ੍ਹਾਂ ਤੋਂ ਸੱਖਣਾ ਮਨੁੱਖ ਅਸਭਿਅਕ ਮਨੁੱਖ ਹੀ ਕਹਿਲਾਵੇਗਾ। ਇਹ ਮਨੁੱਖ ਨੂੰ ਨੈਤਿਕਤਾ ਦਾ ਧਾਰਨੀ ਬਣਾ ਕੇ ਪਸ਼ੂ ਬਿਰਤੀ ਤੋਂ ਉਪਰ ਉਠਾਦੀਆਂ ਹਨ।

**ਡਾ. ਜੀਤ ਸਿੰਘ ਜੋਸ਼ੀ ਦੇ ਅਨੁਸਾਰ**, "ਸਮਾਜਕ ਕਦਰਾਂ ਤੋਂ ਭਾਵ ਉਹਨਾਂ ਸਮਾਜਕ ਮੁੱਲਾਂ ਤੋਂ ਹੈ ਜਿਹੜੇ ਕਿਸੇ ਸਮਾਜਕ ਲੋੜ ਨੂੰ ਪੂਰਾ ਕਰਦੇ ਹਨ ਅਤੇ ਜਨ ਸਮੂਹ ਵਲੋਂ ਪ੍ਰਵਾਨਗੀ ਪ੍ਰਾਪਤ ਕਰ ਲੈਂਦੇ ਹਨ। ਸਮਾਜਕ ਮੁੱਲ ਹੀ ਵਿਗਿਆਨਿਕ ਭਾਸ਼ਾ ਵਿਚ ਪ੍ਰਤੀਮਾਨ ਸਮਝੇ ਜਾਂਦੇ ਹਨ।"[68]ਇਕ ਸਭਿਅਕ ਅਤੇ ਚੰਗੇ ਸਮਾਜ ਦੀ ਨੀਂਹ ਹੀ ਸਮਾਜਿਕ ਕਦਰਾਂ ਕੀਮਤਾਂ ਤੇ ਪ੍ਰਤੀਮਾਨਾਂ ਤੇ ਅਧਾਰਿਤ ਹੁੰਦੇ ਹੈ। ਹਰ ਸਮਾਜ ਵਿਚ ਕਦਰਾਂ ਕੀਮਤਾਂ ਸਮੇਂ ਦੇ ਬਦਲਾਅ ਕਾਰਨ ਬਦਲਦੀਆਂ ਰਹਿੰਦੀਆਂ ਹਨ। ਇਹਨਾਂ ਤੋਂ ਬਿਨ੍ਹਾਂ ਇਕ ਨਰੋਏ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

3.**ਸੁਹਜ – ਪ੍ਰਕਾਰਜਮੂਲਕ ਅੰਗ**

**(ੳ) ਅਹਾਰ: ਚੋਣ ਵਿਧੀ**

ਮਨੁੱਖੀ ਸਮਾਜ ਦੀ ਆਹਾਰ ਬਿਨ੍ਹਾਂ ਕਲਪਨਾ ਵੀ ਨਹੀਂ ਹੋ ਸਕਦੀ। ਮਨੁੱਖ ਨੂੰ ਜਿਉਂਦੇ ਰਹਿਣ ਲਈ ਭੋਜਨ ਅਤਿਅੰਤ ਅਵੱਸ਼ਕ ਹੈ। ਰੋਟੀ, ਕੱਪੜਾ ਅਤੇ ਮਕਾਨ ਮਨੁੱਖ ਦੀਆਂ ਮੁੱਢਲੀਆਂ ਜ਼ਰੂਰਤਾਂ ਹਨ। ਮਨੁੱਖ ਆਹਾਰ ਨੂੰ ਪ੍ਰਾਕਿਤਕ ਸੋਮਿਆਂ ਰਾਹੀ ਗ੍ਰਹਿਣ ਕਰਦਾ ਹੈ। ਪੰਜਾਬੀ ਕਹਾਵਤ ਹੈ ਕਿ 'ਪਹਿਲਾਂ ਪੇਟ ਪੂਜਾ ਫਿਰ ਕੰਮ ਦੂਜਾ'। ਪੰਜਾਬੀ ਲੋਕ ਖੁਲ੍ਹਾਂ ਖਾਣ ਪੀਣ ਦੇ ਸ਼ੌਕੀਨ ਹਨ। ਪੰਜਾਬੀ ਭੋਜਨ ਪਦਾਰਥ ਪਕਾ ਜਾਂ ਉਬਾਲ ਕੇ ਕਈ ਵਾਰ ਤਾਂ ਕੱਚਾ ਵੀ ਖਾ ਜਾਂਦੇ ਹਨ।

**ਪ੍ਰਿ. ਤੇਜਾ ਸਿੰਘ ਦੇ ਅਨੁਸਾਰ**, "ਪੰਜਾਬੀ ਚੰਗਾ ਖਾਂਦੇ ਅਤੇ ਸੋਹਣਾ ਲਾਂਦੇ ਹਨ। ਇਹਨਾਂ ਜਿਹਾ ਕਿਸ ਨੇ ਖਾਣਾ ਹੈ? ਦਿੱਲੀਉ ਅੱਗੇ ਲੰਘ ਕੇ ਸਫ਼ਰ ਕਰੋ , ਤੁਹਾਨੂੰ ਦਾਲ਼ ਅਰਹਰ ਤੇ ਅਚਾਰ ਤੋਂ ਬਿਨ੍ਹਾਂ ਖਾਣ ਲਈ ਕੁੱਝ ਨਹੀਂ ਮਿਲੇਗਾ। ਬੰਬਈ, ਕਲਕੱਤੇ ਜਿਹੇ ਵੱਡੇ ਸ਼ਹਿਰਾਂ ਦੇ ਦੇਸੀ ਹੋਟਲਾਂ ਜਾਂ ਭੋਜਨ ਭੰਡਾਰਾਂ ਵਿਚ ਥਾਲ਼ ਅਥੇ ਕੌਲੀਆਂ ਤਾਂ ਲਿਸ਼ਕਦੀਆਂ ਪੁਸ਼ਕਦੀਆਂ ਦਿਸਣਗੀਆਂ ਪਰ ਰੱਜ ਕੇ ਖਾਣਾ ਜਾਂ ਮਸਾਲੇਦਾਰ ਖਾਣਾ ਕਿਸੇ ਪੰਜਾਬੀ ਹੋਟਲ ਵਿਚ ਹੀ ਮਿਲੇਗਾ।"[69]ਸਵੇਰੇ ਵੇਲੇ, ਦੁਪਿਹਰ ਵੇਲੇ ਅਤੇ ਰਾਤ ਵੇਲੇ ਖਾਣੇ ਨੂੰ ਵੱਖਰੋ ਵੱਖਰੇ ਸਮਾਜ ਸਭਿਆਚਾਰ ਵਿਚ ਬਰੇਕਫਾਸਟ, ਲੰਚ ਅਤੇ ਡਿਨਰ ਦੇ ਆਦਿ ਦੀ ਵੱਖੋ ਵੱਖਰੀ ਵਿਧੀਆਂ ਅਨੁਸਾਰ ਵਿਉਂਤਿਆਂ ਜਾਂਦਾ ਹੈ। ਪੰਜਾਬ ਦੇ ਲੋਕ ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ, ਲੱਸੀ, ਦੁੱਧ, ਦਹੀਂ, ਮੱਖਣ ਆਦਿ ਨੂੰ ਬੜੇ ਚਾਅ ਨਾਲ ਖਾਂਦੇ ਹਨ। ਪੰਜਾਬ ਵਿਚ ਖ਼ੁਸੀ ਦੇ ਮੌਕਿਆ ਵਿਆਹ ਆਦਿ ਸਮੇਂ ਜਲੇਬੀਆਂ, ਲੱਡੂ, ਕੜਾਹ, ਖ਼ੀਰ ਆਦਿ ਬਣਦੇ ਹਨ। ਕੁਝ ਸਭਿਆਚਾਰਕ ਸਮਾਜਾ ਵਿਚ ਮਾਸ, ਅੰਡਾ, ਤੇ ਅਰਾਬ ਪੀਣ ਦੀ ਮਨਾਹੀ ਜਿਵੇਂ ਬ੍ਰਾਹਮਣੀ ਸਮਾਜ। ਕੁਝ ਸਭਿਆਚਾਰਾਂ ਵਿਚ ਮਾਸ ਨੂੰ ਜ਼ਰੂਰੀ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਖਾਣ ਪੀਣ ਦੇ ਢੰਗ ਵੀ ਸਭਿਆਚਾਰ ਵਿਚ ਖ਼ਾਸ ਭੂਮਿਕਾ ਨਿਭਾਉਂਦੇ ਹਨ।

**(ਅ) ਵਿਵਹਾਰ: ਸਦਾਚਾਰ, ਦੁਰਾਚਾਰ ਅਤੇ ਲੋਕਾਚਾਰ**

ਵਿਵਹਾਰ ਸਭਿਆਚਾਰ ਦਾ ਮਹੱਤਵਪੂਰਨ ਅੰਗ ਹੈ। ਵਿਵਹਾਰ ਨੂੰ ਜੇਕਰ ਸਭਿਆਚਾਰ ਦੇ ਅੰਗ ਵਜੋਂ ਦੇਖਿਆ ਜਾਵੇ ਤਾਂ ਸਮਾਜ ਵਿਚ ਰਹਿੰਦਾ ਮਨੁੱਖ ਵਿਵਹਾਰ ਦੇ ਕਾਰਨ ਹੀ ਸਮਾਜ ਦੀ ਵਿਉਂਤ ਨਿਸ਼ਚਿਤ ਕਰਦਾ ਸਕਦਾ ਹੈ। ਉਦਾਹਰਣ ਵਜੋਂ:- ਸਮਾਜ ਵਿਚਲੀ ਭਾਈਚਾਰਕ ਸਾਂਝ, ਅਤੇ ਰਿਸ਼ਤੇ ਨਾਤਿਆ ਦੇ ਸੁਭਾਅ ਵਿਵਹਾਰ ਰਾਹੀ ਨਿਸ਼ਚਿਤ ਹੁੰਦੇ ਹਨ। ਕੁੱਝ ਸਭਿਆਚਾਰਾ ਵਿਚ ਆਪਣੇ ਤੋਂ ਵੱਡਿਆਂ ਨੂੰ ਮੱਥਾ ਟੇਕਣ ਦਾ ਰਿਵਾਜ ਹੈ, ਆਪਣੇ ਹਾਣੀ ਜਾਂ ਦੋਸਤ ਨੂੰ ਹੱਥ ਮਿਲਾ ਕੇ ਜੱਫ਼ੀ ਪਾਕੇ ਮਿਲਣਾ ਆਦਿ। ਇਹ ਹੀ ਸਭਿਆਚਾਰ ਵਿਵਹਾਰ ਦੀ ਨਿਸ਼ਾਨੀ ਹੈ। ਹਰ ਇਕ ਸਮਾਜ ਦੇ ਸਾਰੇ ਵਿਹਾਰਕ ਪੈਟਰਨ ਇਕੋ ਜਿਹੇ ਨਹੀ ਹੁੰਦੇ ਜਿਵੇਂ ਪੰਜਾਬੀ ਸਭਿਆਚਾਰ ਵਿਚ ਹੱਥ ਜੋੜਕੇ ਸਤਿ ਸ਼੍ਰੀ ਅਕਾਲ ਜੀ, ਮੁਸਲਮਾਨ ਸਲਾਮ ਅਲੇਕਮ ਹਨ। ਵਿਹਾਰਕ ਪੈਟਰਨ ਕਈ ਵਾਰ ਦੋ ਵਿਰੋਧੀ ਗੁੱਟਾਂ ਵਿਚ ਵੀ ਵੰਡੇ ਜਾਂਦੇ ਹਨ ਜਿਵੇਂ ਬ੍ਰਾਹਮਣੀ ਸਭਿਆਚਾਰ ਵਿਚ ਬ੍ਰਾਹਮਣੀ ਲੋਕਾਂ ਦਾ ਗੁੱਟ ਅਤੇ ਸ਼ੂਦਰ ਲੋਕਾਂ ਦਾ ਗੁੱਟ ਮਨੁੱਖ ਦਾ ਵਿਵਹਾਰਕ ਪੱਧਰ ਸਮਾਜ ਵਿਚਲੇ ਵਰਗ ਨਿਸ਼ਚਿਤ ਕਰਦਾ ਹੈ।

**(ੲ) ਪਹਿਰਾਵਾ ਅਤੇ ਸ਼ਿੰਗਾਰ ਢੰਗ**

ਪਹਿਰਾਵਾ ਅਤੇ ਸ਼ਿੰਗਾਰ ਦੇ ਢੰਗ ਰਾਹੀ ਵੀ ਮਨੁੱਖ ਪਸ਼ੂ ਜੀਵਨ ਤੋਂ ਵਿੱਲਖਣਤਾ ਗ੍ਰਹਿਣ ਕੀਤੀ ਹੈ। ਪਹਿਰਾਵਾ ਮਨੁੱਖ ਦੇ ਪਦਾਰਥਕ ਵਿਕਾਸ ਦਾ ਸੂਚਕ ਹੈ।ਗਰਮੀ ਸਰਦੀ ਤੋਂ ਬਚਣ ਲਈ ਮਨੁੱਖ ਪਹਿਰਾਵੇ ਦੀ ਵਰਤੋਂ ਕਰਦਾ ਹੈ। ਬੱਚੇ ਦੇ ਜਨਮ ਤੋਂ ਉਸ ਨੂੰ ਰਵਾਇਤੀ ਪਹਿਰਾਵਾ ਪਹਿਨਾਇਆ ਜਾਂਦਾ ਹੈ। ਸਭਿਆਚਾਰ ਦਾ ਪੌਣ ਪਾਣੀ ਵੀ ਪਹਿਰਾਵੇ ਨੂੰ ਪ੍ਰਭਾਵਿਤ ਕਰਦਾ ਹੈ। ਗਰਮੀ ਵਿਚ ਲੋਕ ਸੂਤੀ ਕੱਪੜੇ ਸਰਦੀ ਵਿੱਚ ਲੋਕ ਉਨ੍ਹੀ ਕੱਪੜਿਆ ਦੀ ਵਰਤੋਂ ਕਰਦੇ ਹਨ।ਪਹਿਰਾਾਵਾ ਕਿਸੇ ਵੀ ਸਭਿਆਚਾਰ ਦਾ ਪਛਾਣ ਚਿੰਨ੍ਹ ਹੁੰਦਾ ਹੈ। ਜਿਵੇਂ ਪੰਜਾਬੀ ਮਰਦ ਜ਼ਿਆਦਾਤਰ ਕੁੜਤਾ ਚਾਦਰਾਂ, ਤੇ ਪੱਗ ਬੰਨ੍ਹ ਦੇ ਸਨ ਅਤੇ ਔਰਤਾਂ ਕਮੀਜ਼ ਅਤੇ ਸਲਵਾਰ ਪਾਉਂਦੀਆਂ ਹਨ। ਪੰਜਾਬੀ ਸਭਿਆਚਾਰ ਵਿਚ ਪੱਗ ਬੰਦੇ ਦੀ ਇੱਜ਼ਤ ਦੀ ਸੂਚਕ ਹੈ। ਪੰਜਾਬੀ ਮੁਟਿਆਰ ਵੀ ਗੱਭਰੂ ਦੀ ਪੱਗ ਨਾਲ ਦੀਆਂ ਚੁੰਨੀਆਂ ਰੰਗਾਉਣੀਆਂ ਸ਼ੁਰੂ ਕਰ ਦਿੰਦੀ ਹੈ। ਜਿਵੇਂ:

ਚੁੰਨੀ ਰੰਗ ਦੇ ਲਲਾਰੀਆਂ ਮੇਰੀ ਵੇ

ਮਿੱਤਰਾਂ ਦੀ ਪੱਗ ਨਾਲ ਦੀ।

ਔਰਤਾਂ ਸਿਰ ਢੱਕਣ ਲਈ ਫ਼ੁਲਕਾਰੀ ਲੈਂਦੀਆਂ ਸਨ। ਪਰ ਹੁਣ ਸਮਾਂ ਬਦਲ ਗਿਆ ਹੈ ਵਰਤਮਾਨ ਸਮੇਂ ਵਿਚ ਆਧੁਨਿਕਤਾ ਆ ਜਾਣ ਕਾਰਨ ਮਰਦ ਹੁਣ ਟੀ- ਸ਼ਰਟ, ਸ਼ਰਟ, ਟਾਈ, ਬੈਲਟ, ਕੋਟ ਪੈਂਟ ਆਦਿ ਅੰਗਰੇਜ਼ੀ ਪੁਸ਼ਾਕ ਪਾਉਣ ਲੱਗ ਪਏ ਹਨ। ਪਹਿਲਾਂ ਸਮਾ ਸੀ ਜਦੋਂ ਮਨੁੱਖ ਆਪਣੇ ਗੁਪਤ ਅੰਗ ਹੀ ਢੱਕਦਾ ਸੀ। ਬਾਅਦ ਵਿਚ ਮਨੁੱਖ ਬੌਧਿਕ ਪੱਧਰ ਤੇ ਚੇਤਨ ਹੋ ਗਿਆ ਅਤੇ ਆਪਣੇ ਸਾਰੇ ਸਰੀਰ ਨੂੰ ਢੱਕਣ ਲੱਗ ਗਿਆ।ਪਰ ਲੱਗਦਾ ਹੈ ਕਿ ਹੁਣ ਮਨੁੱਖ ਆਪਣੇ ਪ੍ਰਾਚੀਨ ਸਭਿਅਤਾ ਵੱਲ ਵੱਧ ਰਿਹਾ ਹੈ ਅੱਜ ਦੀ ਔਰਤ ਆਪਣੇ ਜਿਸਮ ਨੂੰ ਢੱਕਣ ਦੀ ਜਗ੍ਹਾਂ ਇਸ ਦੀ ਨੁਮਾਇਸ਼ ਕਰ ਰਹੀ। ਹੁਣ ਸਰੀਰ ਦਾ ਕੱਪੜਾ ਘੱਟਦਾ ਜਾ ਰਿਹਾ ਹੈ।ਪਹਿਰਾਵਾ ਸਭਿਆਚਾਰ ਨੂੰ ਵੀ ਪ੍ਰਭਾਵਿਤ ਕਰਦਾ ਹੈ ਜਿਵੇਂ ਪਹਿਰਾਵੇ ਦੇ ਆਧਾਰ ਤੇ ਪੰਜਾਬੀ ਸਭਿਆਚਾਰ ਵਿਚ ਲਾਲ ਰੰਗ ਨੂੰ ਸ਼ੁੱਭ ਸ਼ਗਨ ਦਾ ਪ੍ਰਤੀਕ ਮੰਨਿਆਂ ਜਾਂਦਾ ਹੈ, ਅੰਗਰੇਜ਼ੀ ਸਭਿਆਚਾਰ ਵਿਚ ਸਫ਼ੈਦ ਰੰਗ ਅਤੇ ਮੁਸਲਿਮ ਸਭਿਆਚਾਰ ਵਿਚ ਕਾਲਾ ਰੰਗ ਵਿਆਹ ਸਮੇਂ ਪਹਿਨਣਾ ਸ਼ੁੱਭ ਹੈ। ਪਹਿਰਾਵੇ ਵਿਚ ਕੱਪੜਿਆਂ ਤੋਂ ਇਲਾਵਾ ਹੋਰ ਵੀ ਵਸਤੂਆਂ ਦਾ ਯੋਗਦਾਨ ਹੈ ਜਿਵੇਂ ਬ੍ਰਾਹਮਣੀ ਸਮਾਜ ਵਿਚ ਜੇਨਊ ਪਹਿਨਣ ਦਾ ਰਿਵਾਜ਼ ਹੈ ਓਥੇ ਬੋਦੀ ਰੱਖੀ ਜਾਂਦੀ ਹੈ। ਮੁਸਲਮਾਨ ਸਸਮਾਜ ਵਿਚ ਲੋਕ ਦਾੜ੍ਹੀ ਰੱਖਦੇ ਅਤੇ ਮੁੱਛਾਂ ਕੱਟਵਾ ਦਿੰਦੇ ਹਨ। ਪੰਜਾਬ ਦੇ ਨਿਹੰਗ ਸਿੰਘ ਸਿਰ ਤੇ ਨੀਲਾ ਦੁਮਾਲਾ ਬੰਨ੍ਹ ਦੇ, ਕਹਿਛਰਾ ਪਹਿਨਦੇ ਅਤੇ ਹੱਥ ਵਿਚ ਕੜਾ ਪਾਉਂਦੇ ਹਨ। ਹਾਰ ਸ਼ਿੰਗਾਰ ਵੀ ਮਨੁੱਖ ਦੀ ਸੁਹਜ ਵਿਚ ਨਵੀਂ ਜਿੰਦ ਜਾਨ ਪਾਉਂਦਾ ਹੈ। ਚੰਗਾ ਹਾਰ ਸ਼ਿੰਗਾਰ ਉਸ ਦੀ ਸਰੀਰਕ ਸੁੰਦਰਤਾ ਵਿਚ ਵਾਧਾ ਕਰਦਾ ਹੈ। ਗਹਿਣੇ ਨੂੰ ਸ਼ਿੰਗਾਰ ਵਜੋਂ ਪ੍ਰਮੁੱਖਤਾ ਹਾਸਿਲ ਹੈ। ਪੰਜਾਬ ਵਿਚ ਗਭਰੂ ਤੇ ਮੁਟਿਆਰ ਦੋਵੇਂ ਹੀ ਗਹਿਣੇ ਪਹਿਨਦੇ ਹਨ। ਉਹ ਸੋਨੇ, ਚਾਂਦੀ, ਪਿੱਤਲ, ਤਾਂਬੇ ਆਦਿ ਧਾਂਤਾ ਦੇ ਗਹਿਣੇ ਪਹਿਨਦੇ ਹਨ। ਪੰਜਾਬ ਦੀ ਮੁਟਿਆਰ ਕਾਂਟੇ, ਬੁੰਦੇ, ਪਿੱਪਲ ਪੱਤੀਆਂ, ਲੋਟਣ, ਟੌਪਸ, ਬੂਜਲੀਆਂ, ਝੁਮਕੇ, ਮੁਰਕੀਆਂ, ਵਾਲੇ, ਕੰਨਾਂ ਦੇ ਗਹਿਣੇ ਪਹਿਨਦੀਆਂ ਸਨ। ਉਹ ਕੋਕਾ, ਲੌਂਗ, ਮੱਛਲੀ, ਨੱਥ, ਤੀਲੀ, ਮਾਲਾ, ਗਾਨੀ, ਬਾਜੂ ਬੰਦ,

ਚੂੜੀਆਂ, ਚੂੜਾਂ, ਗ਼ਜਰੇ, ਗੋਖੜੂ, ਛਾਪਾਂ, ਅੰਗੂਠੀਆਂ, ਕੜੇ, ਕੰਗਣ ਅਤੇ ਦੰਦਾਂ ਲਈ ਦੰਦਾਸਾ , ਹੱਥਾਂ ਪੈਰਾਂ ਲਈ ਮਹਿੰਦੀ ਸਿਰ ਵਿਚ ਮਾਂਗ ਸੰਧੂਰ ਦੀ ਵਰਤੋਂ ਕਰਦੀਆਂ ਸਨ। ਮਰਦ ਕੰਨਾਂ ਵਿਚ ਮੁਰਕੀਆਂ ਅਤੇ ਗਲ਼ ਵਿਚ ਕੈਠਾਂ ਪਾਉਣ ਦਾ ਸ਼ੌਕ ਰੱਖਦੇ ਹਨ।

### (ਸ) ਵਸੇਬਾ: ਘਰ, ਮਕਾਨ ਅਤੇ ਚੌਗਿਰਦਾ

ਵਸੇਬੇ ਵੀ ਸਭਿਆਚਾਰ ਦਾ ਪ੍ਰਮੁੱਖ ਅੰਗ ਹੈ। ਸੁਹਜ ਪ੍ਰਕਾਰਜ ਮੂਲਕ ਅੰਗਾਂ ਵਿਚ ਵਸੇਬੇ ਦਾ ਪ੍ਰਮੁੱਖ ਸਥਾਨ ਹੈ।ਵਸੇਬੇ ਦੀ ਪ੍ਰਕਿਰਤੀ ਮਨੁੱਖ ਨੂੰ ਪਸ਼ੂ ਜੀਵਨ ਤੋਂ ਵੱਖਰਾ ਕਰਦੀ ਹੈ।

**ਡਾ. ਜਸਵਿੰਦਰ ਸਿੰਘ ਦੇ ਅਨੁਸਾਰ**, "ਵਸੇਬਾ ਕਿਸੇ ਵਿਸ਼ੇਸ਼ ਮਨੁੱਖੀ ਸਮੂਹ ਦੇ ਰਹਿਣ ਸਹਿਣ ਦਾ ਉਹ ਪਹਿਲੂ ਹੈ, ਜਿਸ ਵਿਚ ਉਹ ਆਪਣੇ ਪਿੰਡ ਸ਼ਹਿਰ ਘਰ ਮਕਾਨਾਂ ਅਤੇ ਸਮੁੱਚੇ ਰਹਿਣਯੋਗ ਚੌਗਿਰਦੇ ਨੂੰ ਵਿਉਂਤਦੇ ਸਿਰਜਦੇ ਹਨ। ਮਨੁੱਖ ਲਈ ਜਨਮ ਭੂਮੀ ਨਿਰ੍ਹੀ ਮਿੱਟੀ ਨਾ ਹੋ ਕੇ ਉਸ ਦੇ ਜ਼ਜਬਾਤੀ ਜਗਤ ਦਾ ਜੀਵੰਤ ਭਾਗ ਹੁੰਦੀ ਹੈ। ਸਾਹਾਂ ਵਿਚ ਮਿੱਟੀ ਦੀ ਮਹਿਕ, ਚਾਲ ਵਿਚ ਇਸਦਾ ਵੇਗ ਅਤੇ ਜੀਊਣ ਦਾ ਇਸਦਾ ਨਸ਼ਾ ਹੁੰਦਾ ਹੈ। ਆਪਣੀ ਮਿੱਟੀ ਤੋਂ ਵਿਯੋਗਿਆਂ ਮਨੁੱਖ ਬੇਜੜ੍ਹਾਂ ਬੇਘਰਾ ਹੁੰਦਾ ਹੈ।"[70]

ਪੰਜਾਬੀ ਸਭਿਆਚਾਰ ਵਿਚ ਪਿੰਡਾਂ ਅੰਦਰ ਜਾਤਾਂ, ਕਿੱਤਿਆਂ ਦੇ ਰੁਤਬੇ ਅਨੁਸਾਰ ਪੱਤੀਆਂ/ ਮੁਹੱਲੇ ਵੰਡੇ ਗਏ ਹੁੰਦੇ ਹਨ। ਹਰ ਘਰ ਵਿਚ ਘਰਾਂ ਦੀ ਉਸਾਰੀ ਅਤੇ ਸਮੱਗਰੀ ਅਤੇ ਯੋਜਨਾ ਦਾ ਢੰਗ ਵੱਖੋ ਵੱਖਰਾ ਹੁੰਦਾ ਹੈ। ਇਸ ਵਿਚ ਸਭਿਆਚਾਰ ਦਾ ਭੂਗੋਲਿਕ ਵਾਤਾਵਰਨ ਵੀ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ ਜਿਵੇਂ ਕਿ ਪਹਾੜੀ ਇਲਾਕੇ ਵਿਚ ਮਕਾਨਾਂ ਦੀ ਵਿਉਂਤ ਬੰਦੀ ਅਲੱਗ ਤਰੀਕੇ ਨਾਲ ਕੀਤੀ ਜਾਂਦੀ ਹੈ ਅਤੇ ਮੈਦਾਨੀ ਇਲਾਕੇ ਅਤੇ ਮਾਰੂਥਲ਼ੀ ਇਲਾਕੇ ਵਿਚ ਅਲੱਗ। ਪੰਜਾਬ ਦੀ ਅਰਥਵਿਵਸਥਾ ਖੇਤੀਬਾੜੀ ਨਾਲ ਸੰਬੰਧਿਤ ਹੈ ਇਸ ਲਈ ਇੱਥੇ ਖੁਲ੍ਹੇ ਮੈਦਾਨ, ਬੈਠਕਾਂ ਅਤੇ ਦਲਾਨ ਆਦਿ ਛੱਤਣ ਦਾ ਰਿਵਾਜ਼ ਹੈ। ਪੰਜਾਬ ਦੇ ਪਿੰਡਾਂ ਵਿਚ ਮਕਾਨ, ਜੰਝ ਘਰ, ਧਰਮਸ਼ਾਲਾ, ਸਕੂਲ ਆਦਿ ਬਣੇ ਹੁੰਦੇ ਹਨ। ਖੁਲ੍ਹੀਆਂ ਗਲੀਆਂ, ਫ਼ਿਰਨੀਆਂ, ਸ਼ਮਸ਼ਾਨਘਾਟ ਆਦਿ ਬਣੇ ਹੁੰਦੇ ਹਨ। ਹੁਣ ਤਾਂ ਪਿੰਡ ਪੂਰੀ ਤਰ੍ਹਾਂ ਹੀ ਬਦਲ ਚੁੱਕੇ ਹਨ। ਹੁਣ ਪੱਕੇ ਮਕਾਨ ਅਤੇ ਕੋਠੀਆ ਹੀ ਨਜ਼ਰ ਆਉਂਦੀਆਂ ਹਨ। ਪੰਜਾਬ ਪੇਂਡੂ ਸਭਿਆਚਾਰ ਵਿਚਲੇ ਖੂਹ ਅਤੇ ਛੱਪੜ ਅਲੋਪ ਹੀ ਹੋ ਗਏ ਹਨ। ਇਸ ਤਰ੍ਹਾਂ ਪੰਜਾਬੀ ਸਭਿਆਚਾਰ ਵਿਚ ਵਸੇਬੇ ਦੇ ਆਪਣੇ ਵੱਖਰੇ ਚਿੰਨ੍ਹ ਹਨ।

### (ਹ) ਰੀਤੀ ਰਿਵਾਜ ਅਤੇ ਲੋਕ – ਵਿਸ਼ਵਾਸ

ਰੀਤੀ ਰਿਵਾਜ ਅਤੇ ਲੋਕ – ਵਿਸ਼ਵਾਸ ਵੀ ਸਭਿਆਚਾਰ ਪ੍ਰਬੰਧ ਦਾ ਮਹੱਤਵਪੂਰਨ ਅਤੇ ਬੁਨਿਆਦੀ ਅੰਗ ਹੈ। ਮਨੁੱਖ ਨੇ ਪ੍ਰਾਕਿਤਕ ਪਰਸਥਿਤੀਆਂ ਨਾਲ ਸੰਘਰਸ਼ ਕਰਦਿਆਂ ਵਿਸ਼ਾਲ ਤਜਰਬੇ ਪ੍ਰਾਪਤ ਕੀਤੇ ਹਨ, ਜਿਨ੍ਹਾਂ ਦੇ ਆਧਾਰ ਤੇ ਉਸਨੇ ਆਪਣੇ ਜੀਵਨ ਢੰਗ ਨੂੰ ਜੀਉਣਾ ਆਰੰਭ ਕੀਤਾ। ਇਸ ਢੰਗ ਵਿਚੋਂ ਹੀ ਰੀਤੀ ਰਿਵਾਜ ਅਤੇ ਲੋਕ ਵਿਸ਼ਵਾਸ ਪੈਦਾ ਹੋਏ।

**ਇੰਟਰਨੈਸ਼ਨਲ ਇਨਸਾਈਕਲੋਪੀਡੀਆ ਆਫ਼ ਸ਼ੋਸ਼ਲ ਸਾਇਸੰਜ਼ ਅਨੁਸਾਰ**, “ਰੀਤੀ ਰਿਵਾਜ ਗ਼ੈਰ - ਇੰਦਰਿਆਈ , ਅਨੁਮਾਨਿਤ ਕਾਰਜਾਂ ਦੇ ਸੰਕੇਤਕ ਹਨ, ਜਿੰਨ੍ਹਾਂ ਨੂੰ ਵਿਵੇਕਮਈ ਪ੍ਰਯੋਜਨਮੁਕਤਾ ਅਨੁਸਾਰ ਉਚਿਤ ਨਹੀਂ ਠਹਿਰਾਇਆ ਜਾ ਸਕਦਾ। ਇਸ ਵਿਚਲੀ ਅਵਿਵੇਕਤਾ ਦਰਸ਼ਕ ਦੀ ਦ੍ਰਿਸ਼ਟੀ ਤੋਂ ਹੈ, ਨਾ ਕਿ ਅਭਿਨੈਕਾਰ ਦੀ ਦ੍ਰਿਸ਼ਟੀ ਤੋਂ।”[71]

ਰੀਤੀ ਰਿਵਾਜ ਜਨਮ ਤੋਂ ਲੈ ਕੇ ਮਰਨ ਤੋਂ ਬਾਅਦ ਵੀ ਚੱਲਦੇ ਰਹਿੰਦੇ ਹਨ। ਰਸਮਾਂ ਰੀਤਾਂ ਨੂੰ ‘ਲੋਕਾਚਾਰ’ ਵੀ ਕਿਹਾ ਜਾਂਦਾ ਹੈ। ਕਿਸੇ ਸਭਿਆਚਾਰ ਵਿਚ ਇਨ੍ਹਾਂ ਰਸਮਾਂ ਦਾ ਨਿਭਾਉ ਘੱਟ ਹੁੰਦਾ ਹੈ ਜਾਂ ਵੱਧ ਇਹ ਗੱਲ਼ ਉਸ ਸਭਿਆਚਾਰ ਦੀਆਂ ਪ੍ਰਸਥਿਤੀਆਂ ਉੱਪਰ ਨਿਰਭਰ ਕਰਦੀ ਹੈ। ਇਹ ਸਾਡੇ ਮਨ ਦੀਆਂ ਸੱਧਰਾਂ, ਅਰਮਾਨਾਂ ਅਤੇ ਜ਼ਜਬਿਆਂ ਦੀ ਤਰਜ਼ਮਾਨੀ ਕਰਦੀਆਂ ਹਨ। ਰਸਮਾਂ ਦੇ ਆਧਾਰ ਤੇ ਹੀ ਕੋਈ ਸਭਿਆਚਾਰ ਆਪਣੀ ਵਿੱਲਖਣਤਾ ਪ੍ਰਾਪਤ ਕਰਦਾ ਹੈ। ਇਨ੍ਹਾਂ ਦੇ ਆਧਾਰ ਤੇ ਹੀ ਕਿਸੇ ਸਭਿਆਚਾਰ ਨੂੰ ਸਮਝਿਆ ਜਾ ਸਕਦਾ ਹੈ। ਰਸਮਾਂ ਰਿਵਾਜ ਪੀੜ੍ਹੀ ਦਰ ਪੀੜ੍ਹੀ ਚੱਲਦੇ ਰਹਿੰਦੇ ਹਨ। ਇਨ੍ਹਾਂ ਦਾ ਆਰੰਭ ਕਦੋਂ ਹੋਇਆ ਕਿਵੇਂ ਹੋਇਆ ਬਾਰੇ ਕੋਈ ਕੋਈ ਵੀ ਤਸੱਲੀਬਖਸ਼ ਜਵਾਬ ਨਹੀਂ ਮਿਲਦਾ। ਇਨ੍ਹਾਂ ਰਸਮਾਂ ਵਾਸਤੇ ਲੋਕ ਪ੍ਰਵਾਨਗੀ ਵੀ ਜ਼ਰੂਰੀ ਹੈ। ਇਹ ਪ੍ਰਵਾਨਗੀ ਤਾਂ ਹੀ ਮਿਲ ਸਕਦੀ ਹੈ ਜੇਕਰ ਰਸਮਾਂ ਸਮੁੱਚੇ ਸਮਾਜ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਗੀਆਂ।

**ਜੀ. ਡੀ ਗੂਡੀ ਅਨੁਸਾਰ,** “ਰੀਤੀ ਰਿਵਾਜ, ਮਿਆਰੀ ਸੰਸਕਾਰ ਭਾਵ ਵਿਸ਼ੇਸ਼ ਪੱਧਰ ਤੇ ਸਥਾਪਿਤ ਕੀਤੇ ਗਏ ਮਨੁੱਖੀ ਵਿਵਹਾਰ ਸੰਸਕਾਰਾਂ ਦਾ ਹੀ ਇਕ ਮਿਆਰੀ ਰੂਪ ਹੁੰਦਾ ਹੈ।”[72]ਰੀਤੀ ਰਿਵਾਜਾਂ ਦਾ ਸਿਲਸਿਲਾ ਮਨੁੱਖ ਦੇ ਗਰਭ ਧਾਰਨ ਤੋਂ ਸ਼ੁਰੂ ਹੁੰਦਾ ਹੈ ਜਿਵੇਂ ਜਨਾਨੀ ਦੇ ਪੱਲੇ ਅਨਾਜ ਬੰਨ ਦੇਣਾ, ਗ੍ਰਹਿਣ ਲੱਗਣ ਸਮੇਂ ਗਰਭਵਤੀ ਦਾ ਹਿੱਲਣਾ ਜੁਲਣਾ ਬੰਦ ਕਰ ਦੇਣਾ, ਸੁਰਮਾ ਪੁਆਈ ਆਦਿ। ਬੱਚੇ ਦੇ ਜਨਮ ਸਮੇਂ ਸਰੀਂਹ ਬੰਨਣਾ, ਦੁੱਧ ਧੁਆਈ ਦੀ ਰਸਮ, ਬਾਹਰ ਵਧਾਉਣ ਦੀ ਰਸਮ, ਮੁੰਡੇ ਦੀ ਛਟੀ ਆਦਿ। ਮਨੁੱਖੀ ਜ਼ਿੰਦਗੀ ਵਿਚ ਵਿਆਹ ਦੂਜਾ ਮਹੱਤਵਪੂਰਨ ਪੜਾਅ ਹੈ। ਵਿਆਹ ਦੀ ਰਸਮ ਅਨੇਕਾਂ ਰਿਵਾਜਾਂ ਨਾਲ ਪ੍ਰਵਾਨ ਚੜ੍ਹਦੀ ਹੈ। ਅਨੇਕਾਂ ਇਲਾਕਿਆਂ ਵਿਚ ਵਿਆਹ ਦੀਆਂ ਰਸਮਾਂ ਰਿਵਾਜਾਂ ਵਿਚ ਅੰਤਰ ਹੁੰਦਾ ਹੈ। ਵਿਆਹ ਦੀਆਂ ਪ੍ਰਮੁੱਖ ਰਸਮਾਂ: ਮੰਗਣਾ, ਠਾਕਾ ਜਾਂ ਰੋਕਾ ਕਰਨਾ, ਸਾਹਾ ਕਢਵਾਉਣਾ, ਗੰਢਾਂ ਦੇਣੀਆਂ, ਚੱਕੀਆਂ ਲਾਉਣੀਆਂ, ਮਾਈਆਂ ਅਤੇ ਵੱਟਣਾ, ਨਾਈ ਧੋਈ ਦੀ ਰਸਮ, ਜੰਝ ਢੁਕਣੀ, ਫੇਰਿਆ ਦੀ ਰਸਮ, ਆਦਿ। ਮੌਤ ਨਾਲ ਸੰਬੰਧਿਤ ਰਸਮਾਂ ਇਹ ਮਨੁੱਖੀ ਜੀਵਨ ਦਾ ਅੰਤਿਮ ਪੜਾਅ ਹੈ। ਮੌਤ ਨਿਸ਼ਚਿਤ ਹੈ ਇਸ ਨੂੰ ਢਾਲਿਆ ਨਹੀਂ ਜਾ ਸਕਦਾ। ਜ਼ਮੀਨ ਤੇ ਪਾਉਣਾ, ਅੰਤਿਮ ਇਸ਼ਨਾਨ ਕਰਵਾਉਣਾ, ਲਾਂਬੂ ਲਾਉਣਾ, ਫ਼ੁੱਲ ਚੁਗਣ ਦੀ ਰਸਮ, ਮਕਾਨਾਂ ਤੇ ਅਲਹਾਉਣੀਆਂ ਦੀ ਰਸਮ ਅਤੇ ਅੰਤ ਵਿਚ ਆਖੰਡ ਪਾਠ ਦਾ ਭੋਗ ਪਾ ਦਿੱਤਾ ਜਾਂਦਾ ਹੈ।ਇਸ ਤਰ੍ਹਾਂ ਰਸਮਾਂ ਰੀਤਾਂ ਮਨੁੱਖ ਦੀ ਮੌਤ ਤੋਂ ਬਾਅਦ ਵੀ ਚੱਲਦੀਆਂ ਹਨ। ਲੋਕ ਵਿਸ਼ਵਾਸ ਦਾ ਆਧਾਰ ਡਰ ਹੈ। ਲੋਕ ਵਿਸ਼ਵਾਸ ਜ਼ਰੂਰੀ ਨਹੀਂ ਕਿ ਉਹ ਅਵਿਗਿਆਨਕ ਜਾਂ ਗ਼ਲਤ ਹੀ ਹੋਣ ਇਸ ਦਾ ਆਧਾਰ ਪੂਰਨ ਤੱਥ ਵੀ ਹੋ ਸਕਦਾ ਹੈ। ਰੀਵਰ ਅਤੇ ਬੌਸਵੈਲ ਅਨੁਸਾਰ, “ਵਿਸ਼ਵਾਸ ਪਰੰਪਰਾਗਤ ਰੂਪ ਵਿਚ ਪ੍ਰਚਲਿਤ ਕਰਮ - ਕਾਡਾਂ, ਰਹੁ-ਰੀਤਾਂ, ਪੂਜਾ-ਵਿਧੀਆਂ, ਪੁਰਬਾਂ, ਵਰਤਾਂ, ਪ੍ਰਥਾਵਾਂ ਤੇ ਸੰਸਕਾਰਾਂ ਆਦਿ ਦਾ ਸਮੂਹ ਹੈ, ਜਿਨ੍ਹਾਂ ਨਾਲ ਜਨ - ਸਾਧਾਰਨ ਦੀ ਭਾਵਨਾ ਜੁੜੀ

ਹੁੰਦੀ ਹੈ। ਇਹਨਾਂ ਦੀ ਵਰਤੋਂ ਆਦਿ ਕਾਲ ਤੋਂ ਮਨੁੱਖੀ ਜੀਵਨ ਦੇ ਵਿਸ਼ੇਸ਼ ਮੌਕਿਆਂ ਤੇ ਕੀਤੀ ਜਾਂਦੀ ਰਹੀ ਹੈ।"[73]ਪੰਜਾਬੀ ਸਭਿਆਚਰਕ ਜੀਵਨ ਵਿਚ ਲੋਕ ਵਿਸ਼ਵਾਸ ਮਨੁੱਖ ਨੂੰ ਪ੍ਰੇਰਨਾ ਵੀ ਦਿੰਦੇ ਹਨ। ਲੋਕ ਵਿਸ਼ਵਾਸ ਜਿਵੇਂ ਭੂਤਾਂ ਪ੍ਰੇਤਾਂ ਬਾਰੇ ਵਿਸ਼ਵਾਸ, ਹਫ਼ਤੇ ਦੇ ਦਿਨਾਂ ਬਾਰੇ ਵਿਸ਼ਵਾਸ, ਕੁਦਰਤੀ ਆਫਤਾਂ ਨਾਲ ਸੰਬੰਧਿਤ ਵਿਸ਼ਵਾਸ, ਸੁਪਨਿਆਂ ਨਾਲ ਸੰਬੰਧਿਤ ਵਿਸ਼ਵਾਸ, ਕੁਝ ਹੋਰ ਲੋਕ ਵਿਸ਼ਵਾਸ ਜਿਵੇਂ ਆਟੇ ਦਾ ਪਰਾਤ ਵਿਚੋਂ ਡਿੱਗਣਾ, ਛਿੱਕ ਨਾਲ ਸੰਬੰਧਿਤ ਵਿਸ਼ਵਾਸ ਆਦਿ। ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਲੋਕ ਵਿਸ਼ਵਾਸ ਸਾਡੇ ਜੀਵਨ ਦਾ ਅਟੁੱਟ ਅੰਗ ਬਣ ਚੁੱਕੇ ਹਨ। ਆਧੁਨਿਕ ਸਮੇਂ ਵਿਚ ਕੁੱਝ ਵਿਸ਼ਵਾਸ ਤਰਕ ਦੇ ਆਧਾਰ ਤੇ ਵੀ ਪਰਖੇ ਜਾਂਦੇ ਹਨ ਪਰ ਫਿਰ ਵੀ ਸਾਡੇ ਰੋਜ਼ਾਨਾ ਜੀਵਨ ਵਿਚ ਇਹ ਸਮੋਏ ਹੋਏ ਹਨ।

## 1. ਟੋਟਮ ਅਤੇ ਟੈਬੂ

ਟੋਟਮ ਅਤੇ ਟੈਬੂ ਕਿਸੇ ਵੀ ਸਭਿਆਚਾਰ ਦਾ ਅਹਿਮ ਅੰਗ ਹਨ। ਕਿਸੇ ਜਾਤੀ ਜਾਂ ਕਬੀਲੇ ਦੇ ਚਿੰਨ੍ਹ ਨੂੰ ਟੋਟਮ ਕਿਹਾ ਜਾਂਦਾ ਹੈ।

**ਪ੍ਰਸਿੱਧ ਚਿੰਤਕ ਏ. ਆਰ. ਰੈਡਕਲਿਫ਼ – ਬਰਾਊਨ ਆਖਦਾ ਹੈ ਕਿ**, "ਗੋਤ ਇਕ ਤਰ੍ਹਾ ਦਾ ਟੋਟਮਵਾਦ ਦਾ ਸਮਾਜਿਕ ਪੱਖ ਹੈ। ਭਾਵ ਕਿ ਮਨੁੱਖ ਨੇ ਜਦੋਂ ਆਪਣੀ ਵੰਸ਼ਾਵਲੀ ਦੀ ਵੱਖਰੀ ਸ਼ਨਾਖ਼ਤ ਆਰੰਭੀ ਤਾਂ ਇਕ ਤਰ੍ਹਾਂ ਨਾਲ ਉਸਨੇ ਚੁਫ਼ੇਰੇ ਦੇ ਕੁਦਰਤੀ ਸੰਸਾਰ ਵਿਚੋਂ ਅਹਿਜੇ ਪ੍ਰਤੀਕ ਰੂਪ ਆਪਣੀ ਉਸ ਗੋਤ ਦੇ ਪ੍ਰਤਿਰੂਪ ਵਜੋਂ ਚਿਤਵੇ ਤੇ ਪ੍ਰਵਾਨੇ, ਜਿਹਨਾਂ ਨੂੰ ਸਭਿਆਚਾਰ ਵਿਗਿਆਨ ਦੀ ਸੰਕਲਪਵਾਚੀ ਸ਼ਬਦਾਵਾਲੀ ਵਿਚ ਟੋਟਮ ਆਖਿਆ ਗਿਆ।"[74]

ਇਹ ਕਿਸੇ ਵੀ ਸਭਿਆਚਾਰ ਦਾ ਪਛਾਣ ਚਿੰਨ੍ਹ ਹੈ ਜਿਸ ਨੂੰ ਉਹ ਪੂਜਦੇ ਹਨ। ਹਰ ਇੱਕ ਕਬੀਲੇ ਜਾਂ ਸਮੁਦਾਇ ਦਾ ਆਪਣਾ ਇੱਕ ਵੱਖਰਾ ਟੋਟਮ ਹੁੰਦਾ ਹੈ ਇਹ ਬਾਜ਼, ਡਰੈਗਨ, ਮੋਰ, ਸ਼ੇਰ, ਤੋਤਾ, ਰੁੱਖਾਂ ਦੇ ਆਧਾਰ ਵੀ ਹੋ ਸਕਦਾ ਹੈ।'ਟੈਬੂ'ਇਕ ਸਭਿਆਚਾਰ ਵਰਜਣਾ ਹੈ। ਇਸ ਦਾ ਸ਼ਾਬਦਿਕ ਅਰਥ ਮਨਾਹੀ ਹੈ।

**ਡਾ. ਜਸਵਿੰਦਰ ਸਿੰਘ ਅਨੁਸਾਰ**, "ਅੰਗਰੇਜ਼ੀ ਸ਼ਬਦ ਟੈਬੂ ਪੋਲੀਨੀਸ਼ਅਨ ਸ਼ਬਦ 'ਟਾਬੂ' (ਪਹਿਲੇ ਅੱਖਰ ਤੇ ਵਧੇਰੇ ਜ਼ੋਰ ਦੇਣ ਨਾਲ) ਲਿਆ ਗਿਆ ਹੈ। ਪੋਲੀਨੀਸ਼ੀਅਨ ਭਾਸ਼ਾਵਾਂ ਵਿਚ ਇਸ ਸ਼ਬਦ ਦੇ ਅਰਥ ਹਨ 'ਮਨਾਹੀ' 'ਵਰਜਣਾ'।"[75]ਜਿਵੇਂ ਮੁਸਲਮਾਨ ਸਮਾਜ ਵਿਚ ਇੱਕ ਟੈਬੂ ਹੈ ਉਹਨਾ ਨੇ ਸੂਰ ਦਾ ਮਾਸ ਨਹੀਂ ਖਾਣਾ ਅਤੇ ਹਿੰਦੂ ਨੇ ਗਾਂ ਦਾ ਮਾਸ ਨਹੀਂ ਖਾਣਾ। ਕਈ ਲੋਕ ਕਿਸੇ ਖ਼ਾਸ ਦਿਨ ਮਾਸ ਅਤੇ ਸ਼ਰਾਬ ਦਾ ਸੇਵਨ ਨਹੀਂ ਕਰਦੇ ਇਹ ਵੀ ਟੈਬੂ ਹੈ।

## (ਕ) ਹੋਰ ਵਿੰਭਿਨ ਅੰਗ

ਇਨ੍ਹਾਂ ਸਭ ਅੰਗਾਂ ਤੋਂ ਬਿਨ੍ਹਾਂ ਸਭਿਆਚਾਰ ਦੇ ਹੋਰ ਵੀ ਵਿਭਿੰਨ ਅੰਗ ਹਨ ਜੋ ਸੁਹਜ ਪ੍ਰਕਾਰਜ ਮੂਲਕ ਅੰਗਾਂ ਵਿਚ ਆਉਂਦੇ ਹਨ। ਜਿਵੇਂ ਮੰਨੋਰੰਜਨ ਦੇ ਸਾਧਨ। ਮਨੁੱਖ ਨੇ ਆਪਣੀਆਂ ਸਮਾਜਿਕ ਅਤੇ ਸਰੀਰਕ ਲੋੜਾਂ ਨੂੰ ਮੁੱਖ ਰੱਖਦਿਆ ਮੰਨੋਰੰਜਨ ਦੇ ਸਾਧਨਾਂ ਨੂੰ ਵਿਕਸਿਤ ਕੀਤਾ ਅਤੇ ਇਹ ਸਮੇਂ ਅਨੁਸਾਰ ਬਦਲਦੇ ਗਏ। ਹਰ ਸਭਿਆਚਾਰ ਵਿਚ ਮਨੋਰੰਜਨ ਦੇ ਸਾਧਨ ਵੱਖੋ ਵੱਖਰੇ ਹੁੰਦੇ ਹਨ। ਜਿਵੇਂ ਪੰਜਾਬੀ ਸਭਿਆਚਾਰ ਵਿਚ ਮੇਲੇ ਅਤੇ ਤਿਉਹਾਰ, ਲੋਕ ਖੇਡਾਂ, ਲੋਕ ਸਾਹਿਤ ਆਦਿ। ਪਰ ਹੁਣ ਆਧੁਨਿਕਤਾ ਦੇ ਕਾਰਨ ਮਨੁੱਖ ਦੇ ਬੌਧਿਕ ਪੱਧਰ ਤੇ ਚੇਤਨ ਹੋਣ ਕਾਰਨ ਉਸ ਦੇ ਮਨੋਰੰਜਨ ਦੇ ਸਾਧਨਾਂ ਵਿਚ ਵੀ ਤਬਦੀਲੀ ਆਈ ਹੈ। ਹੁਣ ਟੀ.ਵੀ, ਵੀਡੀਉ ਗੇਮਸ, ਸਿਨੇਮਾ ਅਤੇ ਚੇਟਿੰਗ ਨਾਲ ਹੀ ਆਪਣਾ ਮਨ ਬਹਿਲਾਉਂਦਾ ਹੈ। ਮਨੋਰੰਜਨ ਦੇ ਸਾਧਨ ਵੀ ਮਨੁੱਖ ਨੂੰ ਪਸ਼ੂ ਬਿਰਤੀ ਤੋਂ ਵੱਖਰਤਾ ਪ੍ਰਧਾਨ ਕਰਦੇ ਹਨ।

## ਸੁਹਜ – ਸੰਚਾਰ ਮੂਲਕ ਅੰਗ

ਸਭਿਆਚਾਰਕ ਪ੍ਰਬੰਧ ਦਾ ਇਕ ਵਿਸ਼ੇਸ਼ ਅੰਗ ਸਭਿਆਚਾਰਕ ਸੰਚਾਰ ਵਸੀਲੇ ਹਨ। ਸੰਚਾਰ ਭਾਵੇਂ ਪਸ਼ੂ ਪੰਛੀ ਵੀ ਕਰਦੇ ਹਨ ਪਰ ਮਨੁੱਖ ਨੇ ਆਪਣੇ ਬੌਧਿਕ ਪੱਧਰ ਨਾਲ ਆਪਣੇ ਸੰਚਾਰ ਦੇ ਢੰਗਾਂ ਨੂੰ ਵਿਸ਼ਾਲ ਕਰ ਲਿਆ ਹੈ। ਅਨੇਕ ਸੰਚਾਰ ਵਿਧੀਆਂ ਸਭਿਆਚਾਰ ਨੂੰ ਪ੍ਰਭਾਵਿਤ ਕਰਦੀਆਂ ਹਨ। ਲੋਕਯਾਨ ਜਾਂ ਲੋਕਧਾਰਾ ਉਹ ਅੰਗ ਹੈ ਜਿਹੜਾ ਇਸ ਦਾ ਪ੍ਰਮੁੱਖ ਸੰਚਾਰ ਮਾਧਿਅਮ ਹੈ। ਲੋਕਧਾਰਾ ਸਭਿਆਂਚਾਰ ਦਾ ਪ੍ਰਮੁੱਖ ਅੰਗ ਹੈ। ਲੋਕਧਾਰਾ 'ਲੋਕ +ਧਾਰਾ' ਦੇ ਸਮਾਸ ਤੋਂ ਬਣਿਆ ਹੈ। ਇਹ ਅੰਗਰੇਜ਼ੀ ਦੇ ਸ਼ਬਦ 'folklore' ਦਾ ਸਮਾਨਅਾਰਥੀ ਹੈ। ਇਸ ਨੂੰ ਪੰਜਾਬੀ ਵਿਚ ਲੋਕਵੇਦ, ਲੋਕਯਾਨ, ਲੋਕ ਪਰੰਪਰਾ, ਲੋਕ ਵਾਹਨ, ਲੋਕ ਵਿਰਸਾ ਆਦਿ ਸ਼ਬਦ ਵਰਤੇ ਜਾਂਦੇ ਹਨ ਪਰ ਲੋਕਧਾਰਾ ਸ਼ਬਦ ਇਹਨਾਂ ਸਭ ਵਿਚੋਂ ਵਧੇਰੇ ਢੁਕਵਾਂ ਹੈ। ਇਸ ਤਰ੍ਹਾਂ ਲੋਕਧਾਰਾ ਦਾ ਅਰਥ ਇਹ ਲਿਆ ਜਾਂਦਾ ਹੈ ਕਿ ਜਨ ਸਮੂਹ ਵਲੋਂ ਜੋ ਸਾਂਝੇ ਕਾਰਜ ਕੀਤੇ ਜਾਂਦੇ ਹਨ। ਉਨ੍ਹਾਂ ਕਾਰਜਾਂ ਦੀ ਜੁਬਾਨੀ ਸੰਸਥਾਂ ਅਰਥਾਤ ਲੋਕਧਾਰਾ ਜੁਬਾਨੀ ਗਿਆਨ ਅਤੇ ਵਰਤਾਰੇ ਦਾ ਸਮੂਹ ਹੈ, ਜਿਸ ਦਾ ਸੰਬੰਧ ਲੋਕ ਸਭਿਆਚਾਰ ਅਤੇ ਪ੍ਰੰਪਰਾ ਨਾਲ ਹੈ। ਲੋਕਧਾਰਾ ਅੰਦਰ ਲੋਕ ਸਾਹਿਤ, ਰੀਤੀ ਰਿਵਾਜ, ਕੰਮ ਧੰਦੇ ਆਦਿ ਸਾਰਾ ਕੁੱਝ ਆ ਜਾਂਦਾ ਹੈ, ਜੋ ਲੋਕਾਂ ਨੂੰ ਪੁਰਾਣੀ ਪੀੜ੍ਹੀ ਤੋਂ ਪ੍ਰਾਪਤ ਹੁੰਦਾ ਹੈ।ਲੋਕਧਾਰਾ ਦੇ ਤੱਤ :

1. ਲੋਕਮਨ ਜਾਂ ਲੋਕਮਾਨਸ
2. ਪ੍ਰੰਪਰਾ
3. ਸਭਿਆਚਾਰ ਜਾਂ ਲੋਕ ਸੰਸਕ੍ਰਿਤੀ
4. ਮੌਖਿਕਤਾ
5. ਲੋਕ ਪ੍ਰਵਾਨਗੀ ਆਦਿ।

ਲੋਕਧਾਰਾ ਨੂੰ ਸਮਝਣ ਲਈ ਇਸ ਦੇ ਤੱਤਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ। ਇਹ ਸਾਰੇ ਤੱਤ ਸੰਚਾਰ ਦਾ ਸਾਧਨ ਹਨ।ਲੋਕਧਾਰਾ ਅੰਦਰ ਉਹ ਸਾਰੀ ਸਮੱਗਰੀ ਸ਼ਾਮਿਲ ਹੁੰਦੀ ਹੈ ਜੋ ਸਭਿਆਚਾਰਕ ਸੰਗਠਨਾਂ ਦਾ ਨਿਰਮਾਣ ਕਰਦੀ ਹੈ। ਲੋਕਧਾਰਾ ਵਿਚਲੇ ਸੰਚਾਰ ਸਾਧਨਾਂ ਨੂੰ ਦੋ ਹਿੱਸਿਆਂ ਵਿਚ ਵੰਡਿਆਂ ਜਾ ਸਕਦਾ ਹੈ:-

## ਭਾਸ਼ਾਈ ਸਾਧਨ ਅਤੇ ਗ਼ੈਰ ਭਾਸ਼ਾਈ ਸਾਧਨ

ਭਾਸ਼ਾ ਸਭਿਆਚਾਰ ਦਾ ਉਹ ਅੰਗ ਹੈ ਜਿਸ ਰਾਹੀ ਮਨੁੱਖ ਸਭਿਆਚਾਰ ਦਾ ਮੁੱਢ ਬੰਨ੍ਹਦਾ ਹੈ।ਇਹ ਮਨੁੱਖੀ ਹੋਂਦ ਦਾ ਮੁੱਖ ਸਰੋਤ ਹੈ। ਇਸ ਦੇ ਮਾਧਿਅਮ ਦੁਆਰਾ ਹੀ ਮਨੁੱਖ ਆਪਣੀਆਂ ਸਭਿਆਚਾਰਕ ਵਿਸ਼ੇਸ਼ਤਾਵਾਂ ਨੂੰ ਮੌਖਿਕ/ ਲਿਖਤ ਰੂਪ ਵਿਚ ਸੰਭਾਲਦਾ ਹੈ। ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਅੱਗੇ ਪੇਸ਼ ਕਰਦਾ ਹੈ। ਭਾਸ਼ਾ ਵਿਚਾਰਾਂ ਦੇ ਪ੍ਰਗਟਾ ਦਾ ਮਾਧਿਅਮ ਹੈ। ਪੀੜ੍ਹੀ ਦਰ ਪੀੜ੍ਹੀ ਸਮਾਜਕਿ ਸਭਿਆਚਾਰਕ ਗਤੀਵਿਧੀਆਂ ਨੂੰ ਪਹੁੰਚਾਉਣ ਦਾ ਕੰਮ ਭਾਸ਼ਾਂ ਹੀ ਕਰਦੀ ਹੈ।ਗ਼ੈਰ ਭਾਸ਼ਾਈ ਵਸੀਲੇ ਵਿਚ ਵੰਨ ਸੁਵੰਨਤਾ ਵਧੇਰੇ ਹੁੰਦੀ ਹੈ। ਇਨ੍ਹਾਂ ਨੂੰ ਸਿੱਖਣ ਦੀ ਜਰੂਰਤ ਨਹੀਂ ਹੁੰਦੀ ਇਹ ਸਹਿਜ ਸੁਭਾ ਆਪੇ ਹੀ ਗ੍ਰਹਿਣ ਕੀਤੇ ਜਾਂਦੇ ਹਨ ਜਿਵੇਂ ਹੱਸਣਾ, ਰੋਣਾ, ਬੁਲਾਉਣਾ, ਮਿਲਣਾ ਆਦਿ। ਮਨੁੱਖੀ ਵਿਵਹਾਰ ਵੀ ਗ਼ੈਰ ਭਾਸ਼ਾਈ ਵਸੀਲਿਆਂ ਅਧੀਨ ਆਉਂਦਾ ਹੈ। ਗ਼ੈਰਭਾਸ਼ਾਈ ਵਸੀਲਿਆਂ ਨੂੰ ਕਲਾਵਾਂ, ਰਸਮੀ ਕਾਰਜ, ਸੰਗੀਤ, ਨਾਟ ਕਲਾ ਆਦਿ ਵਿਚ ਵੰਡਿਆ ਗਿਆ ਹੈ। ਮਨੁੱਖ ਨੇ ਆਪਣੀ ਬੌਧਿਕਤਾ ਨਾਲ ਅਨੇਕ ਕਲਾਵਾਂ ਨੂੰ ਜਨਮ ਦਿੱਤਾ। ਜਿਨ੍ਹਾਂ ਨੂੰ ਗ਼ੈਰ ਭਾਸ਼ਾਈ ਵਸੀਲਿਆ ਅਧੀਨ ਰੱਖਿਆ ਜਾਂਦਾ ਹੈ। ਇਨਾਂ ਵਿਚ ਲੋਕ ਸੰਗੀਤ, ਚਿਤਰਕਾਰੀ, ਸੰਗੀਤ, ਬੁੱਤਕਲਾ, ਕਸ਼ੀਦਾਕਾਰੀ, ਇਮਾਰਤਸ਼ਾਜੀ ਪ੍ਰਮੁੱਖ ਹਨ। ਇਹ ਕਲਾਵਾਂ ਅਜਿਹੀਆਂ ਹਨ ਜਿਨ੍ਹਾਂ ਤੋਂ ਸਿਰਜਣਹਾਰੇ ਦੀ ਪ੍ਰਤਿਭਾ ਦਾ ਅਨੁਮਾਨ ਸਹਿਜੇ ਹੀ ਹੋ ਜਾਂਦਾ ਹੈ। ਇਹਨਾਂ ਕਲਾਵਾਂ ਤੋਂ ਬਿਨ੍ਹਾਂ ਅਨੇਕ ਅਜਿਹੇ ਰਸਮਾਂ ਰਿਵਾਜ ਹਨ ਜੋ ਗ਼ੈਰ ਭਾਸ਼ਾਈ ਵਸੀਲਿਆ ਦਾ ਮਾਧਿਅਮ ਹਨ। ਜਿਵੇਂ ਜਨਮ ਵਿਆਹ ਅਤੇ ਮੌਤ ਦੇ ਸਮੇਂ ਅਜਿਹੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ ਜੋ ਸੂਚਨਾ ਦਾ ਜਰੀਆਂ ਬਣਦੀਆਂ ਹਨ। ਵਿਸ਼ੇਸ਼ ਪ੍ਰਕਾਰ ਦੀਆ ਸਰੀਰਕ ਹਰਕਤਾਂ ਵੀ ਇਸੇ ਹੀ ਪੈਟਰਨ ਵਿਚ ਆਉਦੀਆਂ ਹਨ। ਪੰਜਾਬੀ ਸਭਿਆਚਾਰ ਵਿਚ ਵਿਸ਼ੇਸ਼ ਤਰੀਕੇ ਨਾਲ ਹੱਥ ਨਾਲ ਇਸ਼ਾਰਾ ਕੀਤਾ ਜਾਂਦਾ ਹੈ ਜਿਸ ਨੂੰ ਹੱਥ ਹਿਲਾ ਕੇ ਇਸ਼ਾਰਾ ਕੀਤਾ ਜਾਂਦਾ ਹੈ ਉਹ ਸਮਝ ਜਾਂਦਾ ਹੈ ਕਿ ਉਸ ਨੂੰ ਹੀ ਬੁਲਾਇਆਂ ਗਿਆ ਹੈ। ਅਤੇ ਅੱਖਾਂ ਵਿਸ਼ੇਸ਼ ਇਸ਼ਾਰਿਆਂ ਦਾ ਕੰਮ ਕਰਦੀਆਂ ਹਨ। ਇਸ ਤਰ੍ਹਾਂ ਪੰਜਾਬੀ ਸਭਿਆਚਾਰ ਵਿਚ ਹੱਥ ਹਿਲਾ ਕੇ ਅਤੇ ਅੱਖਾਂ ਦੇ ਇਸ਼ਾਰਿਆਂ ਦੀ ਵਰਤੋਂ ਨਾਲ ਗ਼ੈਰ ਭਾਸ਼ਾਈ ਸੰਚਾਰ ਸਾਧਨ ਨੂੰ ਅੱਗੇ ਤੋਰਿਆ ਜਾਂਦਾ ਹੈ।

**ਹਵਾਲੇ ਅਤੇ ਟਿੱਪਣੀਆਂ:**


1. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ, ਪੰਨਾ 2
2. ਉਹੀ, ਪੰਨਾ ਉਹੀ
3. ਗੁਰਦਿਆਲ ਸਿੰਘ ਫੁੱਲ, ਪੰਜਾਬੀ ਸਭਿਆਚਾਰ: ਇਕ ਦ੍ਰਿਸ਼ਟੀਕੋਣ, ਪੰਨਾ 11
4. ਜਗੀਰ ਸਿੰਘ ਨੂਰ, ਪੰਜਾਬੀ ਸਭਿਆਚਾਰਕ ਵਿਰਸਾ, ਪੰਨਾ 9
5. ਜਸਵਿੰਦਰ ਸਿੰਘ , ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ, ਪੰਨਾ 2
6. ਜੀਤ ਸਿੰਘ ਜੋਸ਼ੀ, ਸਭਿਆਚਾਰ ਤੇ ਲੋਕਧਾਰਾ ਦੇ ਮੂਲ ਸਰੋਕਾਰ, ਪੰਨਾ 20
7. ਉਹੀ, ਪੰਨਾ ਉਹੀ
8. ਬਲਵੀਰ ਸਿੰਘ ਪੂਨੀ, ਸਾਡਾ ਵਿਰਸਾ, ਪੰਨਾ 10
9. ਜਸਵਿੰਦਰ ਸਿੰਘ , ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ, ਪੰਨਾ 3
10. ਸੁਰਿੰਦਰ ਸਿੰਘ ਸ਼ੇਰਗਿੱਲ, ਪੰਜਾਬ ਦਾ ਸਭਿਆਚਾਰਕ ਵਿਰਸਾ, ਪੰਨਾ 1
11. ਗੁਰਜੀਤ ਸਿੰਘ, ਸਭਿਆਚਾਰ ਦਾ ਫ਼ਲਸਫ਼ਾ, ਪੰਨਾ 8
12. ਉਹੀ, ਪੰਨਾ ਉਹੀ
13. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਤੇ ਸਭਿਆਚਾਰ, ਪੰਨਾ 11
14. ਜੀਤ ਸਿੰਘ ਜੋਸ਼ੀ, ਸਭਿਆਚਾਰ ਤੇ ਲੋਕਧਾਰਾ ਦੇ ਮੂਲ ਸਰੋਕਾਰ, ਪੰਨਾ 40
15. ਉਹੀ, ਪੰਨਾ 39
16. ਉਹੀ, ਪੰਨਾ 40
17. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਤੇ ਸਭਿਆਚਾਰ, ਪੰਨਾ 15
18. ਉਹੀ, ਪੰਨਾ 18
19. ਕੁਲਬੀਰ ਸਿੰਘ ਕਾਂਗ, ਪ੍ਰੋ. ਬ੍ਰਹਮਜਗਦੀਸ਼ ਸਿੰਘ, ਸਾਹਿਤ ਤੇ ਸਭਿਆਚਾਰ ਪੰਜਾਬ, ਪੰਨਾ 14
20. ਬ੍ਰਹਮਜਗਦੀਸ਼ ਸਿੰਘ, ਪੰਜਾਬੀ ਸਭਿਆਚਾਰ ਸੰਦਰਮੂਲਕ ਅਧਿਐਨ , ਪੰਨਾ 21
21. ਗੁਰਜੀਤ ਸਿੰਘ, ਸਭਿਆਚਾਰ ਦਾ ਫ਼ਲਸਫ਼ਾ, ਪੰਨਾ 21
22. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿਨ੍ਹ, ਪੰਨਾ 14
23. ਉਹੀ
24. ਉਹੀ
25. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 16 (ਤੀਜਾ)
26. ਗੁਰਬਖ਼ਸ ਸਿੰਘ ਫ਼ਰੈਂਕ, ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਪੰਨਾ 55
27. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿਨ੍ਹ, ਪੰਨਾ 13

28. ਉਹੀ
29. ਗੁਰਜੀਤ ਸਿੰਘ, ਸਭਿਆਚਾਰ ਦਾ ਫਲਸਫ਼ਾ, ਪੰਨਾ 11
30. ਉਹੀ
31. ਉਹੀ
32. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿਨ੍ਹ, ਪੰਨਾ 12
33. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਪੰਨਾ 43
34. ਉਹੀ
35. ਜੀਤ ਸਿੰਘ ਜੋਸ਼ੀ, ਲੋਕ ਕਲਾ ਅਤੇ ਸਭਿਆਚਾਰ: ਮੁੱਢਲੀ ਜਾਣ ਪਛਾਣ, ਪੰਨਾ 23
36. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 16
37. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਪੰਨਾ 39
38. ਗੁਰਜੀਤ ਸਿੰਘ, ਸਭਿਆਚਾਰ ਦਾ ਫਲਸਫ਼ਾ, ਪੰਨਾ 12
39. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ 23
40. ਗੁਰਬਖ਼ਸ ਸਿੰਘ ਫ਼ਰੈਂਕ, ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਪੰਨਾ 25
41. ਉਹੀ
42. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ 23 – 24
43. ਗੁਰਬਖ਼ਸ ਸਿੰਘ ਫ਼ਰੈਂਕ, ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਪੰਨਾ 26
44. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 18 ( ਭਾਗ ਤੀਜਾ)
45. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ 24
46. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਪੰਨਾ 75
47. ਉਹੀ, ਪੰਨਾ 76
48. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ 27
49. ਉਹੀ, ਪੰਨਾ 30
50. ਉਹੀ
51. ੳਹੀ, ਪੰਨਾ 32
52. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਪੰਨਾ 113
53. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 68 ( ਭਾਗ ਤੀਜਾ)
54. ੳਹੀ
55. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 6 ( ਭਾਗ ਤੀਜਾ)
56. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਪੰਨਾ 114

57. ਓਹੀ, ਪੰਨਾ 115
58. ਅੰਮ੍ਰਿਤ ਕੌਰ ਕੰਬੋਜ, ਸਭ ਰੰਗ ਬਣ ਗਏ ਕਿੰਗਰੇ, ਪੰਨਾ 204
59. ਉਹੀ, ਪੰਨਾ 20
60. ਗੁਰਜੀਤ ਸਿੰਘ, ਸਭਿਆਚਾਰ ਦਾ ਫਲਸਫ਼ਾ, ਪੰਨਾ 19
61. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ 41
62. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 59 - 60
63. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ 44
64. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 104
65. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ 51
66. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਪੰਨਾ 34 - 35
67. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ 53
68. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਪੰਨਾ 94
69. ਉਹੀ, ਪੰਨਾ 122
70. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ 60
71. ਉਹੀ, ਪੰਨਾ 62
72. ਉਹੀ, ਪੰਨਾ ਉਹੀ
73. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 117
74. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ 68
75. ਉਹੀ, ਪੰਨਾ 70-71

## ਅਧਿਆਇ ਦੂਜਾ

# ਲੋਕਧਾਰਾ ਅਤੇ ਲੋਕਗੀਤਾਂ ਦਾ ਸਿਧਾਂਤਕ ਅਧਿਐਨ

### ਲੋਕਧਾਰਾਦਾ ਅਰਥ

ਲੋਕਧਾਰਾ ਅੰਗਰੇਜ਼ੀ ਦੇ ਸ਼ਬਦ 'ਫੋਕਲੋਰ' ਦਾ ਸਮਾਨਆਰਥਕ ਹੈ। ਬਹੁਤ ਸਾਰੇ ਵਿਦੇਸ਼ੀ ਵਿਦਵਾਨਾਂ ਨੇ ਅਤੇ ਸਮਾਜ ਸ਼ਾਸਤਰੀਆਂ ਨੇ ਜਿਨ੍ਹਾਂ ਵਿਚ ਸਰ ਜਾਰਜ, ਸਰ ਰਿਚਰਡ ਟੈਂਪਲ, ਵਿਲੀਅਮ ਕਰੁੱਕ, ਗਰੀਅਰਸਨ ਆਦਿ ਨੇ ਲੋਕਧਾਰਾ ਦੇ ਖੇਤਰ ਵਿਚ ਮਹਾਨ ਯੋਗਦਾਨ ਪਾਇਆ। ਇਹ ਅੰਗਰੇਜ਼ੀ ਦੇ ਸ਼ਬਦ 'ਫੋਕਲੋਰ' ਦਾ ਸਮਾਨਆਰਥਕ ਹੈ। ਸਭ ਤੋਂ ਪਹਿਲਾਂ ਫੋਕਲੋਰ ਦੀ ਵਰਤੋਂ ਵਿਲੀਅਮ ਜਾੱਨ ਥਾਮਸ ਨੇ ਕੀਤੀ ਸੀ। ਬਹੁਤ ਸਾਰੇ ਪੱਛਮੀ ਤੇ ਭਾਰਤੀ ਵਿਦਵਾਨਾਂ ਨੇ ਆਪਣੇ ਆਪਣੇ ਪੱਖਾਂ ਨੂੰ ਆਧਾਰ ਬਣਾ ਕੇ ਫੋਕਲੋਰ ਨੂੰ ਵੱਖੋ ਵੱਖਰੇ ਨਾਮ ਦਿੱਤੇ ਹਨ।

ਪੰਜਾਬੀ ਵਿਦਵਾਨਾਂ ਦੀ ਨਜ਼ਰ ਵਿੱਚ:-

ਕਰਨੈਲ ਸਿੰਘ ਥਿੰਦ (ਲੋਕਯਾਨ)

ਸੁਹਿੰਦਰ ਸਿੰਘ ਬੇਦੀ (ਲੋਕਧਾਰਾ)

ਪ੍ਰਿੰ. ਤੇਜਾ ਸਿੰਘ (ਲੋਕ ਪਰੰਪਰਾ)

ਹਰਿਭਜਨ ਸਿੰਘ (ਲੋਕਵੇਦ)

ਪਾਕਿਸਤਾਨੀ ਵਿਦਵਾਨ (ਲੋਕ ਵਿਰਸਾ)

ਹਿੰਦੀ ਵਿਦਵਾਨ(ਲੋਕ ਸੰਸਕ੍ਰਿਤੀ)

ਲੋਕਧਾਰਾ ਦੇ ਖੇਤਰ ਵਿਚ ਪੰਜਾਬ ਦੇ ਬਹੁਤ ਸਾਰੇ ਵਿਦਾਵਾਨਾਂ ਨੇ ਲੋਕਧਾਰਾ ਦੇ ਖੇਤਰ ਵਿਚ ਯੋਗਦਾਨ ਪਾਇਆ ਅਤੇ ਪਾ ਰਹੇ ਹਨ। ਲੋਕਧਾਰਾ ਦੇ ਖੇਤਰ ਵਿਚ ਪੰਜਾਬੀ ਦੇ ਡਾ. ਜੀਤ ਸਿੰਘ ਜੋਸ਼ੀ, ਡਾ. ਨਾਹਰ ਸਿੰਘ, ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਡਾ. ਕਰਨੈਲ ਸਿੰਘ ਥਿੰਦ, ਡਾ. ਭੁਪਿੰਦਰ ਸਿੰਘ ਖਹਿਰਾ, ਡਾ.ਮਹਿੰਦਰ ਰੰਧਾਵਾਂ, ਡਾ.ਸਤਿੰਦਰ ਔਲਖ, ਸ਼ਰਧਾ ਰਾਮ ਫਿਲੌਰੀ, ਅਵਤਾਰ ਸਿੰਘ ਦਲੇਰ ਅਤੇ ਡਾ. ਕਰਮਜੀਤ ਸਿੰਘ ਨੇ ਲੋਕਧਾਰਾਂ ਦੇ ਸਿਧਾਂਤਕ ਅਤੇ ਵਿਹਾਰਕ ਪੱਖ ਵਿੱਚ ਬਹੁਤ ਯੋਗਦਾਨ ਪਾਇਆ ਅਤੇ ਪਾ ਰਹੇ ਹਨ। ਇਸ ਤੋਂ ਇਲਾਵਾ ਇਸੇ ਖੇਤਰ ਵਿਚ ਬਹੁਤ ਸਾਰਿਆਂ ਖੋਜ ਪ੍ਰਤਿੱਕਾ (ਪੰਜਾਬੀ ਯੂਨੀਵਰਸਿਟੀ ਪਟਿਆਂਲਾ), ਖੋਜ ਦਰਪਣ (ਗੁਰੂ ਨਾਨਕ ਦੇਵ ਯੂਨੀਵਰਸਿਟੀ), ਖੋਜ (ਪੰਜਾਬ ਯੂਨੀਵਰਸਿਟੀ) ਵਲੋਂ ਪ੍ਰਕਾਸ਼ਿਤ ਕਰਵਾਏ ਜਾ ਰਹੇ ਹਨ। ਵੱਖੋ ਵੱਖਰੇ ਲੋਕਧਾਰਾ ਵਿਗਿਆਨੀਆਂ ਨੇ ਲੋਕਧਾਰਾ ਨੂੰ ਆਂਪਣੇ ਆਪਣੇ ਨਜ਼ਰੀਏ ਅਨੁਸਾਰ ਪਰਿਭਾਸ਼ਿਤ ਕੀਤਾ ਹੈ। **ਪਰਿਭਾਸ਼ਾਵਾਂ**

**ਡਾ. ਥਿੰਦ ਲੋਕਧਾਰਾ ਦੀ ਪਰਿਭਾਸ਼ਾ ਇਸ ਪ੍ਰਕਾਰ ਕਰਦੇ ਹਨ**:- "ਪਰੰਪਰਾਗਤ ਰੂਪ ਵਿਚ ਪ੍ਰਾਪਤ ਸੰਸਕ੍ਰਿਤੀ ਦੇ ਅੰਸ਼ਾਂ ਅਤੇ ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼ਾ ਨਾਲ ਭਰਪੂਰ ਲੋਕ ਸੰਸਕ੍ਰਿਤੀ ਦਾ ਉਹ ਗਿਆਨ ਜਿਸਨੂੰ ਲੋਕ

ਸਮੂਹ ਪ੍ਰਵਾਨਗੀ ਦੇ ਕੇ ਪੀੜ੍ਹੀਉ ਪੀੜ੍ਹੀ ਅੱਗੇ ਤੋਰੇ ਲੋਕਯਾਨ ਹੈ। ਇਸ ਵਿਚ ਕਲਾ, ਸਾਹਿਤ, ਭਾਸ਼ਾ, ਅਨੁਸ਼ਠਾਨ, ਵਿਸ਼ਵਾਸ ਕਿੱਤੇ ਅਤੇ ਮੰਨੋਰੰਜਨ ਆਦਿ ਲੋਕ ਜੀਵਨ ਦੇ ਕਿਸੇ ਖੇਤਰ ਨਾਲ ਸੰਬੰਧਿਤ ਸਮੱਗਰੀ ਸ਼ਾਮਿਲ ਹੋ ਸਕਦੀ ਹੈ।"[1]

**ਜੀਤ ਸਿੰਘ ਜੋਸ਼ੀ ਅਨੁਸਾਰ**, "ਵਿਲੀਅਮ ਜਾਨ ਥਾਮਸ ਨੇ folk ਅਤੇ lore ਨੂੰ ਯੌਗਿਕ ਸ਼ਬਦ ਵਜੋਂ ਪ੍ਰਯੋਗ ਕਰਦੇ ਹੋਏ ਇਸ ਤਰ੍ਹਾਂ ਦੀ ਰੰਗਤ ਵਾਲੀ ਸਮੱਗਰੀ ਨੂੰ folklore ਦਾ ਨਾਮ ਦਿੱਤਾ ਸੀ। ਅੰਗਰੇਜ਼ੀ ਵਿਚ ਫੋਕ ਸ਼ਬਦ ਦੀ ਉੱਤਪਤੀ ਏਗਲੋਂ ਸ਼ੈਕਸ਼ਨ ਸ਼ਬਦ ਫੋਲਕ ਤੋਂ ਹੋਈ ਮੰਨੀ ਗਈ ਹੈ। ਜਿਸ ਨੂੰ ਜਰਮਨ ਭਾਸ਼ਾ ਵਿਚ ਵੋਲਕ ਕਹਿੰਦੇ ਹਨ। ਵਿਲੀਅਮ ਥਾਮਸ ਦੀ ਦ੍ਰਿਸ਼ਟੀ ਤੋਂ ਅਸੱਭਿਅ ਜਾਤਾਂ ਦੇ ਵਿਅਕਤੀ ਹੀ ਫੋਕ ਹੁੰਦੇ ਹਨ। ਅਤੇ ਲੋਰ ਤੋਂ ਉਸਦਾ ਭਾਵ 'ਸਰਬ ਸਾਧਾਰਨ ਜਨਤਾ ਦਾ ਗਿਆਨ ਸੀ। "[2]

ਡਾ. ਬੇਦੀ ਨੇ ਲੋਕਧਾਰਾ ਦੇ ਖੇਤਰ ਵਿਚ ਸਭ ਤੋਂ ਵੱਧ ਯੋਗਦਾਨ ਪਾਇਆ। ਡਾ. ਬੇਦੀ ਨੇ ਅੱਠ ਜਿਲਦਾਂ ਦਾ ਲੋਕਧਾਰਾ ਵਿਸ਼ਵ ਕੋਸ਼ ਪੰਜਾਬੀ ਸਾਹਿਤ ਦੀ ਝੋਲੀ ਪਾਇਆ।

**ਡਾ. ਬੇਦੀ ਅਨੁਸਾਰ**, "ਲੋਕਧਾਰਾ ਕਿਸੇ ਜਾਤੀ ਦੇ ਵਿਰਸੇ ਦਾ ਉਹ ਸੱਚ ਹੈ। ਜਿਸ ਦੇ ਗਹਿਰੇ ਅਧਿਐਨ ਬਗ਼ੈਰ ਕਿਸੇ ਜਾਤੀ ਦੀ ਸੱਭਿਆਚਾਰਕ ਪਛਾਣ ਨਹੀਂ ਹੋ ਸਕਦੀ। ਇਹ ਸੱਚ ਇੱਕ ਪ੍ਰਵਾਹ ਵਾਂਗ ਹੈ ਪਰੰਪਰਾ ਤੋਂ ਚੱਲਦਾ, ਯੁੱਗਾਂ ਨਾਲ ਕਦਮ ਮੇਚ ਕੇ ਤੁਰਦਾ, ਹਰੇਕ ਸਭਿਆਚਾਰਕ ਵਰਤਾਰੇ , ਵਸਤੂ ਅਤੇ ਸੋਚ ਵਿਚ ਆਪਣਾ ਜਲੌ ਦਰਸਾਉਂਦਾ ਹੈ। ਲੋਕਧਾਰਾ ਭਾਵੇਂ ਜੀਵਨ ਨਾਲੋਂ ਕਿਤਨੀ ਹੀ ਵਿੱਲਖਣ ਅਤੇ ਅਦਭੁੱਤ ਹੋਵੇ, ਕਿਤਨੀ ਹੀ ਬੇਯਕੀਨੀ ਅਤੇ ਮਿਥੀਕਲ ਹੋਵੇ ਜਾਤੀ ਦੀ ਮਾਨਸਿਕਤਾ ਉੱਤੇ ਆਧਾਰਿਤ ਯਥਾਰਤ ਹੀ ਹੁੰਦੀ ਹੈ। ਜੋ ਲੋਕ ਮਨ ਦੀ ਪ੍ਰਵਿਰਤੀਆਂ ਤੋਂ ਸ਼ਕਤੀ ਲੈਂਦਾ ਹੈ। "[3]

**ਪਿਆਰ ਸਿੰਘ ਅਨੁਸਾਰ**, "ਇਹ ਕਿਸੇ ਵੀ ਜਾਤੀ ਦੀ ਸੰਸਕ੍ਰਿਤੀ ਦਾ ਉਹ ਅੰਗ ਹੈ, ਜਿਸ ਵਿਚ ਇਸ ਦੇ ਘੜਨਹਾਰਿਆ ਦਾ ਅਲਿਖਤ ਇਤਿਹਾਸ, ਉਨ੍ਹਾਂ ਦੀਆਂ ਅਸ਼ਾਵਾਂ, ਨਿਰਾਸ਼ਾਵਾਂ, ਰੁਚੀਆਂ, ਵਿਸ਼ਵਾਸਾਂ, ਭਰਮਾਂ, ਪ੍ਰਾਪਤੀਆਂ, ਅਪ੍ਰਾਪਤੀਆਂ, ਰੜਕਾਂ, ਅਰੜਕਾਂ, ਘੋਲਾਂ, ਸੰਘਰਸ਼ਾਂ ਤੇ ਜਿੰਦਗੀ ਸੰਬੰਧੀ ਕਦਰਾਂ – ਕੀਮਤਾਂ ਦੀ ਕਹਾਣੀ ਪ੍ਰਤੀਬਿੰਬ ਹੁੰਦੀ ਹੈ।"[4]

**ਡਾ. ਨਾਹਰ ਸਿੰਘ ਦੇ ਸ਼ਬਦਾਂ ਵਿਚ,** "ਲੋਕਧਾਰਾ ਕਿਸੇ ਵਿਸ਼ੇਸ਼ ਮਨੁੱਖੀ ਸਮੂਹ ਦੀ ਸਥਿਤੀ, ਅਨੁਭਵਾਂ, ਵਿਚਾਰਧਾਰਾਵਾਂ, ਸੱਧਰਾਂ, ਸੰਵੇਦਨਾਵਾਂ, ਚਾਵਾਂ, ਸੁਪਨਿਆਂ ਅਤੇ ਸੰਸਿਆਂ ਦੀ ਪਰੰਪਰਾਗਤ ਰੂਪ ਵਿਧੀਆਂ ਵਿਚ ਸੁਚੇਤ ਅਤੇ ਅਚੇਤ ਦੋਹਾਂ ਪੱਧਰਾਂ ਉੱਤੇ ਪੇਸ਼ਕਾਰੀ ਹੈ। ਲੋਕਧਾਰਾ ਦੀ ਰੀੜ੍ਹ ਦੀ ਹੱਡੀ ਉਹ ਪਰੰਪਰਿਕ ਧਾਰਾ ਹੈ ਜਿਸ ਨੂੰ ਕਿਸੇ ਲੋਕ ਸਮੂਹ ਜਾਂ ਜਾਤੀ ਦੇ ਲੋਕਮਨ ਨੇ ਆਪਣੀਆਂ ਪ੍ਰਵਿਰਤੀਆਂ ਅਨੁਸਾਰ ਲੋਕ ਰੂੜ੍ਹੀਆਂ ਦੇ ਆਧਾਰ ਤੇ ਇਸ ਨੂੰ ਸਮੂਹਿਕ ਦੇ ਰੂਪ ਵਿਚ ਪ੍ਰਵਾਨਗੀ ਦੇ ਕੇ ਆਪਣੀ ਪ੍ਰੰਪਰਾ ਦਾ ਅੰਗ ਬਣਾ ਕੇ ਪੀੜ੍ਹੀਉ ਪੀੜ੍ਹੀ ਅੱਗੇ ਤੋਰ ਦਿੱਤਾ।"[5]

**ਡਾ. ਕਰਨਜੀਤ ਸਿੰਘ ਅਨੁਸਾਰ**, "ਲੋਕਧਾਰਾ ਜਾਤੀ ਦੇ ਵੱਡੇ ਵਡੇਰਿਆਂ ਦੀਆਂ ਅਕਾਂਖਿਆਵਾਂ ਤੇ ਆਦਰਸ਼ਾ ਦਾ ਸੀਸ਼ਾ ਹੈ। ਇਹ ਆਦਿ ਕਾਲ ਤੋਂ ਅੱਜ ਤੱਕ ਦਾ ਲੋਕਾਂ ਦੇ ਸੁਪਨਿਆਂ ਦਾ ਇਤਿਹਾਸ ਅਤੇ ਇਹਨਾਂ ਨੂੰ ਸਾਕਾਰ ਕਰਨ ਲਈ ਉੱਤਮ ਤੇ ਉਤਸ਼ਾਹ ਦਾ ਘੋਸ਼ਣਾ ਪੱਤਰ ਹੈ। ਇਸ ਤੋਂ ਜਾਤੀ ਵਿਸ਼ੇਸ਼ ਦੇ ਭਵਿੱਖ ਬਾਰੇ ਵੀ ਕੁੱਝ

ਅਨੁਮਾਨ ਲਗਾਏ ਜਾ ਸਕਦੇ ਹਨ। ਲੋਕਧਾਰਾ ਦਾ ਅਧਿਐਨ ਜਾਤੀ ਦੀ ਪਛਾਣ ਦਾ ਇਕ ਵੱਡਾ ਅਤੇ ਮਹੱਤਵਪੂਰਨ ਮਾਧਿਅਮ ਹੈ"[6] (ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਆਪਣੇ ਵਲੋਂ)। ਇਸ ਤਰ੍ਹਾਂ ਲੋਕਧਾਰਾ ਦੇ ਅੰਤਰਗਤ ਮਨੁੱਖੀ ਸਮਾਜ ਵਿਚ ਵਿਚਰਨ ਵਾਲਾ ਮੌਖਿਕ ਰੂਪ ਆਉਂਦਾ ਹੈ। ਲੋਕਧਾਰਾ ਮਨੱਖੀ ਸਮਾਜ ਵਿਚ ਪਰੰਪਰਾਗਤ ਰੂਪ ਵਿਚ ਚੱਲਦੀ ਰਹਿੰਦੀ ਹੈ।

**ਪੱਛਮੀ ਵਿਦਵਾਨਾਂ ਅਨੁਸਾਰ:-ਲੋਕਧਾਰਾ ਸ਼ਾਸਤਰੀ ਆਰਚਰ ਟੇਲਰ ਅਨੁਸਾਰ,** "ਲੋਕਧਾਰਾ ਅਜਿਹੀ ਸਮੱਗਰੀ ਹੈ ਜੋ ਪਰੰਪਰਾਗਤ ਰੂਪ ਵਿੱਚ ਪ੍ਰਾਪਤ ਹੁੰਦੀ ਹੈ। ਇਹ ਜ਼ੁਬਾਨੀ ਰੂਪ ਵਿਚ ਲੋਕ ਗੀਤਾਂ, ਲੋਕ ਕਹਾਣੀਆਂ, ਬੁਝਾਰਤਾਂ, ਅਖੌਤਾਂ ਅਤੇ ਕਈ ਹੋਰ ਰੂਪਾਂ ਵਿਚ ਸ਼ਬਦਾਂ ਦੁਆਰਾ ਸੁਰਿੱਖਅਤ ਕੀਤੀ ਜਾਂਦੀ ਹੈ। ਇਹ ਰੀਤਾਂ - ਰਿਵਾਜਾਂ ਜਾਂ ਕੰਮ ਧੰਦਿਆਂ ਦੇ ਰੂਪ ਵਿਚ ਵੀ ਮਿਲਦੀ ਹੈ।"[7]

**ਮਾਰੀਓਮ ਬਾਰਬੋ** ਦੀ ਦ੍ਰਿਸ਼ਟੀ ਵਿਚ ਫੋਕਲੋਰ ਦਾ ਅਰਥਉਹ ਸਾਰਾ ਕੁੱਝ ਹੈ, "ਜਿਹੜਾ ਕਿ ਪੁਰਾਤਨ ਸਮਿਆਂ ਤੋਂ ਅੱਜ ਤਕ 'ਮਨੁੱਖੀ ਸਭਿਆਚਾਰ' ਦਾ ਹਿੱਸਾ ਬਣਦਾ ਆ ਰਿਹਾ ਹੈ। ਇਸ ਦਾ ਸੰਚਾਰ ਪੁਰਾਣੀ ਪੀੜ੍ਹੀ ਤੋਂ ਨਵੀਂ ਪੀੜ੍ਹੀ ਤੱਕ ਬਿਨ੍ਹਾਂ ਕਿਸੇ ਪੁਸਤਕ ਪ੍ਰਕਾਸ਼ਨ ਦੇ ਜਾਂ ਸਕੂਲ ਅਧਿਆਪਕ ਦੇ ਹੁੰਦਾ ਹੈ।"[8]

**ਐਸਪੀਨੋਜ਼ਾ ਦਾ ਵਿਚਾਰ ਹੈ ਕਿ** "ਪ੍ਰਾਚੀਨ ਵਿਚ ਲੋਕਧਾਰਾ ਗਿਆਨ ਦਾ ਉਹ ਭੰਡਾਰ ਹੈ ਜੋ ਜਾਤੀ ਨੇ ਆਪਣੇ ਇਤਿਹਾਨ ਰਾਹੀ ਇੱਕਤਰ ਕੀਤਾ ਜਾਂ ਜੀਵਨ ਵਰਤਾਰਿਆਂ ਵਿਚ ਵਰਤਿਆ ਅਤੇ ਜੋ ਪਿਤਾ ਪੁਰਖੀ ਤੋਂ ਅੱਗੇ ਚੱਲਦਾ ਆਇਆ ਉਹ ਸਭ ਕੁੱਝ ਲੋਕਧਾਰਾ ਹੈ।"[9]

## ਲੋਕਧਾਰਾ ਦੇ ਤੱਤ -:

ਲੋਕਧਾਰਾ ਨੂੰ ਵਿਸਥਾਰ ਵਿਚ ਜਾਣਨ ਲਈ ਇਸ ਦੇ ਤੱਤਾਂ ਨੂੰ ਘੋਖਵੀਂ ਨਜ਼ਰ ਤੇ ਨੀਝ ਨਾਲ ਜਾਚਣਾਂ ਜ਼ਰੂਰੀ ਬਣ ਜਾਂਦਾ ਹੈ। ਲੋਕਧਾਰਾ ਆਪਣੇ ਆਪ ਵਿਚ ਵਿੱਲਖਣ ਤੱਤਾਂ ਦੀ ਧਾਰਨੀ ਹੈ ਇਹ ਤੱਤ ਹੀ ਲੋਕਧਾਰਾ ਨੂੰ ਬਾਕੀ ਸ਼ਾਸਤਰਾਂ ਨਾਲੋਂ ਵੱਖਰੇਵਾਂ ਪ੍ਰਧਾਨ ਕਰਕੇ ਲੋਕਧਾਰਾ ਨਾਂ ਦਾ ਵੱਖਰਾਂ ਸ਼ਾਸਤਰ ਸਿਰਜਦੇ ਹਨ।

**ਡਾ. ਬੇਦੀ ਦਾ ਕਹਿਣਾ ਹੈ ਕਿ,** "ਲੋਕ ਮਾਨਸ ਦੀ ਜੋਤ ਹਰ ਮਨ ਵਿਚ ਜਗਦੀ ਹੈ। ਇਹ ਕਿਤੇ ਮੱਧਮ ਹੈ, ਕਿਤੇ ਵਧੇਰੇ ਪ੍ਰਚੱਲਿਤ ਹੈ ਪਰ ਕੋਈ ਵੀ ਮਾਨਵੀ ਮਨ ਲੋਕ ਮਾਨਸਿਕਤਾ ਦੇ ਲੱਛਣਾਂ ਤੋਂ ਬਿਲਕੁਲ ਸੱਖਣਾ ਨਹੀਂ ਹੁੰਦਾ।"[10]

ਡਾ. ਕਰਨੈਲ ਸਿੰਘ ਥਿੰਦ ਅਤੇ ਡਾ. ਸੁਹਿੰਦਰ ਸਿੰਘ ਵੱਲੋਂ ਲੋਕਧਾਰਾ ਦੇ ਜਿਹੜੇ ਪ੍ਰਮੁੱਖ ਤੱਤ ਤਜਵੀਜ਼ ਕੀਤੇ ਗਏ ਹਨ ਉਹ ਸੱਚ ਮੁੱਚ ਹੀ ਮਹੱਤਵਪੂਰਨ ਹਨ ਉਹਨਾਂ ਤੱਤਾਂ ਦੀ ਅਣਹੋਂਦ ਕਾਰਨ ਕਿਸੇ ਵੀ ਰਚਨਾ, ਘਾੜਤ, ਸੋਚ ਜਾਂ ਵਰਤਾਰੇ ਨੂੰ ਲੋਕਧਾਰਾ ਦੀ ਜੱਦ ਵਿਚ ਸ਼ਾਮਿਲ ਕਰਨਾ ਅਸੰਭਵ ਹੋਵੇਗਾ। ਇਨ੍ਹਾਂ ਵਿਚ ਇਹ ਤੱਤ ਪ੍ਰਮੁੱਖ ਮੰਨੇ ਗਏ ਹਨ: (ੳ) ਪਰੰਪਰਾ (ਅ) ਲੋਕ ਮਨ (ੲ) ਲੋਕ ਸਭਿਆਚਾਰ"[11]

ਵੱਖੋ - ਵੱਖਰੇ ਲੋਕਧਾਰਾ ਵਿਗਿਆਨੀਆਂ ਨੇ ਲੋਕਧਾਰਾ ਦੇ ਅੱਗੇ ਦਿੱਤੇ ਤੱਤ ਤਜ਼ਵੀਜ ਕੀਤੇ ਹਨ:-

1) ਮੌਖਿਕਤਾ
2) ਲੋਕ ਮਾਨਸ / ਚਿੱਤ
3) ਲੋਕ ਪ੍ਰਵਾਨਗੀ

4) ਪਰੰਪਰਾ
5) ਲੋਕ ਸੰਸਕ੍ਰਿਤੀ

## ਮੌਖਿਕਤਾ

ਲੋਕਧਾਰਾ ਦੀਆਂ ਪਰਿਭਾਸ਼ਾਵਾਂ ਨੂੰ ਨੀਝ ਨਾਲ ਘੋਖੀਏ ਤਾਂ ਮੌਖਿਕਤਾ ਲੋਕਧਾਰਾ ਦਾ ਅਤਿਅੰਤ ਮਹੱਤਵਪੂਰਨ ਤੱਤ ਲੱਗਦਾ ਹੈ। ਮੌਖਿਕਤਾ ਤੋਂ ਭਾਵ ਮੌਖਿਕ ਰੂਪ ਪ੍ਰਾਪਤ ਹੋਣਾ ਹੈ। ਮੌਖਿਕ ਰੂਪ ਤੋਂ ਭਾਵ ਉਚਾਰਨ ਰੂਪ ਵਿਚ ਗ੍ਰਹਿਣ ਹੋਣਾ ਹੈ। ਜਿਵੇਂ ਪੰਜਾਬੀ ਸਭਿਆਚਾਰ ਵਿਚ ਰਸਮਾਂ ਰਿਵਾਜ ਜਨਮ ਤੋਂ ਲੈ ਕੇ ਮਰਨ ਤੱਕ ਪੀੜ੍ਹੀ ਦਰ ਪੀੜ੍ਹੀ ਮੌਖਿਕ ਰੂਪ ਵਿਚ ਹੀ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਪਹੁੰਚਦੇ ਹਨ ਅਤੇ ਗ੍ਰਹਿਣ ਕੀਤੇ ਜਾਂਦੇ ਹਨ। ਇਹਨਾਂ ਸਾਰੇ ਰਸਮਾਂ ਰਿਵਾਜਾਂ ਦਾ ਭਾਵੇਂ ਲਿਖਤ ਰੂਪ ਵੀ ਸੰਭਵ ਹੈ ਪਰ ਇਹ ਮੌਖਿਕਤਾ ਇਹਨਾਂ ਦਾ ਮੁੱਢਲਾ ਅਤੇ ਉਭਰਵਾਂ ਲੱਛਣ ਹੈ। ਜਿਵੇਂ :- ਗਿੱਧਾ, ਭੰਗੜਾ, ਖੇਡਾਂ ਅਤੇ ਰਸਮਾਂ ਰਿਵਾਜ ਭਾਵੇਂ ਲਿਖਤ ਰੂਪ ਵਿਚ ਪ੍ਰਾਪਤ ਹੁੰਦੇ ਹਨ ਪਰ ਇਹ ਪੀੜ੍ਹੀ ਦਰ ਪੀੜ੍ਹੀ ਮੌਖਿਕ ਰੂਪ ਵਿਚ ਹੀ ਵਿਚਰਦੇ ਹਨ ਤੇ ਮੌਖਿਕ ਰੂਪ ਵਿਚ ਜਲਦੀ ਸੰਚਾਲਿਤ ਹੋਣ ਦੀ ਸ਼ਕਤੀ ਰੱਖ ਦੇ ਹਨ। ਮੌਖਿਕਤਾ ਲੋਕਧਾਰਾ ਦਾ ਅਜਿਹਾ ਤੱਤ ਹੈ ਜਿਸ ਦੇ ਰਾਹੀ ਲੋਕਧਾਰਾ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕਤਰ  ਕੀਤਾ ਜਾਂਦਾ ਅਤੇ ਸੰਭਾਲ ਕੇ ਰੱਖਿਆ ਜਾਂਦਾ ਅਤੇ ਸੰਭਾਲਿਆ ਗਿਆ ਹੈ।

## ਪਰੰਪਰਾ

ਪਰੰਪਰਾ ਵੀ ਲੋਕਧਾਰਾ ਦਾ ਪ੍ਰਮੁੱਖ ਅੰਗ ਹੈ। ਪਰੰਪਰਾ ਅੰਗਰੇਜ਼ੀ ਸਮਾਨਆਰਥਕ trandition ਹੈ। ਪਰੰਪਰਾ ਤੋਂ ਬਿਨ੍ਹਾਂ ਲੋਕਧਾਰਾ ਦੀ ਕੋਈ ਹੋਂਦ ਨਹੀਂ ਹੈ। ਕਿਸੇ ਵੀ ਮਾਨਵ ਸਮੂਹ ਜਾਤੀ ਦੀ ਪ੍ਰਾਚੀਨਤਾ/ ਪ੍ਰਾਚੀਨ ਇਤਿਹਾਸਿਕਤਾ ਨੂੰ ਜਾਣਨ ਲਈ ਪਰੰਪਰਾਈ ਅੰਸ਼ਾਂ ਦਾ ਸਹਾਰਾ ਲੈਣਾ ਪੈਂਦਾ ਹੈ। ਪਰੰਪਰਾ ਹਰ ਇਕ ਮਾਨਵ ਸਮੂਹ ਦੀਆਂ ਪ੍ਰਸਥਿਤੀਆਂ ਦੇ ਅਨੁਸਾਰ ਹੁੰਦੀ ਹੈ। ਪਰੰਪਰਾ ਕਿਸੇ ਵੀ ਮਾਨਵ ਸਮੂਹ ਦੇ ਰੂੜ੍ਹ ਹੋ ਚੁੱਕੇ ਰੀਤੀ ਰਿਵਾਜ਼ ਜਾਂ ਸਮਾਜਿਕ ਗਤੀਵਿਧੀਆਂ ਨੂੰ ਕਹਿੰਦੇ ਹਨ।

**ਵਣਜਾਰਾ ਬੇਦੀ ਅਨੁਸਾਰ**, "ਲੋਕ ਸੰਸਕ੍ਰਿਤੀ ਦੀ ਯਾਤਰਾ ਸਦਾ ਪਰੰਪਰਾ ਮੁੱਖੀ ਰਹੀ ਹੈ ਅਤੇ ਇਸ ਯਾਤਰਾ ਦਾ ਸਾਰਾ ਅਡੰਬਰ ਲੋਕਧਾਰਾ ਹੀ ਸਾਕਾਰ ਕਰਦੀ ਹੈ।"[12]

**ਫੋਕਲੋਰ ਸੁਸਾਇਟੀ ਆੱਫ਼ ਲੰਦਨ ਅਨੁਸਾਰ**, "ਲੋਕਧਾਰਾ ਪਰੰਪਰਾ ਦੀ ਸਾਇੰਸ ਹੈ।"[13]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਕੋਈ ਵੀ ਸਮਾਜ ਪਰੰਪਰਾ ਤੋਂ ਬਿਨ੍ਹਾਂ ਨਹੀਂ ਹੈ। ਲੋਕਧਾਰਾ ਦਾ ਪ੍ਰਮੁੱਖ ਅੰਸ਼ ਪਰੰਪਰਾ ਹੀ ਹੈ।

## ਲੋਕ ਮਨ ਜਾਂ ਲੋਕ ਮਾਨਸ

ਲੋਕ ਮਨ ਜਾਂ ਲੋਕ ਮਾਨਸ ਲੋਕਧਾਰਾ ਦਾ ਪ੍ਰਮੁੱਖ ਤੱਤ ਹੈ। ਇਸ ਨੂੰ ਲੋਕ ਚਿੱਤ ਅਤੇ ਲੋਕ ਮਾਨਸਿਕਤਾ ਵੀ ਕਿਹਾ ਜਾਂਦਾ ਹੈ। ਇਹ ਲੋਕ ਜੀਵਨ ਦੀ ਮਾਨਸਿਕ ਸਥਿਤੀ ਨਾਲ ਸੰਬੰਧਿਤ ਹੁੰਦੀ ਹੈ।

**ਡਾ. ਵਣਜਾਰਾ ਬੇਦੀ ਦੇ ਅਨੁਸਾਰ**, "ਲੋਕ ਸੰਸਕ੍ਰਿਤੀ ਦੀ ਹਰ ਮਾਨਸਿਕ ਅਤੇ ਭੌਤਿਕ ਪ੍ਰਕਿਰਿਆ ਦੇ ਵੇਗ ਦਾ ਮੂਲ ਸਰੋਤ ਸਮੂਹਿਕ ਚਿੱਤ ਹੁੰਦਾ ਹੈ। ਇਸੇ ਸਮੂਹਿਕ ਚਿੱਤ ਨੂੰ ਲੋਕਮਨ ਕਿਹਾ ਜਾਂਦਾ ਹੈ। ਲੋਕਮਨ ਸਦਾ ਜਾਗ੍ਰਿਤ ਜੋਤ ਹੈ ਜੋ ਆਦਿ ਜੁਗਾਦਿ ਤੋਂ ਹਰ ਮਨ ਵਿਚ ਪ੍ਰਕਾਸ਼ਮਾਨ ਚਲੀ ਆ ਰਹੀ ਹੈ। ਇਹ ਧੁੰਦਲੀ ਤਾਂ ਪੈ ਜਾਂਦੀ ਹੈ ਪਰ ਕਦੇ ਕਿਸੇ ਮਨ ਵਿਚ ਬੁੱਝਦੀ ਨਹੀਂ।"[14]

**ਡਾ. ਕਰਨੈਲ ਸਿੰਘ ਥਿੰਦ ਨੇ ਡਾ. ਸਤੇਂਦਰ ਦੇ ਹਵਾਲੇ ਨਾਲ** ਲੋਕ ਮਨ ਦੀਆਂ ਚਾਰ ਵਿਸ਼ੇਸਤਾਵਾਂ/ ਸ਼੍ਰੇਣੀਆਂ ਦਾ ਜ਼ਿਕਰ ਕੀਤਾ ਹੈ :-

ੳ) ਪਰਾ ਕਲਪਨਾ

ਅ) ਆਤਮਸ਼ੀਲ ਚਿੰਤਨ

ੲ) ਟੂਣਾ ਚਿੰਤਨ (Magical thnking)

ਸ) ਅਨੁਸ਼ਠਾਨ ਚਿੰਤਨ।"[15]

**ਬਲਵੀਰ ਸਿੰਘ ਪੂਨੀ** ਨੇ ਇਹਨਾਂ ਨੂੰ ਚਾਰ ਵਰਗਾਂ ਵਿਚ ਵੰਡਿਆਂ ਹੈ।

1. ਅਨੋਖਾ ਕਲਪਨਾ ਚਿੰਤਨ
2. ਜਾਦੂ ਟੂਣਾ ਚਿੰਤਨ
3. ਚੇਤਨਵਾਦੀ ਚਿੰਤਨ (Animistic Thinking)
4. ਰੀਤ ਚਿੰਤਨ (Ritual Thinking)

ਇਸ ਤਰ੍ਹਾਂ ਸਾਰੇ ਲੋਕਧਾਰਾ ਵਿਦਵਾਨਾਂ ਦੀ ਵਰਗਵੰਡ ਨੂੰ ਧਿਆਨ ਗੋਚਰ ਕਰਕੇ ਲੋਕ ਮਨ ਦੀ ਵਰਗਵੰਡ ਕੀਤੀ ਗਈ ਹੈ।

## ਅਨੋਖਾ ਕਲਪਨਾ ਚਿੰਤਨ

ਇਸ ਨੂੰ ਪਰਾ - ਕਲਪਨਾ ਚਿੰਤਨ ਵੀ ਕਹਿੰਦੇ ਹਨ ਜਿਸ ਦਾ ਮੂਲ ਆਧਾਰ ਕਲਪਨਾ ਤੇ ਅਧਾਰਿਤ ਹੁੰਦਾ ਹੈ। ਭਾਵ ਮਨੁੱਖੀ ਜੀਵਨ ਕਾਲਪਨਿਕ ਪੱਧਰ ਤੇ ਜੋ ਨਾ ਮੁਮਕਿਨ ਹੈ ਨੂੰ ਮੁਮਕਿਨ ਕਰਨ ਦੀ ਸ਼ਕਤੀ ਰੱਖਦਾ ਹੈ।

## ਜਾਦੂ ਟੂਣਾ ਚਿੰਤਨ ਜਾਂ ਟੂਣਾ ਚਿੰਤਨ (Magical Thinking)

ਜਦੋਂ ਤੋਂ ਮਨੁੱਖ ਹੋਂਦ ਵਿਚ ਆਇਆ ਹੈ ਉਹ ਰੱਬੀ ਸ਼ਕਤੀਆਂ ਨੂੰ ਆਪਣੇ ਵੱਸ ਵਿੱਚ ਕਰਨ ਲਈ ਕਈ ਉਪਰਾਲੇ ਅਪਣਾਉਂਦਾ ਆ ਰਿਹਾ ਹੈ। ਉਹ ਜਾਦੂ ਟੂਣਾ ਕਰਕੇ ਜਦੋਂ ਚਾਹੇ ਜੋ ਚਾਹੇ ਨੂੰ ਪ੍ਰਾਪਤ ਕਰਨ ਦੀ ਲਾਲਸਾ ਨਾਲ ਵਿਛੁਨਿਆਂ ਪਿਆ ਹੈ।

**ਵਣਜਾਰਾ ਬੇਦੀ ਦੇ ਅਨੁਸਾਰ**, "ਜਾਦੂ ਇਕ ਕਲਾ ਹੈ ਜੋ ਇਹ ਗੱਲ ਮਿੱਥ ਕੇ ਤੁਰਦੀ ਹੈ ਕਿ ਪ੍ਰਾਕਿਰਤੀ ਵਿਚ ਹਰੇਕ ਘਟਨਾ ਕਿਸੇ ਦੇਵੀ ਜਾਂ ਅਧਿਆਤਮਕ ਸ਼ਕਤੀ ਦੇ ਦਖ਼ਲ ਨਾਲ ਆਪਣੇ ਆਪ ਵਿਚ ਸਹਿਜ ਰੂਪ ਵਿਚ ਵਾਪਰਦੀ ਹੈ। ਇਸ ਲਈ ਮੰਤਰਾਂ, ਕਰਮ ਕਾਂਡਾਂ ਅਤੇ ਰੀਤਾਂ ਨਾਲ ਉਹ ਵਸਤੂ ਜਾਂ ਸਥਿਤੀ ਉੱਤੇ ਕਾਬੂ ਪਾ ਲੈਣ ਜਾਂ ਕਰਮ ਪੈਦਾ ਕਰਨ ਨਾਲ ਉਹ ਵਸਤੂ ਜਾਂ ਸਥਿਤੀ ਸੱਚਮੁੱਚ ਹੀ ਵੱਸ ਹੋ ਜਾਂਦੀ ਹੈ।"[16]ਉਦਾਰਹਣ ਵਜੋਂ, ਜੇ

ਕਿਸੇ ਦੇ ਵਿਆਹ ਦਾ ਕੰਮ ਨੇਪਰੇ ਨਹੀਂ ਚੜ੍ਹ ਰਿਹਾ ਤਾਂ ਇਹ ਸਮਝਿਆ ਜਾਂਦਾ ਹੈ ਕਿ ਉਸ ਬੰਦੇ ਦੇ ਸੰਯੋਗ ਬੱਝੇ ਹੋਏ ਹਨ। ਸੰਯੋਗਾਂ ਨੂੰ ਖੋਲਣ ਲਈ ਚੁਰੱਸਤੇ ਵਿਚ ਝਾੜੂ ਖਿਲਾਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਸੰਯੋਗ ਖੁਲ੍ਹ ਜਾਂਦਾ ਹੈ।

## ਚੇਤੰਨਵਾਦੀ ਚਿੰਤਨ

ਇਹ ਚਿੰਤਨ ਚੇਤੰਨਤਾ ਨਾਲ ਸੰਬੰਧਿਤ ਹੈ। ਲੋਕ ਮਨ ਦਾ ਵਿਸ਼ਵਾਸ਼ ਜਾਂ ਚੇਤੰਨਤਾ ਹੈ ਕਿ ਹਰ ਇਕ ਵਸਤੂ ਜੋ ਮਨੁੱਖ ਦੁਆਰਾ ਬਣਾਈ ਗਈ ਹੈ ਵੀ ਸਾਹ ਲੈਂਦੀ ਹੈ ਅਤੇ ਜਿਉਂਦੀ ਜਾਗਦੀਂ ਜਾਪਦੀ ਹੈ।

**ਵਣਜਾਰਾ ਬੇਦੀ ਦੇ ਅਨੁਸਾਰ**, "ਨੀਤੀ ਕਥਾਵਾਂ ਵਿਚ ਤਾਂ ਜੜ੍ਹ – ਚੇਤਨ ਅਤੇ ਭਾਵ ਵਾਚਕ ਸਭ ਵਸਤੂਆਂ ਕਾਇਆਧਾਰੀ ਹਨ। ਲੋਕ ਮਾਨਸ ਨਾ ਸਿਰਫ਼ ਕਾਇਆ ਅਤੇ ਪ੍ਰਣ ਤੱਤ ਪ੍ਰਧਾਨ ਕਰਦਾ ਹੈ ਸਗੋਂ ਉਸ ਵਿਚ ਮਨੁੱਖੀ ਵਿਅਕਤੀਤਤਵ ਅਤੇ ਨਿੱਜ ਦੀ ਪ੍ਰਛਾਈ ਵੇਖਦਾ ਹੈ।"[17]

## ਰੀਤ ਚਿੰਤਨ

ਰੀਤ ਨੂੰ ਅੰਗਰੇਜ਼ੀ ਵਿਚ Ritual Thinking ਵੀ ਆਖਦੇ ਹਨ। ਰੀਤ ਤੋਂ ਭਾਵ ਪੁਰਾਤਨ ਪੀੜ੍ਹੀ ਤੋਂ ਨਵੀਂ ਪੀੜ੍ਹੀ ਤੱਕ ਚਲੀ ਆ ਰਹੀਂ ਰੀਤ ਜਾਂ ਰਸਮ ਜੋ ਮਨੁੱਖੀ ਸਮਾਜ ਦਾ ਅਣਗੌਲਿਆ ਅੰਗ ਬਣ ਸਕਣ ਦੀ ਸ਼ਕਤੀ ਰੱਖਦੀ ਹੈ। ਰੀਤ ਮਨੁੱਖੀ ਸਮਾਜ ਦਾ ਅਨਿੱਖੜਵਾਂ ਤੇ ਅਟੁੱਟ ਅੰਗ ਰਹੀ ਹੈ। ਇਸ ਅਧੀਨ ਅਲੌਕਿਕ ਅਤੇ ਲੌਕਿਕ ਵਿਚ ਵਿਸ਼ਵਾਸ਼ ਰੱਖਿਆ ਜਾਂਦਾ ਹੈ।

**ਬਲਵੀਰ ਸਿੰਘ ਪੂਨੀ ਦੇ ਅਨੁਸਾਰ**, "ਲੋਕ ਮਾਨਸ ਦਾ ਪੱਕਾ ਯਕੀਨ ਹੈ ਕਿ ਮਨ ਇੱਛਤ ਫ਼ਲ ਦੀ ਪ੍ਰਾਪਤੀ ਕਿਸੇ ਨਾ ਕਿਸੇ ਕਰਮ ਕਾਂਡ ਦੀ ਲੋੜ ਹੁੰਦੀ ਹੈ। ਲੌਕਿਕ ਅਤੇ ਅਧਿਆਤਮਕ ਖੇਤਰ ਵਿਚ ਕਈ ਤਰ੍ਹਾਂ ਦੀਆਂ ਰੀਤਾਂ ਵਿਚ ਵਿਸ਼ਵਾਸ਼ ਰੱਖਿਆ ਜਾਂਦਾ ਹੈ। ਦੇਵੀ ਦੇਵਿਤਿਆਂ ਨੂੰ ਖੁਸ਼ ਕਰਨ ਲਈ, ਬੀਮਾਰੀ ਨੂੰ ਦੂਰ ਕਰਨ ਲਈ ਅਨੇਕਾਂ ਰੀਤਾਂ ਕੀਤੀਆਂ ਜਾਂਦੀਆਂ ਹਨ।"[18]ਇਸ ਤਰ੍ਹਾਂ ਰੀਤ ਚਿੰਤਨ ਦੌਰਾਨ ਮਨੁੱਖ ਆਪਣੀਆਂ ਮਨੋਕਾਮਨਾਵਾਂ ਲਈ ਕਰਮ ਕਾਡਾਂ ਨੂੰ ਉਪਜਾਉਦਾ ਹੈ।

## ਲੋਕ ਪ੍ਰਵਾਨਗੀ

ਲੋਕਧਾਰਾ ਦਾ ਪ੍ਰਮੁੱਖ ਤੱਤ ਲੋਕ ਪ੍ਰਵਾਨਗੀ ਵੀ ਹੈ। ਲੋਕ ਪ੍ਰਵਾਨਗੀ ਤੋਂ ਭਾਵ ਲੋਕ ਸਮੂਹ ਦੁਆਰਾ ਪ੍ਰਵਾਨ ਕੀਤਾ ਗਿਆ ਜਾਂ ਸਵੀਕਾਰਿਆ ਗਿਆ। ਲੋਕ ਸਮੂਹ ਪ੍ਰਵਾਨਗੀ ਵੀ ਉਸ ਕਾਰਜ ਨੂੰ ਦਿੰਦਾ ਹੈ ਜੋ ਲੋਕ ਹਿਤਕਾਰੀ ਹੋਵੇ ਅਤੇ ਸਰਵ ਲੋਕ ਲਈ ਕਲਿਆਣਕਾਰੀ ਅਤੇ ਉਪਯੋਗੀ ਸਿੱਧ ਹੋਵੇ।

**ਡੈਨਿਸ਼ ਭਾਸ਼ਾ ਵਿਗਿਆਨੀ ਜੈਸਪਰਸਨ ਦਾ ਵਿਚਾਰ ਹੈ ਕਿ** ,"ਕਿਸੇ ਵੀ ਪ੍ਰਕਾਰ ਦੇ ਲੋਕ ਸਾਹਿਤ ਦੀ ਰਚਨਾ ਕੇਵਲ ਇੱਕ ਵਿਗਿਆਨੀ ਹੀ ਕਰਦਾ ਹੈ ਪਿੱਛੋਂ ਅਦਲਾ ਬਦਲੀ ਭਾਵੇਂ ਸਾਰਾ ਸਮਾਜ ਹੀ ਕਰਦਾ ਹੈ।"[19]ਇਸ ਤਰ੍ਹਾਂ ਕਿਸੇ ਲੋਕਧਾਰਾਈ ਅੰਸ਼ਾਂ ਦੀ ਉਪਜ ਤਾਂ ਇੱਕਲਾ ਵਿਅਕਤੀ ਹੀ ਕਰਦਾ ਹੈ ਪਰ ਲੋਕ ਸਮੂਹ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਉਸ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ ਜਦੋਂ ਲੋਕ ਸਮੂਹ ਪ੍ਰਵਾਨਗੀ ਦੇ ਦਿੰਦਾ ਹੈ ਤਾਂ ਅਸਥਾਈ ਸਥਾਨ ਪ੍ਰਾਪਤ ਕਰ ਲੈਂਦਾ ਹੈ। ਇਸ ਤਰ੍ਹਾਂ ਲੋਕ ਪ੍ਰਵਾਨਗੀ ਪ੍ਰਾਪਤ ਕਰਕੇ ਲੋਕਧਾਰਾ ਦੀ ਸਮੱਗਰੀ

ਪੀੜ੍ਹੀ ਦਰ ਪੀੜ੍ਹੀ ਅੱਗੇ ਚੱਲਦੀ ਹੈ।ਇਸ ਤਰ੍ਹਾਂ ਲੋਕਧਾਰਾ ਦਾ ਅਰਥ ਹੋਇਆ ਸਾਧਾਰਨ ਭਾਵ ਆਮ ਲੋਕਾਂ ਦਾ ਗਿਆਨ ਜਿਸ ਵਿਚ ਆਮ ਲੋਕਾਂ ਦੇ ਰੋਜ਼ਾਨਾ ਜੀਵਨ ਨਾਲ ਸੰਬੰਧਿਤ ਕਾਰ ਵਿਹਾਰ ਸ਼ਾਮਿਲ ਹਨ।

## ਲੋਕ ਸਾਹਿਤ ਦਾ ਵਰਗੀਕਰਨ

ਸਾਹਿਤ ਜੀਵੰਤ ਅਤੇ ਗਤੀਸ਼ੀਲ ਵਰਤਰਾ ਹੈ। ਸਾਹਿਤ ਦੇ ਮਾਧਿਅਮ ਦੁਆਰਾ ਹੀ ਸਾਹਿਤਕਾਰ ਸਮਾਜ ਵਿਚ ਚੱਲ ਰਹੀਆਂ ਘਟਨਾਵਾਂ ਨੂੰ ਸਮਾਜ ਸਾਹਮਣੇ ਪੇਸ਼ ਕਰਦਾ ਹੈ। ਸਾਹਿਤ ਦੇ ਰੂਪ ਹੁੰਦੇ ਹਨ ਲਿਖਤੀ ਤੇ ਮੌਖਿਕ ਸਾਹਿਤ।ਸਾਹਿਤ ਤੇ ਸਮਾਜ ਨੂੰ ਇੱਕ ਦੂਜੇ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਸਾਹਿਤ ਸਮਾਜ ਦਾ ਅਨਿੱਖੜਵਾ ਅੰਗਹੈ।ਲੋਕ ਸਾਹਿਤ ਪੰਜਾਬੀ ਜੀਵਨ ਦੇ ਸਮੁੱਚੇ ਵਰਤਾਰੇ ਨੂੰ ਪੇਸ਼ ਕਰਦਾ ਹੈ।ਲੋਕ ਸਾਹਿਤ ਦੇ ਅੰਤਰਗਤ ਬਹੁਤ ਸਾਰੀਆਂ ਵੰਨਗੀਆਂ ਆਉਂਦੀਆਂ ਹਨ। ਪੰਜਾਬ ਦੇ ਲੋਕ ਸਾਹਿਤ ਦਾ ਖ਼ਜਾਨਾ ਬਹੁਤ ਅਮੀਰ ਹੈ। ਪੰਜਾਬੀ ਲੋਕ ਸਾਹਿਤ ਦੀਆਂ ਵੱਖ ਵੱਖ ਵੰਨਗੀਆਂ ਮਿਲਦੀਆਂ :- ਲੋਕ ਬੁਝਾਰਤਾਂ, ਲੋਕ ਕਹਾਣੀਆਂ, ਲੋਕਨਾਚ, ਲੋਕ ਗੀਤ, ਅਖਾਣ ਮੁਹਾਵਰੇ, ਲੋਕ ਵਿਸ਼ਵਾਸ ਆਦਿ। ਮਨੁੱਖ ਦੇ ਜਨਮ ਤੋਂ ਹੀ ਉਸਦੇ ਮਨ ਪ੍ਰਚਾਵੇ ਦਾ ਸਾਧਨ ਬਣਦੇ ਆ ਰਹੇ ਹਨ। ਪੰਜਾਬੀ ਲੋਕ ਸਾਹਿਤ ਪੰਜਾਬੀ ਜਨ ਜੀਵਨ ਨੂੰ ਜੀਣ ਦੀ ਨਵੀਂ ਰੋਹ ਬਖ਼ਸਦਾ ਰਿਹਾ ਹੈ। ਲੋਕ ਸਾਹਿਤ ਦੀ ਆਪਣੀ ਵੱਖਰੀ ਹੋਂਦ ਹੈ। ਲੋਕ ਸਾਹਿਤ ਬਾਰੇ ਵਧੇਰੇ ਡੂੰਘਾਈ ਨਾਲ ਜਾਣਨ ਲਈ ਵੱਖ - ਵੱਖ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਤੇ ਨਜ਼ਰ ਮਾਰਾਗੇ।

## ਲੋਕ ਸਾਹਿਤ ਦੀ ਪਰਿਭਾਸ਼ਾ

**ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਦੇ ਅਨੁਸਾਰ**, "ਲੋਕ ਸਾਹਿਤ ਦੀ ਤੁਲਨਾ ਕਿਸੇ ਇਲਾਕੇ ਵਿਚ ਵੱਗਦੇ ਅਜਿਹੇ ਦਰਿਆਂ ਨਾਲ ਕੀਤੀ ਜਾ ਸਕਦੀ ਹੈ, ਜਿਸ ਵਿਚ ਉਸ ਇਲਾਕੇ ਦੇ ਸਾਰੇ ਨਦੀ ਨਾਲੇ, ਵਹੁੜੇ ਤੇ ਕੱਸੀਆਂਆਪਣੀ ਨਿੱਜੀ ਹੋਂਦ ਗਵਾ ਕੇ ਰਚ - ਰਸ ਜਾਂਦੀਆਂ ਹਨ।" [20]

**ਡਾ. ਸਤ੍ਰੇਂਦ ਅਨੁਸਾਰ,** "ਪੋਸ਼ਣ, ਤੋਸ਼ਣ ਅਤੇ ਮੋਦਨ ਦੀਆਂ ਅਭਿਵਿਅਕਤੀਆਂ ਦਾ ਵਾਣੀ ਰੂਪ ਵੀ ਲੋਕ ਸਾਹਿਤ ਦੇ ਅੰਤਰਗਤ ਆਉਂਦਾ ਹੈ।"[21]

**ਡਾ. ਸ਼ਿਆਮ ਪਰਮਾਰ** ਦੇ ਸ਼ਬਦ ਇਸ ਪੱਖੋ ਅਤਿਅੰਤ ਮਹੱਤਵਪੂਰਨ ਹਨ ਕਿ, "ਲੋਕ ਸਾਹਿਤ ਨੂੰ ਸਿਰਫ਼ ਸਾਹਿਤ ਸ਼ਾਸਤਰ ਦੇ ਪੱਧਰ ਤੇ ਪਰਖਣਾ ਇਕ ਪੱਖਾ ਹੋਵੇਗਾ। ਵਿਸ਼ੇ ਦੀ ਦ੍ਰਿਸ਼ਟੀ ਤੋਂ ਲੋਕ ਸਾਹਿਤ ਕੇਵਲ ਸਾਧਾਰਨ ਸਾਹਿਤ ਨਹੀਂ ਬਲਕਿ ਆਪਣੇ ਆਪ ਵਿਚ ਇਕ ਸੁਤੰਤਰ ਵਿਗਿਆਨ ਹੈ।"[22]

**ਬੇਸਕਮ ਵਿਚਾਰ ਪੇਸ਼ ਕਰਦਾ ਲਿਖਦਾ ਹੈ ਕਿ**, "ਸਾਡਾ ਲੋਕਸਾਹਿਤ ਮੌਖਿਕ ਰੂਪ ਵਿਚ ਅੱਗੇ ਤੁਰਦਾ ਹੈ ਪਰਤੂੰ ਇਹ ਜ਼ਰੂਰੀ ਨਹੀਂ ਕਿ ਜੋ ਕੁੱਝ ਮੌਖਿਕ ਰੂਪ ਵਿਚ ਹੈ ਉਹ ਸਾਰਾ ਲੋਕ ਸਾਹਿਤ ਹੁੰਦਾ ਹੈ।"[23]

ਇਸ ਤਰ੍ਹਾਂ ਲੋਕ ਸਾਹਿਤ ਦੀਆਂ ਇਹਨਾਂ ਪਰਿਭਾਸ਼ਾਵਾਂ ਦੇ ਅਧਾਰ ਤੇ ਹੀ ਅਸੀਂ ਲੋਕ ਸਾਹਿਤ ਦਾ ਵਰਗੀਕਰਨ ਕਰਾਂਗੇ।

**ਡਾ. ਕ੍ਰਿਸ਼ਨ ਉਧਿਆਏ** ਨੇ ਲੋਕ ਸਾਹਿਤ ਨੂੰ 4 ਮੁੱਖ ਵਰਗਾਂ ਲੋਕ ਗੀਤ, ਲੋਕ ਗਾਥਾ, ਲੋਕ ਕਥਾ, ਅਤੇ ਪਰਕੀਰਣ ਸਾਹਿਤ (ਲੋਕੋਕਤੀਆਂ, ਮੁਹਾਵਰੇ, ਬੁਝਾਰਤਾਂ ਅਤੇ ਸੂਤਰੀਆਂ) ਵਿਚ ਵਿਭਾਜਤ ਕਰਕੇ ਲੋਕ ਸਾਹਿਤ

ਦੀ ਅਪੂਰਣ ਵੰਡ ਪੇਸ਼ ਕੀਤੀ ਹੈ।"[24]ਲੋਕ ਸਾਹਿਤ ਦਾ ਬੜਾ ਹੀ ਅਟੁੱਟ ਅੰਗ ਲੋਕ ਗੀਤ ਹਨ। ਲੋਕ ਗੀਤ ਵਿਚ ਸਾਡਾ ਲੋਕ ਜੀਵਨ ਝਲਕਾਰੇ ਮਾਰਦਾ ਹੈ। ਲੋਕ ਗੀਤ ਰਾਹੀ ਹੀ ਮਨੁੱਖ ਆਪਣਾ ਭਾਵ, ਸੱਧਰਾਂ ਅਤੇ ਭਾਵਾਂ ਦਾ ਪ੍ਰਗਟਾ ਕਰਦੇ ਹਨ।

## ਲੋਕ ਗੀਤ ਪਰਿਭਾਸ਼ਾ

**ਡਾ. ਕਰਨੈਲ ਸਿੰਘ ਥਿੰਦ ਦੇ ਅਨੁਸਾਰ ਲੋਕ ਗੀਤ**, "ਪਰੰਪਰਾ ਦੇ ਅੰਸ਼ਾਂ ਨਾਲ ਭਰਪੂਰ ਲੋਕ ਬੋਲੀ ਦੁਆਰਾ, ਮੌਖਿਕ ਰੂਪ ਵਿਚ ਸੰਚਾਰਨ ਅਜਿਹੀ ਸੰਗੀਤਮਈ ਰਚਨਾ ਹੈ, ਲੋਕ ਮਾਨਸ ਦੀ ਅਭਿਵਿਅਕਤੀ ਹੋਵੇ, ਜਿਹੜੀ ਕਿਸੇ ਵਿਅਕਤੀ ਵਿਸ਼ੇਸ ਨਾਲ ਸੰਬੰਧਿਤ ਨਾ ਕੀਤੀ ਗਈ ਹੋਵੇ ਅਤੇ ਲੋਕ ਸਮੂਹ ਜਿਸਨੂੰ ਪ੍ਰਵਾਨਗੀ ਦੇ ਕੇ ਪੀੜ੍ਹੀ ਦਰ ਪੀੜੀ ਅੱਗੇ ਤੋਰਦਾ ਹੈ ਆਇਆ ਹੋਵੇ ਲੋਕਗੀਤਹੈ।"[25]

**ਅੰਮ੍ਰਿਤਾ ਪ੍ਰੀਤਮ ਦਾ ਕਥਨ ਵੀ ਬਹੁਤ ਮਹੱਤਵਪੂਰਨ ਹੈ ਕਿ**, "ਸਮਾਜ ਨੇ ਕਦੇ ਵੀ ਖੁਲ੍ਹੇ ਦਿਲ ਨਾਲ ਨਾਰੀ ਦਾ ਹੱਕ ਨਹੀਂ ਕਬੂਲੇ ਉਹਦੀ ਅਵਾਜ਼ ਨੂੰ ਨੇੜੇ ਹੋ ਕੇ ਨਹੀਂ ਸੁਣਿਆ। ਉਹਦੇ ਮਨ ਨੂੰ ਨੇੜੇ ਹੋਕੇ ਨਹੀਂ ਟੋਇਆ। ਇਸੇ ਲਈ ਨਾਰੀ ਆਪਾ (ਨੂੰ) ਪ੍ਰਗਟਾਉਣ ਲਈ ਗੀਤਾਂ ਦਾ ਸਾਧਨ ਹੀ ਕਬੂਲਣਾ ਪਿਆ। ਗੀਤਾਂ ਦੇ ਬੋਲ ਵਿਚ ਨਾਰੀ ਆਪਣੇ ਅੰਦਰ ਦੇ ਨੱਪੇ ਜਜ਼ਬਿਆਂ ਨੂੰ ਗੋਂ ਲਿਆ।ਸਮਾਜ ਸੁਣੇ ਜਾ ਨਾ ਸੁਣੇ, ਪਰ ਇਸਤਰੀ ਨੂੰ ਇਸ ਪ੍ਰਗਟਾਵਟੇ ਨਾਲ ਸਾਹ ਆ ਗਿਆ।"[26]। ਲੋਕ ਗੀਤ ਨਾਰੀ ਦੀ ਆਵਾਜ਼ ਹੈ ਉਸਦੀ ਅੰਦਰਲੀ ਪੀੜ ਨੂੰ ਬਿਆਨ ਕਰਨ ਦਾ ਸਾਧਨ ਹੈ।

**ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਨੇ** , "ਲੋਕ ਗੀਤਾਂ ਦੀ ਤੁਲਨਾ ਚਸ਼ਮਿਆਂ ਨਾਲ ਕੀਤੀ ਹੈ ਜਿਹੜੇ ਧਰਤੀ ਦੀ ਹਿੱਕ ਵਿਚੋਂ ਆਪ - ਮੁਹਾਰੇ ਛਲਕ ਕੇ ਵਹਿਣ ਬਣ ਫੈਲ ਜਾਂਦੇ ਹਨ। ਜਾਂ ਫਿਰ ਉਹਨਾਂ ਫੁੱਲਾਂ ਨਾਲ ਜਿਹੜੇ ਜੰਗਲਾਂ ਅਤੇ ਵੀਰਾਨਿਆ ਵਿਚ ਖੁਦ - ਬਖੁਦ ਉਗਦੇ ਅਤੇ ਮੁਸ਼ਕਦੇ ਰਹਿੰਦੇ ਹਨ।"[27]

**ਡਾ. ਸਤਿਆਵਰਤ ਸਿਨਹਾ**, "ਲੋਕਗੀਤਾਂ ਦੀ ਪਰਿਭਾਸ਼ਾ ਮੰਨੋਰੰਜਨ ਸਾਹਿਤ ਵਜੋਂ ਕਰਦਾ ਹੈ ਜੋ ਸਰਬ ਸਾਧਾਰਨ ਸਮਾਜ ਦੀ ਮੌਖਿਕ ਰੂਪ ਵਿਚ ਭਾਵਮਈ ਅਭਿਵਿਅਕਤੀ ਹੁੰਦਾ ਹੈ।"[28]

**ਨੋਬਲ ਪੁਰਸਕਾਰ ਵਿਜੇਤਾ ਬੰਗਾਲੀ ਲੇਖਕ ਰਾਬਿੰਦਰ ਨਾਥ ਟੈਗੋਰ ਦੇ ਸ਼ਬਦਾ ਵਿਚ,** "ਲੋਕ ਗੀਤ ਮਨੁੱਖ ਦੇ ਅਚੇਤ ਮਨ ਦੀ ਆਪ ਮੁਹਾਰੀ ਉਪਜ ਹੁੰਦੇ ਹਨ, ਇਹ ਭਾਵੇਂ ਕਿਸੇ ਉੱਚੇ ਕਵੀ ਦੀ ਰਚਨਾ ਨਹੀਂ ਹੁੰਦੇ ਪਰ ਲੋਕਾਂ ਦੇ ਅਰਮਾਨਾਂ, ਜਜ਼ਬਿਆਂ,ਵਲਵਲਿਆਂ, ਸੱਧਰਾਂ ਰੀਝਾਂ, ਲਾਡਾਂ, ਹੌਕਿਆਂ, ਹੰਝੂਆਂ ਦਾ ਆਪ ਮੁਹਾਰਾ ਪ੍ਰਗਟਾ ਹੁੰਦੇ ਹਨ।"[29]

**ਡਾ. ਕਰਮਜੀਤ ਸਿੰਘ ਦੇ ਅਨੁਸਾਰ**, "ਲੋਕ ਗੀਤ 'ਹੈ' ਦਾ ਜ਼ਿਕਰ ਕਰਕੇ ਜੋ ਚਾਹੀਦਾ ਉਸ ਵੱਲ ਰੁਚਿਤ ਹੋ ਜਾਂਦੇ ਹਨ, ਸਮਾਜਕ, ਯਥਾਰਥ ਵਿਚ ਅਪ੍ਰਾਪਤੀ ਸੰਸਾਰ ਵਿਚ ਪ੍ਰਾਪਤੀ ਬਣ ਜਾਂਦੀ ਹੈ।"[30]

ਇਸ ਤਰ੍ਹਾਂ ਲੋਕ ਗੀਤ ਲੋਕ ਸਾਹਿਤ ਦਾ ਅਜਿਹਾ ਅੰਗ ਹੈ ਜੋ ਹਰ ਸਮੇਂ ਆਪਣੀ ਤਾਜ਼ਗੀ ਬਰਕਰਾਰ ਰੱਖਦੇ ਹਨ। ਲੋਕ ਗੀਤ ਲਿਖਤੀ ਅਤੇ ਮੌਖਿਕ ਰੂਪ ਵਿਚ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਦੇ ਹਨ।ਲੋਕ ਗੀਤਾਂ ਦੀ ਰਚਨਾ ਕੋਈ ਇਕ ਵਿਅਕਤੀ ਨਹੀ ਕਰਦਾ ਇਹ ਸਮੂਹਿਕ ਰੂਪ ਵਿਚ ਪਰਵਾਨ ਹੋ ਕੇ ਨੇਪਰੇ ਚੜ੍ਹ ਦੇ

ਹਨ।ਲੋਕ ਗੀਤ ਪੰਜਾਬੀ ਲੋਕ ਸਾਹਿਤ ਦਾ ਖ਼ੂਬਸੂਰਤ ਅਤੇ ਵੱਡਮੁੱਲਾ ਅੰਗ ਹੈ। ਲੋਕ ਗੀਤ ਜਨ ਸਾਧਾਰਨ ਵਿੱਚ ਵੱਡਮੁੱਲਾ ਸਥਾਨ ਰੱਖਦੇ ਹਨ। ਲੋਕ ਗੀਤ ਲੋਕ ਸਾਹਿਤ ਦਾ ਅਨਿੱਖੜਵਾ ਅਤੇ ਮਹੱਤਵਪੂਰਨ ਅੰਗ ਹਨ।

## ਹਵਾਲੇ ਅਤੇ ਪੈਰ ਟਿੱਪਣੀਆਂ :-


1. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ 25 -26
2. ਜੀਤ ਸਿੰਘ ਜੋਸ਼ੀ, ਲੋਕਧਾਰਾ ਸਿਧਾਂਤ ਅਤੇ ਵਿਸ਼ਲੇਸ਼ਣ, ਪੰਨਾ 10
3. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ਼ ਸਰੋਕਾਰ, ਪੰਨਾ 204
4. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 84
5. ਸਰਬਜੀਤ ਕੌਰ, ਪੰਜਾਬੀ ਲੋਕਧਾਰਾ ਵਿਗਿਆਨ ਅਤੇ ਡਾ. ਕਰਮਜੀਤ ਸਿੰਘ, ਪੰਨਾ 85
6. ਜੀਤ ਸਿੰਘ ਜੋਸ਼ੀ, ਲੋਕਧਾਰਾ ਅਤੇ ਪੰਜਾਬੀ ਲੋਕਧਾਰਾ, ਪੰਨਾ 13
7. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 84
8. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ਼ ਸਰੋਕਾਰ, ਪੰਨਾ 201
9. ਹੁਕਮ ਚੰਦ ਪਾਲ, ਲੋਕ ਵਿਰਸਾ ਅਤੇ ਸਾਹਿਤ ਮੁਲਾਂਕਣ, ਪੰਨਾ 11
10. ਜੀਤ ਸਿੰਘ ਜੋਸ਼ੀ, ਲੋਕਧਾਰਾ ਅਤੇ ਪੰਜਾਬੀ ਲੋਕਧਾਰਾ, ਪੰਨਾ 30
11. ਜੀਤ ਸਿੰਘ ਜੋਸ਼ੀ, ਲੋਕਧਾਰਾ ਅਤੇ ਪੰਜਾਬੀ ਸਭਿਆਚਾਰ, ਪੰਨਾ 14
12. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 86
13. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ਼ ਸਰੋਕਾਰ, ਪੰਨਾ 206
14. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 86
15. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ਼ ਸਰੋਕਾਰ, ਪੰਨਾ 207
16. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 87
17. ਉਹੀ, ਪੰਨਾ 88
18. ਉਹੀ, ਪੰਨਾ ਉਹੀ
19. ਉਹੀ, ਪੰਨਾ 89
20. ਸੁਹਿੰਦਰ ਸਿੰਘ ਵਣਜਾਰਾ ਬੇਦੀ, ਲੋਕਧਾਰਾ ਅਤੇ ਸਾਹਿਤ, ਪੰਨਾ 32
21. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ 30
22. ਜਸਵਿੰਦਰ ਸਿੰਘ, ਪੰਜਾਬੀ ਲੋਕ ਸਾਹਿਤ ਸ਼ਾਸਤਰ, ਪੰਨਾ 21
23. ਹੁਕਮ ਚੰਦ ਰਾਜ ਪਾਲ, ਲੋਕ ਵਿਰਸਾ ਅਤੇ ਸਾਹਿਤ ਮੁਲਾਂਕਣ, ਪੰਨਾ 1
24. ਜਸਵਿੰਦਰ ਸਿੰਘ, ਪੰਜਾਬੀ ਲੋਕ - ਸਾਹਿਤ ਸ਼ਾਸਤਰ, ਪੰਨਾ 35)
25. ਕਰਨੈਲ ਚੰਦ, ਪੰਜਾਬੀ ਲੋਕ ਗੀਤਾਂ ਵਿਚ ਦੁਆਬੀ ਸਭਿਆਚਾਰ, ਪੰਨਾ 173
26. ਗੁਰਬਚਨ ਕੌਰ, ਦੇਵਿੰਦਰ ਸਤਿਆਰਥੀ ਦਾ ਲੋਕ - ਕਾਵਿ ਸ਼ਾਸਤਰ, ਪੰਨਾ 47)
27. ਸੋਹਿੰਦਰ ਸਿੰਘ ਵਣਜਾਰਾ ਬੇਦੀ, ਲੋਕਧਾਰਾ ਅਤੇ ਸਾਹਿਤ, ਪੰਨਾ 82

28. ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ, ਪੰਨਾ 71

29. ਮਨਜੀਤ ਸਿੰਘ, ਪੰਜਾਬੀ ਸਭਿਆਚਾਰ ਸੰਦਰਭ, ਪੰਨਾ 141

30. ਕਰਨੈਲ ਚੰਦ, ਪੰਜਾਬੀ ਲੋਕ ਗੀਤਾਂ ਵਿਚ ਦੁਆਬੀ ਸਭਿਆਚਾਰ, ਪੰਨਾ 173

# ਅਧਿਆਇ ਤੀਜਾ

# ਸਭਿਆਚਾਰ ਅਤੇ ਲੋਕਧਾਰਾ ਪ੍ਰਤੀ ਕਰਮਜੀਤ ਸਿੰਘ ਦਾ ਦ੍ਰਿਸ਼ਟੀਕੋਣ

## ਕਰਮਜੀਤ ਸਿੰਘ ਦਾ ਜੀਵਨ

ਕਰਮਜੀਤ ਸਿੰਘ ਦਾ ਪੰਜਾਬੀ ਲੋਕਧਾਰਾਈ ਸਾਹਿਤ ਵਿਚ ਵਡੇਰਾ ਯੋਗਦਾਨ ਹੈ। ਕਰਮਜੀਤ ਸਿੰਘ ਦੀ ਪੰਜਾਬੀ ਲੋਕਧਾਰਾਈ ਸਾਹਿਤ ਨੂੰ ਮਹੱਤਵਪੂਰਨ ਦੇਣ ਹੈ। ਕਰਮਜੀਤ ਸਿੰਘ ਮਹਾਨ ਅਤੇ ਉੱਚੀ ਸਖ਼ਸੀਅਤ ਦੇ ਮਾਲਕ ਹਨ। ਉਹਨਾਂ ਦਾ ਜੀਵਨ ਬੜਾ ਹੀ ਸਾਦਾ ਅਤੇ ਖੋਜੀ ਬਿਰਧੀ ਵਾਲਾ ਹੈ।

## ਜਨਮ ਤੇ ਵਿੱਦਿਆ

ਕਰਮਜੀਤ ਸਿੰਘ ਦਾ ਜਨਮ 14 ਮਾਰਚ 1952 ਨੂੰ ਸਰਦਾਰ ਪ੍ਰੀਤਮ ਸਿੰਘ ਦੇ ਘਰ ਹੋਇਆ।ਉਹਨਾਂ ਨੇ ਮਾਤਾ ਰਤਨ ਕੌਰ ਦੀ ਕੁੱਖ ਨੂੰ ਭਾਗ ਲਾਇਆ। ਕਰਮਜੀਤ ਸਿੰਘ ਦੇ ਮਾਤਾ ਪਿਤਾ ਅਧਿਆਤਮਕ ਬਿਰਧੀ ਵਾਲੇ ਸਨ। ਘਰ ਦੇ ਧਾਰਮਿਕ ਵਿਚਾਰਾਂ ਦਾ ਕਰਮਜੀਤ ਸਿੰਘ ਤੇ ਗਹਿਰਾ ਪ੍ਰਭਾਵ ਪਿਆ।

**ਆਪਣੀ ਪੜ੍ਹਾਈ ਬਾਰੇ ਕਰਮਜੀਤ ਸਿੰਘ ਜੀ ਆਪਣੀ ਵਿਸ਼ੇਸ ਮੁਲਾਕਾਤ ਵਿਚ ਦੱਸਦੇ ਹਨ ਕਿ**, "ਚੌਥੀ ਤੇ ਪੰਜਵੀਂ ਜਮਾਤ ਦੀ ਪੜ੍ਹਾਈ ਪੂਨੇ (ਮਹਾਰਾਸ਼ਟਰ) ਦੀਹੈ। ਸਾਡੇ ਪਿਤਾ ਜੀ ਬੰਬੇ ਇੰਜੀਨਅਰਿੰਗ ਵਿਚ ਫੌਜੀ ਸਨ। ਉਹਨਾਂ ਦੇ ਨਾਲ ਰਹਿੰਦਿਆ ਇਹ ਜਮਾਤਾਂ ਪੂਰੀਆਂ ਕੀਤੀਆ। ਇਸ ਦੌਰਾਨ ਭਾਵੇਂ ਮਰਾਠੀ ਵੀ ਪੜ੍ਹੀ ਪਰ ਇਸਦਾ ਬਹੁਤਾ ਅਸਰ ਇਸ ਕਰਕੇ ਨਹੀਂ ਹੋਇਆ ਕਿ ਉੱਥੇ ਰਹਾਇਸ਼ ਥੋੜ੍ਹਚਿਰੀ ਸੀ।6ਵੀਂ ਜਮਾਤ ਤੋਂ ਮੈਂ ਗੁਰੂ ਨਾਨਕ ਪਬਲਿਕ ਸਕੂਲ'ਤੇਲੀ ਚੱਕ' ਵਿਚ ਦਾਖ਼ਲਾ ਲਿਆ ਅਤੇ ਦਸਵੀਂ ਤੱਕ ਇਥੋਂ ਹੀ ਵਿੱਦਿਆ ਪ੍ਰਾਪਤ ਕੀਤੀ। ਇਸ ਸਾਲ ਤਾਂ ਹਿੰਦੀ ਤੋਂ ਪੰਜਾਬੀ ਵਿਚ ਆਉਣ ਲਈ ਮੁਸ਼ੱਕਤ ਕਰਨੀ ਪਈ ਪਰ ਉਸ ਤੋਂ ਬਾਅਦ ਕਿਸੇ ਕਿਸਮ ਦੀ ਔਖ ਨਹੀਂ ਹੋਈ ਸਗੋਂ ਸਮੁੱਚੀ ਸਾਇੰਸ ਦੀ ਪੜ੍ਹਾਈ ਵੀ ਪੰਜਾਬੀ ਵਿਚ ਲਈ। ਪੇਂਡੂ ਸਕੂਲ ਵਿਚ ਜਿਹੋ ਜਿਹਾ ਬੱਚਾ ਸਭ ਤੋਂ ਅਗਾਂਹ ਰਹਿ ਸਕਦਾ ਹੈ ਉਸ ਵਿਚ ਮੈਂ ਵੀ ਸੀ। 10ਵੀਂ ਤੱਕ ਕਲਾਸ ਵਿਚ ਅਵੱਲ ਆਉਂਦਾ ਰਿਹਾ ਭਾਵੇਂ ਬੋਰਡ ਵਿਚ ਹਾਈ ਸੈਕਿੰਡ ਡਵੀਜ਼ਨ ਹੀ ਰਹੀ ਸੀ। ਬੀ.ਏ ਦੀ ਪੜ੍ਹਾਈ ਖਾਲਸਾ ਕਾਲਜ ਗਦੜ੍ਹੀਵਾਲ ਤੋਂ ਪ੍ਰਾਪਤ ਕੀਤੀ। ਪ੍ਰੈਪ ਵਿਚ ਸਾਇੰਸ ਰੱਖੀ ਪਰ ਬਾਅਦ ਵਿਚ ਆਰਟਸ ਨਾਲ ਬੀ.ਏ ਕੀਤੀ। ਜਿਸ ਵਿਚ ਪੰਜਾਬੀ ਨੂੰ ਵਧੇਰੇ ਮਹੱਤਵ ਦਿੱਤਾ। ਇਸ ਆਧਾਰ ਤੇ ਹੀ ਬਾਅਦ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਐਮ.ਏ (ਪੰਜਾਬੀ) ਦੀ ਡਿਗਰੀ ਪ੍ਰਾਪਤ ਕੀਤੀ।" [1]

ਕਰਮਜੀਤ ਸਿੰਘ ਨੇ ਐੱਮ.ਏ.ਕਰਨ ਤੋਂ ਬਾਅਦ ਪੀਐਚ.ਡੀ. ਦੀ ਪੜ੍ਹਾਈ ਵੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਕੀਤੀ। ਅੰਮ੍ਰਿਤਸਰ ਤੋਂ ਡਾ. ਕੇਸਰ ਸਿੰਘ ਕੇਸਰ ਦੀ ਨਿਗਰਾਨੀ ਵਿਚ ਉਹਨਾਂ ਨੇ 'ਪੰਜਾਬੀ ਰੁਬਾਈ ਕਾਵਿ ਦਾ ਸਰਵੇਖਣ ਤੇ ਮੁਲਾਂਕਣ' ਵਿਸ਼ੇ ਨੂੰ ਆਪਣੇ ਖੋਜ ਕਾਰਜ ਦਾ ਆਧਾਰ ਬਣਾਇਆ। ਕਰਮਜੀਤ ਸਿੰਘ ਨੇ

ਗਰੈਜੁਏਸ਼ਨ ਪੱਧਰ ਤੇ 4 ਸਾਲ ਅਤੇ ਪੋਸਟ ਗਰੈਜੁਏਸ਼ਨ ਪੱਧਰ ਤੇ 35 ਸਾਲ ਗਿਆਨ ਦਾ ਪ੍ਰਕਾਸ਼ ਵੰਡਿਆ। ਆਪ ਬਤੌਰ ਲੈਕਚਰਾਰ ਕੁਰੂਕਸ਼ੇਤਰ ਯੂਨੀਵਰਸਿਟੀ ਲੱਗੇ ਰਹੇ।ਆਪ ਦੀ ਨਿਗਰਾਨੀ ਹੇਠ 27 ਵਿਦਿਆਰਥੀਆਂ ਨੇ ਪੀ.ਐਚ.ਡੀ ਅਤੇ 120 ਵਿਦਿਆਰਥੀ ਐੱਮ.ਫਿਲ ਕਰ ਚੁੱਕੇ ਹਨ। ਆਪ 31 ਮਾਰਚ 2012 ਨੂੰ ਰਿਟਾਇਰ ਹੋ ਗਏ।

## ਕਰਮਜੀਤ ਸਿੰਘ ਦਾਸਾਹਿਤਕ ਪਿਛੋਕੜ

ਕਰਮਜੀਤ ਸਿੰਘ ਨੇ ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਨੂੰ ਆਪਣੇ ਅਧਿਐਨ ਖੇਤਰ ਲਈ ਚੁਣਿਆ। ਕਰਮਜੀਤ ਸਿੰਘ ਨੇ ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਦੇ ਖੇਤਰ ਵਿਚ ਵੱਖਰੀ ਪਹਿਚਾਣ ਬਣਾਈ ਹੈ। ਕਰਮਜੀਤ ਸਿੰਘ ਸ਼ੁਰੂ ਤੋਂ ਹੀ ਪੇਂਡੂ ਪੰਜਾਬੀ ਜੀਵਨ ਵਿਚ ਵਿਚਰਦਾ ਰਿਹਾ ਹੈ। ਕਰਮਜੀਤ ਸਿੰਘ ਨੂੰ ਆਪਣੇ ਟੀਚੇ ਤੱਕ ਪਹੁੰਚਣ ਲਈ ਲੰਮੀ ਘਾਲਣਾ ਘਾਲਣੀ ਪਈ। ਕਰਮਜੀਤ ਸਿੰਘ ਨੂੰ ਵਿਦਿਆਰਥੀ ਜੀਵਨ ਵਿਚ ਵੀ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਸ ਸਮੇਂ ਬਿਜਲੀ ਆਦਿਦਾ ਕੋਈ ਖਾਸ ਪ੍ਰਬੰਧ ਨਹੀ ਸੀ ਹੁੰਦਾ ਸੀ ਸਿਰਫ਼ ਮਿੱਟੀ ਦਾ ਤੇਲ ਹੀ-? ਰੌਸ਼ਨੀ ਦਾ ਇੱਕ ਮਾਤਰ ਸਾਧਨ ਸੀ। ਉਸ ਸਮੇ ਸਿੱਖਿਆਂ ਸੰਸਥਾਵਾਂ ਨੂੰ ਜਾਣ ਵਾਲ ਪੈਂਡੇ ਵੀ ਬੜੇ ਔਖੇ ਸਨ ਅਤੇ ਔਕੜਾਂ ਨਾਲ ਭਰੇ ਹੋਏ ਸਨ। ਕਰਮਜੀਤ ਸਿੰਘ ਸਾਦਾ ਪਰਿਵਾਰ ਨਾਲ ਸੰਬੰਧ ਰੱਖਦੇ ਸਨ। ਕਰਮਜੀਤ ਸਿੰਘ ਤੇ ਉਹਨਾਂ ਦੇ ਪਰਿਵਾਰ ਦਾ ਬਹੁਤ ਪ੍ਰਭਾਵ ਪਿਆ। ਉਹਨਾਂ ਦੇ ਮਾਤਾ ਪਿਤਾ ਧਾਰਮਿਕ ਬਿਰਤੀ ਵਾਲੇ ਸਨ।

**ਸਰਬਜੀਤ ਕੌਰ ਦੇ ਅਨੁਸਾਰ**, "ਉਸ ਦੇ ਮਾਤਾ ਪਿਤਾ ਧਾਰਮਿਕ ਬਿਰਧੀ ਦੇ ਧਾਰਨੀ ਸਨ । ਉਸ ਦੀ ਸਖ਼ਸੀਅਤ ਉੱਤੇ ਆਪਣੇ ਮਾਤਾ ਪਿਤਾ ਦਾ ਝੋਖਾ ਪ੍ਰਭਾਵ ਪਿਆ। ਵਿਚਾਰਧਾਰਕ ਤੌਰ ਤੇ ਘਰ ਦਾ ਸਾਰਾ ਮਾਹੌਲ ਗੁਰਮੁਖ ਪਰਿਵਾਰ ਵਾਲਾ ਸੀ। ਛੋਟੀ ਉਮਰੇ ਹੀ ਉਸ ਨੇ ਕਈ ਧਾਰਮਿਕ ਗ੍ਰੰਥ ਜਿਵੇਂ ਦਸਮ ਗ੍ਰੰਥ, ਗਿਆਨੀ ਗਿਆਨ ਸਿੰਘ ਦਾ ਪੰਥ ਪ੍ਰਕਾਸ਼, ਅਤੇ ਹੋਰ ਕਈ ਤਰ੍ਹਾਂ ਦੇ ਧਾਰਮਿਕ ਗ੍ਰੰਥਾਂ ਦਾ ਗਿਆਨ ਹਾਸਿਲ ਕਰ ਲਿਆ ਸੀ।"[2]ਉਹਨਾਂ ਵਿਚ ਸਾਹਿਤਕ ਚੇਟਕ ਪਰਿਵਾਰਕ ਪੱਧਰ ਤੇ ਹੀ ਉੱਪਜ ਚੱਕੀ ਸੀ। ਕਰਮਜੀਤ ਸਿੰਘ ਨੇ ਦੁਆਬੇ ਦੇ ਲੋਕ ਗੀਤ ਸੰਗ੍ਰਹਿਆਂ ਨੂੰ ਸੰਪਾਦਿਤ ਕਰਨ ਦਾ ਉਪਰਾਲਾ ਬੜੀ ਮਿਹਨਤ ਤੇ ਮੁਸ਼ੱਕਤ ਨਾਲ ਸ਼ੁਰੂ ਕੀਤਾ।

ਕਰਮਜੀਤ ਸਿੰਘ ਨੇ ਦੁਆਬੀ ਲੋਕ ਗੀਤਾਂ ਨੂੰ ਸੰਭਾਲਣ ਦੀ ਨਵੀਂ ਲੀਹ ਤੋਰੀ। ਕਰਮਜੀਤ ਸਿੰਘ ਨੇ ਦੁਆਬੇ ਦੇ ਲੋਕਗੀਤਾਂ ਨੂੰ ਵੱਖੋ ਵੱਖਰੇ ਲੋਕ ਗੀਤ ਸੰਗ੍ਰਹਿਆਂ ਵਿਚ ਪ੍ਰਕਾਸ਼ਿਤ ਕਰਵਾਇਆ। ਇਹਨਾਂ ਲੋਕਗੀਤ ਸੰਗ੍ਰਹਿਆਂ ਵਿਚ ਪੰਜਾਬੀ ਲੋਕ ਗੀਤਾਂ ਦੀਆਂ ਸਾਰੀਆਂ ਵੰਗਨਗੀਆਂ ਅੰਕਿਤ ਕੀਤੀਆਂ ਮਿਲਦੀਆ ਹਨ। ਕਰਮਜੀਤ ਸਿੰਘ ਤੋਂ ਪਹਿਲਾਂ ਵੀ ਲੋਕਗੀਤਾਂ ਦੀ ਸਾਂਭ ਸੰਭਾਲ ਦਾ ਕੰਮ ਹੋ ਚੁੱਕਾ ਅਤੇ ਹੋ ਰਿਹਾਹੈ।ਕਰਮਜੀਤ ਸਿੰਘ ਨੇ ਆਧੁਨਿਕ ਵਿਕਾਸ ਦੇ ਦੌਰ ਵਿਚ ਅਲੋਪ ਹੋ ਰਹੇ ਲੋਕ ਗੀਤਾਂ ਨੂੰ ਸੰਭਾਲਣ ਦਾ ਕੰਮ ਬੜੀ ਮੁਸ਼ੱਕਤ ਨਾਲ ਕੀਤਾਤੇ ਕਰ ਰਹੇ ਹਨ। ਪੰਜਾਬ ਦੇ ਮਾਝੇ ਮਾਲਵੇ ਖੇਤ ਨਾਲ ਸਬੰਧਿਤ ਵਿਦਵਾਨਾਂ ਨੇ ਸਿਰਫ਼ ਆਪਣੇ ਹੀ ਖੇਤਰ ਦੇ ਲੋਕ ਗੀਤਾਂ ਦਾ ਇੱਕਤਰੀਕਰਣ ਕੀਤਾ । ਪਰ ਦੁਆਬੇ ਖੇਤਰ ਨੰ ਇਸ ਪੱਖੋਂ ਅਣਗੌਲਿਆ ਗਿਆ।

**ਇਸ ਗੱਲ ਦੀ ਪੁਸ਼ਟੀ ਕਰਮਜੀਤ ਸਿੰਘ ਦੇ ਇਹਨਾਂ ਸ਼ਬਦਾਂ ਤੋਂ ਹੁੰਦੀ ਹੈ।** "ਦੁਆਬੀ ਦਾ ਉਚਾਰਨ ਮਾਝੇ ਤੇ ਮਾਲਵੇ ਵਿਚ ਬੋਲੀ ਜਾਂਦੀ ਪੰਜਾਬੀ ਤੋਂ ਵੱਖਰਾ ਹੈ। ਹਰਕੀਰਤ ਸਿੰਘ ਵਰਗੇ ਵਿਦਵਾਨਾਂ ਨੇ ਤਾਂ ਦੁਆਬੇ ਨੂੰ ਵੱਖਰੀ ਉਪਭਾਸ਼ਾ ਮੰਨਣ ਤੋਂ ਹੀ ਇਨਕਾਰ ਕੀਤਾ ਹੈ। ਇਹ ਵਿਚਾਰ ਇਸ ਕਰਕੇ ਬਣਾਇਆ ਗਿਆ ਕਿਉਂਕਿ ਦੁਆਬੀ ਉੱਪਰ ਨਿੱਠ ਕੇ ਕੰਮ ਨਹੀਂ ਕੀਤਾ ਗਿਆ। ਸਾਡੇ ਮਿੱਤਰ ਕਰਨੈਲ ਸਿੰਘ ਨੇ ਕਦੇ ਦੁਆਬੀ ਉੱਪਰ ਕੰਮ ਆਰੰਭਿਆ ਸੀ। ਪਰਤੂੰ ਦੁਆਬੀ ਦੀ ਬਦਕਿਸਮਤੀ ਕੀ ਉਹ ਦੋ ਸਾਲਾ ਬਾਅਦ  ਸਾਰਾ ਕੰਮ ਵਿਚ ਵਿਚਾਲੇ ਛੱਡ ਨਹੀਂ ਕੀਤਾ। ਬਲਕਿ ਕਰਮਜੀਤ ਸਿੰਘ ਨੇ ਇਹਨਾਂ ਲੋਕ ਗੀਤਾਂ ਲਈ ਅਣਥੱਕ ਮਿਹਨਤ ਕੀਤੀ। ਉਹਨਾਂ ਨੇ ਹੁਸ਼ਿਆਰਪਰ,ਦੁਰਮੀਵਾਲ, ਮੁਕੀਮਪੁਰ, ਤਿਹਾੜ, ਸਕੂਲ, ਭੜਾਣਾ, ਮੋਹਰੀਚੱਕ, ਲਾਬੜਾ, ਟਾਂਡਾ ਆਦਿ ਪਿੰਡਾਂ ਵਿਚ ਜਾ ਕੇ ਬਜ਼ੁਰਗ ਔਰਤਾਂ ਦੇ ਮੂੰਹੋਂ ਆਪਣੇ ਅਸਲੀ ਰੂਪ ਵਿਚ ਉਚਾਰਣ ਕਰਵਾ ਕੇ ਕਲਮਬੰਦ ਕੀਤੇ। ਇਹ ਸਾਰਾ ਕੰਮ ਕਰਮਜੀਤ ਸਿੰਘ ਨੇ ਅਣਥੱਕ ਮਿਹਨਤ ਤੇ ਲਗਨ ਨਾਲ ਕੀਤਾ।

**ਕਰਮਜੀਤ ਸਿੰਘ ਦੁਆਰਾ ਦੁਆਬੇ ਦੇ ਲੋਕ ਗੀਤਾਂ ਨੂੰ ਆਪਣੇ ਸਾਹਿਤਕ ਪੱਧਰ ਤੇ ਵਿਚਾਰਨ ਦੀ ਚੇਟਕ ਬਾਰੇ ਉਨ੍ਹਾਂ ਦੁਆਰਾ ਕਹੇ ਇਨਾਂ ਸ਼ਬਦਾਂ ਤੋਂ ਲੱਗਦਾ ਹੈ,** "ਮੈਂ ਆਪਣੇ ਦੋਸਤ ਡਾ. ਨਾਹਰ ਸਿੰਘ ਦਾ ਥੀਸਸ 'ਮਲਵਈ ਲੋਕ – ਗੀਤਾਂ ਦਾ ਰੂਪਾਤਮਕ ਅਧਿਐਨ' ਪੜ੍ਹ ਰਿਹਾ ਸੀ।ਜਦੋਂ ਮੈਨੂੰ ਮਹਿਸੂਸ ਹੋਇਆ ਕਿ ਪੰਜਾਬੀ ਕੌਆਂ ਤੇ ਵਿਦਵਾਨਾਂ ਦਾ ਦੁਆਬੇਦੇ ਲੋਕ ਗੀਥਾ ਵੱਲ ਘੱਟ ਹੀ ਗਿਆ ਹੈ। ਅੰਮ੍ਰਿਤਾ ਪ੍ਰੀਤਮ, ਸਤਿਆਰਥੀ, ਐਮ.ਐਸ. ਰੰਧਾਵਾ ਤੇ ਵਣਜਾਰਾ ਬੇਦੀ ਦੇ ਸੰਪਾਦਿਤ ਸੰਗ੍ਰਹਿਆਂ ਨੂੰ ਵਾਚਣ ਤੋਂ ਬਾਅਦ ਵੀ ਮੇਰਾ ਇਹ ਅਹਿਸਾਸ ਕਾਇਮ ਰਿਹਾ। ਇਸੇ ਗੱਲ ਨੇ ਹੀ ਮੈਨੂੰ ਆਪਣੇ ਇਲਾਕੇ ਦੇ ਲੋਕ ਗੀਤ ਇੱਕਠੇ ਕਰਨ ਲਈ ਪ੍ਰੇਰਿਆ।"[4]

ਕਰਮਜੀਤ ਸਿੰਘ ਨੇ ਦੁਆਬੇ ਖੇਤਰ ਦੇ ਲੋਕ ਗੀਤਾਂ ਦੀ ਹਰ ਵੰਨਗੀਆਂ ਜਿਵੇਂ, ਬਿਆਇਆ, ਸਤਵਾਰੇ,ਸੁਹਾਗ, ਘੋੜੀਆਂ, ਬਾਰਾਮਾਹੇ, ਬੋਲੀਆ ਆਦਿ ਨੂੰ ਪੇਸ਼ ਕੀਤਾ ਹੈ। ਇਹਲੋਕ ਗੀਤ ਮਨੁੱਖ ਦੇ ਜਨਮ ਦੀ ਖੁਸ਼ੀ, ਮਰਨ ਦੇ ਗਮ, ਵਿਆਹ ਦੇ ਚਾਵਾਂ ਸੱਧਰਾਂ ਉਮੰਗਾਂ, ਬਚਪਨ ਦੀ ਨਾਦਾਨੀ, ਚੜ੍ਹਦੀ ਉਮਰ ਦੇ ਅਹਿਸਾਸ, ਟੁੱਟੀ ਹੋਈ ਮਹੁੱਬਤ, ਸੱਸ ਨੂੰਹ ਦੀ ਤਕਰਾਰ ਪਤੀ ਪਤਨੀ ਦੇ ਵਿਛੋੜੇ ਦੀ ਬਾਤ ਪਾਉਂਦੇ । ਇਹਨਾਂ ਲੋਕ ਗੀਤਾਂ ਵਿਚ ਦੁਆਬੀ ਲੋਕਧਰਾਈ ਜੀਵਨ ਝਲਕਾਰੇ ਮਾਰਦਾ ਸਾਫ਼ ਦਿਖਾਈ ਦਿੰਦਾ ਹੈ। ਕਰਮਜੀਤ ਸਿੰਘ ਦੇ ਲਕ ਗੀਤਾਂ ਵਿਚ ਅਧਿਆਤਮਕ ਰੰਗ ਵੀ ਦਿਖਾਈ ਦਿੰਦੀ ਹੈ। ਪੰਜਾਬ ਦੇ ਮਸ਼ਹੂਰ ਆਸ਼ਿਕ ਵਰਗ ਅਤੇ ਹੋਰ ਉੱਚੀਆਂ ਸੁੱਚੀਆਂ ਸ਼ਖ਼ਸੀਅਤਾਂ ਜਿਵੇ ਪੂਰਨ ਭਗਤ, ਰਾਜਾ ਰਸਾਲੂ ਅਤੇ ਮਹਾਨ ਗੁਰੂਆਂ ਪੀਰਾਂ ਦੇ ਜੀਵਨ ਨਾਲ ਹੀ ਅਵਗਤ ਕਰਵਾਇਆ ਗਿਆ ਹੈ। ਕਰਮਜੀਤ ਸਿੰਘ ਦਾ ਆਪਣੇ ਖੇਤਰ ਦੇ ਸਭਿਆਚਾਰ ਨਾਲ ਬਹੁਤ ਨੇ ਦਾ ਸੰਬੰਧ ਹੈ। ਇਸੇ ਲਈ ਉਹਨਾਂ ਨੇ ਦੁਆਬੇ ਖੇਤਰ ਦੇ ਲੋਕ ਗੀਤਾਂ ਨੂੰ ਇੱਕਤਰ ਕਰਕੇ ਸਾਂਭ ਸੰਭਾਲ ਦਾ ਕੰਮ ਸੁਰੂ ਕੀਤਾਤੇ ਜੋ ਅੱਜ ਵੀ ਜਾਰੀ ਹੈ।

**ਕਰਮਜੀਤ ਸਿੰਘ ਦੇ ਆਪਣੇ ਇਲਾਕੇ ਪ੍ਰਤਿ ਮੋਹ ਦਾ ਪਤਾ ਉਨਾਂ ਦੇ ਇਹਨਾਂ ਸ਼ਬਦਾਂ ਤੋਂ ਲੱਗਦਾ,** "ਜਦੋਂ ਮੈਂ ਲੋਕ ਗੀਤਾਂ ਦੇ ਸੰਗ੍ਰਿਹ ਪੜ੍ਹ ਰਿਹਾ ਸੀ ਤਾਂ ਵਿਦਵਾਨਾਂ ਦੇ ਅਹਿਜੇ ਵਿਚਾਰ ਵੀ ਸੁਣਨ ਮਿਲ ਰਹੇ ਸਨ ਕਿ ਪੋਠੋਹਾਰ ਵਿਚ ਲੋਕ ਗੀਤ ਵਧੇਰੇ ਹਨ ਜਾਂ ਮਾਲਵੇ ਵਿਚ ਲੋਕ ਗੀਤ ਵਧੇਰੇ ਹਨ ਜਾਂ ਦੁਆਬੇ ਦੀ ਕੋਈ ਵੱਖਰੀ ਉਪਭਾਸ਼ਾ ਨਹੀਂ ਹੈ ਆਦਿ। ਇਹਨਾਂ ਵਿਚਾਰਾਂ ਨੂੰ ਸੁਣ ਕੇ ਲੱਗ ਦਾ ਹੈ ਕਿ ਇਹ ਸਾਰੇ ਝੂਠ ਬੋਲ ਰਹੇ ਹਨ। ਕਿਉਂਕਿ ਮੈਂ

ਰੋਜ ਦੁਾਬੇ ਦੇ ਲੋਕਗੀਤ ਸੁਣਦਾ ਸਾਂ, ਲੋਕ ਕਥਾਵਾਂ ਨਾਲ ਮੇਰਾ ਵਾਸਤਾ ਪੈਂਦਾ ਸੀ। ਦੁਆਬੇ ਦੇ ਆਪਣੇ ਮੁਹਾਵਰੇ ਤੇ ਲੋਕ ਅਖਾਣਾਂ ਸਨ ਫਿਰ ਮੈਂ ਕਿਵੇਂ ਇਹਨਾਂ ਵਿਚਾਰਾਂ ਨਾਲ ਸਹਿਮਤ ਹੋ ਸਕਦਾ ਸਾਂ ਇਸੇ ਕਾਰਨ ਮੈਂ ਲੋਕ ਗੀਤ ਇੱਕਠੇ ਕਰਨ ਦਾ ਕਾਰਜ ਆਰੰਭ ਕੀਤਾ।ਜਿਸ ਵਿਚ ਮੇਰੀ ਦਿਲਚਪਸੀ ਵੀ ਵਧੇਰੇ ਸੀ।"[5]ਇਹ ਵਿਚਾਰ ਦੱਸਦੇ ਹਨ ਕਿ ਕਰਮਜੀਤ ਸਿੰਘ ਆਪਣੇ ਸਭਿਆਚਾਰ ਪ੍ਰਤਿ ਮੋਹ ਲੱਪਾ ਲੱਪ ਭਰਿਆ ਹੋਇਆ ਸੀ। ਕਰਮਜੀਤ ਸਿੰਘ ਨੇ ਪੰਜਾਬੀ ਸਾਹਿਤਕ ਜਗਤ ਦੀ ਝੋਲੀ ਬਹੁ ਸਾਰੀਆਂ ਰਚਨਾਵਾਂ ਪਾਇਆਂ। ਉਹਨਾਂ ਦੁਆਰਾ ਪੰਜਾਬੀ ਸਾਹਿਤਕ ਜਗਤ ਵਿਚ ਪਾਏ ਯੋਗਦਾਨ ਦਾ ਪਤਾ ਉਹਨਾਂ ਦੀਆਂ ਇਹਨਾਂ ਰਚਨਾਵਾਂ ਤੋਂ ਲੱਗਦਾ ਹੈ।

## ਕਰਮਜੀਤ ਸਿੰਘ ਦੀਆਂ ਰਚਨਾਵਾਂ

ਗੁਰੁ ਅਰਜਨ ਬਾਣੀ ਵਿਚ ਸਰੋਦੀ ਅੰਸ਼

ਧਰਤ ਦੁਆਬੇ ਦੀ

ਮਿੱਟੀ ਦੀ ਮਹਿਕ

ਦੇਸ ਦੁਆਬਾ

ਕੂਜਾਂ ਪ੍ਰਦੇਸਣਾਂ

ਕੋਲਾ ਕੂਕਦੀਆਂ

ਮੋਰੀ ਰੁਣ ਝੁਣ ਲਾਇਆ

ਲੋਕ ਗੀਤਾਂ ਦੇ ਨਾਲ – ਨਾਰਜਨੀਸ਼ ਬੇਨਕਾਬ

ਬੱਚਿਆਂ ਲਈ–

ਕਿਸੇ ਨੂੰ ਡੰਗਣ ਨਹੀਂ ਅਤੇ ਫੁਕਾਰਾ ਛੱਡਣਾ ਨਹੀਂ

ਨਵ ਸਾਖਰਾਂ ਲਈ–

ਪੰਜਾਬੀ ਲੋਕ ਗੀਤ (ਦੇਵਨਾਗਰੀ)

ਬੁਲ੍ਹੇਸ਼ਾਹ

ਕੁਲਫ਼ੀ (ਸੁਜਾਨ ਸਿੰਘ)

ਬੰਗਾਲ ਦੀ ਲੋਕਧਾਰਾ (ਆਸ਼ੋਤੋਸ਼ ਭੱਟਾਚਾਰੀਆਂ ਦੀ ਪੁਸਤਕ 'ਫੋਕਲੋਰ ਆਫ਼ ਬੰਗਾਲ' ਦਾ ਅਨੁਵਾਦ)

ਆਦਿ

## ਕਰਮਜੀਤ ਸਿੰਘ ਦਾ ਸਾਹਿਤਕ ਦ੍ਰਿਸ਼ਟੀਕੋਣ

ਕਰਮਜੀਤ ਸਿੰਘ ਸੂਝਵਾਨ ਤੇ ਉੱਚੀ ਸਖ਼ਸੀਅਤ ਦੇ ਮਾਲਕ ਹਨ। ਉਹਨ ਇਕ ਸੁਧਾਰਵਾਦੀ ਚਿੰਤਕ ਵੀ ਹਨ। ਕਰਮਜੀਤ ਸਿੰਘ ਦੁਆਰਾ ਰਚਿਤ ਰਚਨਾਵਾਂ ਵਿਚ ਸਮਾਜਿਕ ਯਥਾਰਥ ਨੂੰ ਹਰ ਪੱਖ ਤੋਂ ਪੇਸ਼ ਕੀਤਾ। **ਕਰਮਜੀਤ ਸਿੰਘ ਨੇ ਪ੍ਰਤੱਖ ਰੂਪ ਵਿਚ ਕਬੂਲਿਆ ਹੈ ਕਿ**, "ਮੈਂ ਮੂਲ ਰੂਪ ਮਾਰਕਸਵਾਦੀ ਵਿਚਾਰਾਂ ਨਾਲ ਜੁੜਿਆ ਹੋਇਆ

ਹਾਂ ਪਰਤੂੰ ਨਵੀਨ ਪ੍ਰਣਾਲੀਆਂ ਦੇ ਨਿਕਟਵਰਤੀ ਅਧਿਐਨ ਤੋਂ ਮੈਂ ਬਹੁਤ ਕੁੱਝ ਸਿੱਖਿਆ ਪਰਤੂੰ ਨਿਕਟਵਰਤੀ ਅਧਿਐਨ ਕਰਨ ਸਮੇਂ ਸਮਾਜਿਕ ਸਰੋਕਾਰਾਂ, ਸਭਿਆਚਾਰਕ ਪ੍ਰਸੰਗਾਂ ਤੋਂ ਵਿਚਾਰਧਾਰਕ ਵਿਰੋਧਾਂ ਨੂੰ ਹਮੇਸ਼ਾ ਧਿਆਨ ਵਿਚ ਰੱਖਿਆ ਹੈ। ਨਵੀਆਂ ਵਿਧੀਆਂ ਇਹਨਾਂ ਸਾਰੇ ਸਰੋਕਾਰਾਂ ਨੂੰ ਡੂੰਘਾਈ ਵਿਚ ਸਮਝਣ ਵਿਚ ਸਹਾਈ ਹੋ ਸਕੀਆਂ ਹਨ। ਆਪਣੇ ਆਪ ਵਿਚ ਇਹਨਾਂ ਵਿਧੀਆਂ ਦਾ ਅਧਿਐਨ ਮਕਾਨਕੀ ਕਸਰਤ ਤੋਂ ਇਲਾਵਾ ਹੋਰ ਕੁੱਝ ਨਹੀਂ ਹੈ। ਸਮਾਜ ਸਭਿਆਚਾਰ ਭੂਮਿਕਾ ਪਛਾਣਨ ਤੋਂ ਅਸਮਰੱਥ ਹੈ ਜਾਂ ਫਿਰ ਉਹ ਕਿਸੇ ਹੋਰ ਵਿਚਾਰਧਾਰਾ ਦੀ ਝੋਲੀ ਜਾ ਪਿਆ ਹੈ ਜੋ ਸਮਾਜ ਸਭਿਆਚਾਰ ਦੇ ਪ੍ਰਗਤੀਸ਼ੀਲ ਅੰਸ਼ਾਂ ਨੂੰ ਮਲੀਆਮੇਟ ਕਰਨਾ ਚਾਹੁੰਦੀ ਹੈ। ਇਹਨਾਂ ਵਿਚਾਰਧਾਰਾਈ ਪ੍ਰਸੰਗਾਂ ਵਿਚ ਹੀ ਮੈਂ ਲੋਕ ਗੀਤਾਂ ਦੇ ਨਾਲ – ਨਾਲ ਤੁਰਨ ਯਤਨ ਕੀਤਾ ਹੈ।"[6]

ਕਰਮਜੀਤ ਸਿੰਘ ਮਾਰਕਸਵਾਦੀ ਵਿਚਾਰਾਂ ਦੇ ਧਾਰਨੀ ਵੀ ਹਨ।ਉਹ ਸਮਾਜ ਵਿਚ ਔਰਤ ਨਾਲ ਹੋ ਰਹੇ ਅਨਿਆਂ ਅਤੇ ਦਲਿਤ ਵਰਗ ਦੀ ਪ੍ਰਨਿੱਧਤਾ ਕਰਨ ਦੇ ਹੱਕ ਵਿਚ ਉਭਰਦੇ ਹਰੇ ਹਨ। ਉਹਨਾਂ ਦੁਆਰਾ ਇਕਠੇ ਕੀਤੇ ਗਏ ਲੋਕ ਗੀਤਾਂ ਵਿਚ ਅਣਜੋੜ ਵਿਆਹ, ਧੀ ਨਾਲ ਨਾ – ਬਰਾਬਰੀ, ਨੂੰਹ ਸੱਸ ਦੀ ਲੜਾਈ, ਅਤੇ ਸ਼ੌਕਣ ਵਰਗੀਆਂ ਕੁਰੀਤੀਆਂ ਨੂੰ ਵੀ ਦਰਸਾਇਆ ਹੈ।ਕਈ ਵਾਰ ਆਰਥਿਕ ਤੰਗੀ ਕਾਰਨ ਵੀ ਮਾਪਿਆ ਨੂੰ ਆਪਣੀ ਧੀ ਦਾ ਵਿਆਹ ਵੱਡੀ ਉਮਰ ਦੇ ਵਿਅਕਤੀ ਨਾਲ ਕਰਵਾਉਣਾ ਪੈਂਦਾ ਹੈ। ਜਾਂ ਲਾਲਚ ਦੇ ਵਿਚ ਆ ਕੇ ਮਾਂ – ਬਾਪ ਆਪਣੀ ਕੁੜੀ ਦਾ ਰਿਸ਼ਤਾ ਉਸਦੀ ਮਰਜ਼ੀ ਬਿਨਾਂ ਕਿਸੇ ਵੱਡੇ ਵਿਅਕਤੀ ਨਾਲ ਕਰ ਦਿੰਦੇ ਹਨ।

"ਪੀਲ਼ੀ – ਪੀਲ਼ੀ ਮਿੱਟੀ ਦੇ ਬਨੇਰੇ ਲਿਪਦੀ, ਬੁਢੜੇ ਨੂੰ ਦੇਖ ਕੇ ਮੈਂ ਦੂਰੋਂ ਪਿੱਟਦੀ।
ਛੱਜ ਭਰਿਆ ਦਾਣਿਆ ਦਾ ਚੂਹੇ ਟੁੱਕ ਗਏ, ਬੁੱਢੜੇ ਨੂੰ ਦੇਖ ਮੇਰੇ ਲੇਖ ਫੁੱਟ ਗਏ।
ਗੱਡੀ ਆਈ ਗੱਡੀ ਆਈ ਟੱਲਮ ਟਲੀਆਂ, ਬੁੱਢੜੇ ਨੂੰ ਦੇਖ ਤਾਂ ਮੈਂ ਪੇਕੇ ਚੱਲੀਆਂ।
ਗੱਡੀ ਆਈ ਗੱਡੀ ਆਈ ਵਿਚ ਚੌਕ ਦੇ, ਬੁੱਢੜੇ ਨੂੰ ਦੇਖ ਕੁੱਤੇ ਦੂਰੋਂ ਭੌਂਕਦੇ।
ਮਾਏ ਨੀ ਮਾਏ ਬੁੱਢਾ ਅੱਸੀ ਸਾਲ ਦਾ, ਤੂੰਈਉਂ ਫੇਰੇ ਲੈ ਲਾ ਬੁੱਢਾ ਤੇਰੇ ਹਾਣ ਦਾ।"[7]

ਇਸ ਲੋਕ ਗੀਤ ਵਿਚ ਕੁੜੀ ਵਲੋਂ ਆਪਣੇ ਵਿਆਹ ਬੁੱਢੜੇ ਵਿਅਕਤੀ ਨਾਲ ਕੀਤੇ ਜਾਣ ਦਾ ਵਿਰੋਧ ਉਤਪੰਨ ਹੁੰਦਾ ਹੈ।ਸਾਡੇ ਸਮਾਜ ਵਿਚ ਔਰਤ ਨੂੰ ਹਮੇਸ਼ਾਂ ਹੀ ਮਰਦ ਦੀ ਨਫ਼ਰਤ ਦਾ ਪਾਤਰ ਬਣਨਾ ਪਿਆ ਹੈ। ਲੜਕੀ ਤੋਂ ਜ਼ਿਆਦਾ ਲੜਕੇ ਦੀ ਚਾਅ ਕੀਤੀ ਜਾਦੀ ਹੈ। ਲੜਕਾ ਪੈਦਾ ਹੋਵੇ ਤਾਂ ਸਾਰਾ ਟੱਬਰ ਖ਼ੁਸ਼ੀਆ ਮਨਾਉਂਦਾ ਹੈ ਬਹੁਤ ਚਾਅ ਮਲ੍ਹਾਰ ਕੀਤੇ ਜਾਦੇ ਹਨ। ਪਰ ਲੜਕੀ ਦੇ ਜੰਮਣ ਤੇ ਸਾਰੇ ਪਰਿਵਾਰ ਵਿਚ ਉਦਾਸੀ ਦਾ ਮਾਹੌਲ ਵਿਚਰ ਜਾਂਦਾ ਹੈ। ਸਾਡੇ ਲੋਕ ਗੀਤਾਂ ਵਿਚ ਇਸ ਦਾ ਵਰਣਨ ਬਹੁਤ ਥਾਵਾਂ ਤੇ ਮਿਲਦਾ ਹੈ।

"ਜਿਸ ਦਿਨ ਬਾਲੀ ਨੇ ਜਨਮ ਲਿਆ ਏ, ਜਨਮ ਲਿਆ ਏ,
ਰੁੱਸਿਆ ਸਾਰਾ ਪਰਿਵਾਰ ਏ...।
ਤਾਏ ਵੀ ਰੁੱਸੇ ਬੇਟੀ ਦੇ ਚਾਚੇ ਵੀ ਰੁੱਸੇ, ਭਰਾਉ ਵੀ ਰੁੱਸੇ,
ਕਿਸ ਬਿਧ ਕਰੀਏ ਵ੍ਹਿਆਉ ਵੇ...।
ਲਾਜ ਤਾਇਆਂ ਨੂੰ , ਲਾਜ ਚਾਚਿਆਂ ਨੂੰ, ਲਾਜ ਭਰਾਵਾਂ..।

ਲਾਜ ਪਈ ਪਰਿਵਾਰ ਏ...।"[8]

ਔਰਤ ਦਾ ਮਰਦ ਵਾਂਗੂੰ ਜਾਇਦਾਦ ਤੇ ਵੀ ਹੱਕ ਨਹੀਂ ਸਮਝਿਆਂ ਜਾਂਦਾ ਉਸਨੂੰ ਬੇਗਾਨਾ ਧਨ ਕਿਹਾ ਜਾਂਦਾ ਹੈ। ਪਰ ਆਪਣੇ ਬਾਬਲ ਦੇ ਘਰ ਪੁੱਤ ਵਾਗੂੰ ਕਮਾਈ ਕਰਨ ਦੇ ਬਾਵਜੂਦ ਵੀ ਉਸਨੂੰ ਭੇਦਭਾਵ ਦਾ ਸ਼ਿਕਾਰ ਹੋਣਾ ਪੈਂਦਾ ਹੈ।

"ਪੁੱਤਰ ਬਣ ਕੇ ਕਮਾਇਆ ਘਰ ਤੇਰੇ, ਕਮਾਇਆ ਘਰ ਤੇਰੇ,
ਤੇ ਦਾਜ ਦੇ ਕੇ ਤੋਰੀਂ ਬਾਬਲ ਜੀ, ਤੇ ਦਾਜ ਦੇ ਕੇ ਤੋਰੀਂ ਬਾਬਲ ਜੀ,
"ਹੱਥੀ ਦਿੱਤੜਾ ਧੀਆਂ ਨੇ ਲੈ ਜਾਣਾ, ਹੱਥੀ ਦਿੱਤੜਾ ਧੀਆਂ ਨੇ ਲੈ ਜਾਣਾ,
ਪੁੱਤਾਂ ਨੇ ਜਗੀਰਾਂ ਮਲਣੀਆਂ, ਤੇ ਪੁੱਤਾਂ ਨੇ ਜਗੀਰਾਂ ਮਲਣੀਆਂ।"[9]

ਇਹਨਾਂ ਲੋਕ ਗੀਤਾਂ ਰਾਹੀ ਔਰਤ ਦੀ ਮਾਨਸਿਕ ਅਵਸਥਾ ਭਲੀਭਾਂਤ ਉਜਾਗਰ ਹੁੰਦੀ ਹੈ। ਔਰਤ ਸਾਡੇ ਸਮਾਜ ਦੁਆਰਾ ਆਪਣੇ ਨਾਲ ਹੋ ਰਹੀ ਬੇ – ਇਨਸਾਫ਼ੀ ਨੂੰ ਲੋਕ ਗੀਤਾਂ ਰਾਹੀ ਹੀ ਵਿਅਕਤ ਕਰਦੀ ਹੈ। ਉਹ ਸਮਾਜ ਦਾ ਵਿਰੋਧ ਪੂਰਨ ਰੂਪ ਵਿਚ ਕਰਨ ਤੋਂ ਅਸਮੱਰਥ ਹੈ ਇਸ ਲਈ ਉਹਨੇ ਆਪਣੇ ਮਨ ਦੀਆਂ ਭਾਵਨਾਵਾਂ ਨੂੰ ਲੋਕ ਗੀਤਾਂ ਦੁਆਰਾ ਪ੍ਰਗਟ ਕਰਕੇ ਸ਼ਤੁੰਸਟੀ ਪ੍ਰਾਪਤ ਕੀਤੀ ਹੈ। ਉਹ ਆਪਣੇ ਪਤੀ ਦੇ ਨੌਕਰੀ / ਪਰਦੇਸ ਚਲੇ ਜਾਣ ਕਾਰਨ ਆਪਣੇ ਆਪ ਨੂੰ ਇੱਕਲਾ ਅਨੁਭਵ ਮਹਿਸੂਸ ਕਰਦੀ ਹੈ।

"ਪੀਆ ਤੁਸੀ ਚਲੇ ਪਰਦੇਸ, ਸਾਡੀ ਕੌਣ ਨਿਭਾਵੇਗਾ...
ਸਾਡੇ ਸ਼ੌਕ ਦੇ ਚੁਬਾਰੇ, ਵਾਜਾ ਕੌਣ ਵਜਾਵੇਗਾ...[10]

ਕਰਮਜੀਤ ਸਿੰਘ ਨੇ ਸਮਾਜ ਵਿਚ ਦਲਿਤ ਜਾਤਾਂ ਨਾਲ ਸੰਬੰਧਿਤ ਲੋਕ ਗੀਤਾਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ। ਉਹਨਾਂ ਨੇ ਸਮਾਜ ਵਿਚ ਜਾਤੀਵਾਦ ਦੇ ਆਧਾਰ ਤੇ ਭੇਦਭਾਵ ਦੀ ਸਮੱਸਿਆਂ ਨੂੰ ਪੇਸ਼ ਕਰਦੇ ਲੋਕ ਗੀਤਾਂ ਨੂੰ ਆਪਣੇ ਸੰਗ੍ਰਹਿਆ ਵਿਚ ਵਿਸ਼ੇਸ ਪੱਧਰ ਤੇ ਪੇਸ਼ ਕੀਤਾ ਹੈ।

"ਰਾਜੇ ਨੇ ਖੂਹ ਲੁਆਇਆ ਹੋ ਛੀਂਬਣ ਪਾਣੀ ਨੂੰ ਆਈ ਐ ਵੇ।
ਛੀਂਬਣ ਨੇ ਡੋਲ ਬਹਾਇਆ, ਹੋ ਰਾਜੇ ਪਲੜਾ ਫੜ ਲਿਆ ਏ।
ਛੋਂਡੀ ਛੋਂਡੀ ਰਾਜਿਆ ਪਲੜਾ ਹੋ ਸਾਡੀ ਜਾਤ ਕਮੀਨਣੀ ਏ।"[11]

ਉਹਨਾਂ ਨੇ NLM (National Liracay Mission) ਸ਼ੁਰੂ ਕੀਤਾ। ਜਿਸ ਰਾਹੀ ਕਿਤਾਬਾਂ ਦੀ ਛੁਪਾਈ ਦਾ ਕੰਮ ਕੀਤਾ ਜਾਂਦਾ ਸੀ।ਇਸ ਮਿਸ਼ਨ ਦਾ ਮੁੱਖ ਮੰਤਵ ਬੱਚਿਆਂ ਵਿਚ ਹਰ ਪੱਖੋਂ ਜਾਗ੍ਰਿਤੀ ਪੈਦਾ ਕਰਨਾ ਸੀ। ਕਰਮਜੀਤ ਸਿੰਘ ਨੇ 'ਜਨ ਨਟਯ ਮੰਚ' ਨਾਂ ਦਾ ਇੱਕ ਨਾਟਕੀ ਜਥਾ ਵੀ ਸੰਗਠਿਤ ਕੀਤਾ। ਜਿਸ ਦਾ ਕੰਮ ਔਰਤਾਂ ਨੂੰ ਆਪਣੇ ਹੱਕ ਪ੍ਰਤੀ ਜਾਗਰੂਕ ਕਰਨਾ ਸੀ।ਕਰਮਜੀਤ ਸਿੰਘ ਦੇ ਮਾਰਕਸਵਾਦੀ ਨਜ਼ਰੀਏ ਤੋਂ ਹੀ ਉਹਨਾਂ ਦੀ ਸਮਾਜ ਸੁਧਾਰਕ ਸੋਚ ਭਲੀ ਭਾਂਤੀ ਉਜਾਗਰ ਹੁੰਦੀ ਹੈ। ਕਰਮਜੀਤ ਸਿੰਘ ਸਾਹਿਤ ਧਾਰਾ (1985 – 1995)ਦੇ ਚੀਫ਼ ਐਡੀਟਰ ਰਹੇ। ਇਸਦੇ ਨਾਲ ਹੀ 'ਚਿਰਾਗ' ਮੈਗਜ਼ੀਨ ਵਿਚ ਸ਼ਲਾਘਾਯੋਗ ਹਿੱਸਾ ਪਾ ਰਹੇ ਹਨ। ਕਰਮਜੀਤ ਸਿੰਘ ਨੇ ਨੈਸ਼ਨਲ ਪੱਧਰ ਤੇ ਦਸ ਸੈਮੀਨਰ / ਕਾਨਫ਼ਰੰਸ ਵਿਚ ਵੀ ਹਾਜ਼ਰੀ ਲਗਵਾਈ। ਉਹ 'ਕੇਂਦਰੀ ਲੇਖਕ ਸਭਾ' ਦੇ ਮੈਂਬਰ ਵੀ ਹਨ।

- ਉਹਨਾਂ ਨੂੰ ਪੰਜਾਬੀ ਸਾਹਿਤ ਅਕਾਦਮੀ ਵੱਲੋਂ 'ਲੋਕ ਗੀਤਾਂ ਦੀ ਪੈੜ' ਪੁਸਤਕ ਤੇ (2002 – 2003) ਵਲੋਂ ਇਨਾਮ ਦਿੱਤਾ ਗਿਆ।
- ਮੁਜਰਮ ਦਸੂਹੀ ਐਵਾਰਡ ਸਾਹਿਤ ਸਭਾ ਦਸੂਹਾ ਵੱਲੋਂ 1997 ਵਿਚ।
- ਭਾਈ ਸੰਤੋਖ ਸਿੰਘ ਐਵਾਰਡ, ਹਰਿਆਣਾ ਸਾਹਿਤ ਅਕਾਦਮੀ ਵੱਲੋਂ 2012 ਨੂੰ ਭੇਂਟ ਕੀਤਾ ਗਿਆ।
- ਰਵਿੰਦਰ ਰਵੀ ਐਵਾਰਡ, ਕੇਂਦਰੀ ਲੇਖਕ ਸਭਾ ਵੱਲੋਂ।

ਕਰਮਜੀਤ ਸਿੰਘ ਵੱਲੋਂ ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਦੀ ਸੰਭਾਲ ਲਈ ਜੋ ਕੰਮ ਆਰੰਭਿਆ ਹੈ ਉਹ ਅੱਜ ਵੀ ਜਾਰੀ ਹੈ। ਕਰਮਜੀਤ ਸਿੰਘ ਨੇ ਲੋਕ ਗੀਤਾਂ ਦੇ ਅਲੋਪ ਹੋ ਰਹੇ ਅਣਮੋਲ ਖ਼ਜਾਨੇ ਨੂੰ ਆਉਣ ਵਾਲੀਆਂ ਨਵੀਆਂ ਪੀੜ੍ਹੀਆਂ ਜੋ ਆਪਣੇ ਅਮੀਰ ਸਭਿਆਚਾਰਕ ਪਿਛੋਕੜ ਤੋ ਬੇ ਮੁੱਖ ਹੋ ਗਈਆਂ ਸਨ ਦੇ ਰੂ ਬਰੂ ਕਰਵਾਇਆ ਹੈ। ਸਾਡੇ ਸਮਾਜ ਵਿੱਚ ਕਿਸੇ ਨਾ ਕਿਸੇ ਸਮੱਸਿਆ ਨੂੰ ਲੈ ਕੇ ਹਮੇਸ਼ਾ ਉੱਥਲ ਪੁੱਥਲ ਮੱਚਦੀ ਰਹੀ ਹੈ। ਚਾਹੇ ਉਹ ਮਸਲਾ ਧਾਰਮਿਕ ਹੋਵੇ ਸਮਾਜਿਕ ਜਾਂ ਰਾਜਨੀਤਿਕ।ਹੁਣ ਵੀ ਆਧੁਨਿਕਤਾ ਦੇ ਪ੍ਰਭਾਵ ਕਾਰਨ ਸਾਡੇ ਸਮਾਜ ਵਿੱਚ ਬਜ਼ਾਰੀਕਰਨ ਦੀ ਦਖ਼ਲ ਅੰਦਾਜੀ ਵੱਧ ਦੀ ਜਾ ਰਹੀ ਹੈ। ਜਿਸ ਕਾਰਨ ਅਸੀਂ 'global cultur' ਵੱਲ ਢਲਦੇ ਜਾ ਰਹੇ ਹਾ।ਗਲੋਬਲ ਪਿੰਡਾਂ ਦੀ ਹੋਂਦ ਨੇ ਸਾਧਾਰਨ ਲੋਕਾਂ ਦੇ ਜੀਵਨ ਵਿਚੋਂ ਰਵਾਇਤੀ ਜੀਵਨ ਖ਼ਤਮ ਕਰ ਦਿੱਤਾ ਹੈ।ਗਲੋਬਲ ਪਿੰਡਾਂ ਦਾ ਵਾਸੀ ਘੁੰਣਘੇਰੀ ਵਿੱਚ ਪੈ ਗਿਆ ਹੈ। ਸੱਭਿਆਚਾਰ ਦੀ ਇਸ ਵਰਤਮਾਨ ਸਥਿਤੀ ਨੇ ਭਵਿੱਖ ਵਾਸਤੇ ਅਨੇਕਾਂ ਚਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ।

**ਕਰਮਜੀਤ ਸਿੰਘ ਦੇ ਅਨੁਸਾਰ,** "ਲੋਕਧਾਰਾ ਦੇ ਅੰਤਰਗਤ ਸਾਮੂਹਿਕਤਾ ਅੰਤਰ ਭਾਈਚਾਰੇ ਦਾ ਪ੍ਰਦਰਸ਼ਨ ਕਰਦੇ ਮੇਲੇ ਦਿਨ- ਤਿਉਹਾਰ ਸਾਰੇ ਫਾਇਨੈਂਸ ਪੂੰਜੀ ਦੀ ਗਿਰਫ਼ਤ ਵਿਚ ਆ ਰਹੇ ਹਨ। ਲੋਕ ਸਾਹਿਤ ਵੀ ਪੂਰੀ ਤਰ੍ਹਾਂ ਕਮਰਸ਼ੀਅਲ ਹੋਣ ਵਲ ਵਧ ਰਿਹਾ ਹੈ। ਲੋਕਗੀਤਾਂ ਨੂੰ ਪਾਪੂਲਰ ਪੱਧਰ ਤੇ ਲਿਆ ਕੇ ਉਨ੍ਹਾਂ ਦਾ ਵਿਗੜੀ ਕਿਸਮ ਦਾ ਪ੍ਰਦਰਸ਼ਨ ਟੀ.ਵੀ ਕਲਚਰ ਦਾ ਹਿੱਸਾ ਬਣ ਗਿਆ ਹੈ। ਗੀਤ ਕੇਲ ਤੇ ਕੇਵਲ ਨਾਚ ਗੀਤਾਂ ਜਾਂ ਬੀਟ ਸਾਂਗਸ ਦੇ ਰੂਪ ਵਿਚ ਵੱਟ ਚੁੱਕੇ ਹਨ ਜਿਨ੍ਹਾਂ ਨੇ ਸੰਜੀਦਾ ਗੀਤਾਂ ਅਤੇ ਲੋਕਗੀਤਾਂ ਨੂੰ ਹਾਸ਼ੀਏ ਤੇ ਆਣ ਧੱਕਿਆ ਹੈ। ਲੋਕ ਕਥਾਵਾਂ, ਲੋਕ ਮੁਹਾਵਰਿਆਂ, ਲੋਕ ਨਾਟਕਾਂ (ਪੁਤਲੀ ਨਾਟਕ ਸਮੇਤ) ਨੂੰ ਇਸੇ ਉਪਭੋਗਤਾਵਾਦੀ ਵਸਤੂ ਵਿਚ ਵਟਾਇਆ ਜਾ ਰਿਹਾ ਹੈ ਜਾਂ ਉਭੋਗਤਾਵਾਦੀ ਸਭਿਆਚਾਰ ਨੂੰ ਉਤਸ਼ਾਹਤ ਕਰਨ ਲਈ ਸਾਧਨ ਵਜੋਂ ਵਰਤਿਆ ਜਾ ਰਿਹਾ ਹੈ।"[12]

ਅਜੋਕੇ ਵਿਸ਼ਵੀਕਰਨ, ਬਜ਼ਾਰੀਕਰਨ, ਅਤੇ ਮਸ਼ੀਨੀਕਰਨ ਦੇ ਦੌਰ ਵਿੱਚ ਪ੍ਰਾਚੀਨ ਸਭਿਆਚਾਰ ਵਿਚਲੇ ਵਿਸ਼ਵਾਸ, ਕਦਰਾਂ-ਕੀਮਤਾਂ, ਚਿੰਨ੍ਹ, ਬਿੰਬ, ਕਾਰ-ਵਿਵਹਾਰ, ਮੇਲੇ-ਤਿਉਹਾਰ, ਰੀਤਾਂ-ਰਸਮਾਂ, ਧਰਮ-ਕਰਮ, ਰਿਸ਼ਤੇ- ਨਾਤੇ, ਵਿਆਹ-ਸ਼ਾਦੀਆ, ਖਾਣਾ-ਪੀਣਾ, ਪਹਿਰਾਵਾ, ਇਥੋਂ ਤੱਕ ਕੀ ਮਨੁੱਖੀ ਕਦਰਾਂ ਕੀਮਤਾਂ ਵਿਚ ਵੀ ਬਹੁਤ ਪਰਿਵਰਤਨ ਆ ਗਏ ਹਨ। ਇਹ ਸਭ ਲੋਕ ਗੀਤਾਂ ਵਿਚ ਭਲੀਭਾਂਤ ਉਜਾਗਰ ਹੁੰਦਾ ਹੈ।

"ਸੱਸੇ ਨਾ ਕਰ ਪੁੱਤਰ ਪੁੱਤਰ, ਹੁਣ ਤਾਂ ਮੁਾਈਆ ਮੇਰਾਏ
ਜਦੋਂ ਸੀ ਬੋਲਦਾ ਏ.ਬੀ.ਸੀ.ਡੀ, ਜਦੋਂ ਸੀ ਬੋਲਦਾ ਏ.ਬੀ.ਸੀ.ਡੀ,
ਹੁਣ ਬੋਲਦਾ ਡਾਰਲਿੰਗ ਡਾਰਲਿੰਗ, ਹੁਣ ਤੇ ਮੁਾਈਆ ਮੇਰਾ ਏ

ਸੱਸੇ ਨਾ ਕਰ ਪੁੱਤਰ ਪੁੱਤਰ, ਹੁਣ ਤਾਂ ਮ੍ਹਾਈਆ ਮੇਰਾ ਏ।[13]

ਕਰਮਜੀਤ ਸਿੰਘ ਨੇ ਆਰ.ਸੀ.ਟੈਂਪਲ ਦੇ ਲੋਕਧਾਰਾ ਸ਼ਾਸਤਰ ਦਾ ਵੀ ਵਿਸ਼ਲੇਸ਼ਣ ਕੀਤਾ ਹੈ।ਉਹਨਾਂ ਨੇ ਟੈਂਪਲ ਦੇ ਲੋਕਧਾਰਾ ਸ਼ਾਸਤਰ ਦੋਵਾਂ ਪੱਖਾਂ ਤੋਂ ਘੋਖਿਆ ਹੈ। ਉਹਨਾਂ ਨੇ ਟੈਂਪਲ ਦੇ ਲੋਕਧਾਰਾ ਸ਼ਾਸਤਰ ਦੀ ਸਲ਼ਾਘਾ ਤਾਂ ਕੀਤੀ ਹੀ ਪਰ ਕਈ ਥਾਵਾਂ ਤੇ ਉਹਨਾਂ ਨੇ ਟੈਂਪਲ ਦੀ ਪੰਜਾਬੀ ਸਭਿਆਚਾਰ ਪ੍ਰਤੀ ਓੱਪਰੀ ਨਜ਼ਰ ਦਾ ਪ੍ਰਗਟਾ ਵੀ ਕੀਤਾ ਹੈ।

**ਕਰਮਜੀਤ ਸਿੰਘ ਅਨੁਸਾਰ**, "ਕੂਕਾ ਰਾਮ ਵਰਗੇ ਜਿਸ ਨੂੰ ਅਸੀਂ ਅੰਗਰੇਜ਼ਾ ਵਿਰੁੱਧ ਸ਼ਾਤਮਈ ਅੰਦੋਲਨ ਦਾ ਨਾਇਕ ਮੰਨਦੇ ਹਾਂ ਤੇ ਜਿਸ ਨੇ ਗਾਂਧੀ ਤੋਂ ਵੀ ਪਹਿਲਾਂ ਸ਼ਾਤਮਈ ਅੰਦੋਲਨ ਚਲਾਇਆ ਸੀ, ਨਾਲ ਸਬੰਧਿਤ ਦੰਤ ਕਥਾਵਾਂ ਦਾ ਜ਼ਿਕਰ ਕਰਦਿਆ ਆਪਣੀ ਨਫ਼ਰਤ ਲੁਕਾ ਨਹੀਂ ਸਕਿਆ।"ਨੋਟੋਰੀਅਸ ਰਾਮ ਸਿੰਘ" ਵਰਗੇ ਸ਼ਬਦ ਦਾ ਪ੍ਰਯੋਗ ਉਸਦੀ ਨਫ਼ਰਤ ਦੀ ਗਵਾਹੀ ਹੈ। ਇੱਥੇ ਅਸੀਂ ਉਸਦੀ ਨਫ਼ਰਤ ਦੀ ਗਵਾਹੀ ਹੈ। ਇੱਥੇ ਅਸੀਂ ਉਸਦੇ ਅਸਲੀ ਸ਼ਬਦ ਦੇ ਰਹੇ ਹਾਂ। ਉਹ ਲਿਖਦਾ ਹੈ,

"The once notorious Ram Singh Kuka, Whom the present speker (Temple) Knew personally while a political prisoner in consequence of his raising a petty religious rebellion the British crown, was creaited with miraculously lengthening the beam of a house for a follower at Firozepur, by way of helping him to preserve his property."[14]

ਕਰਮਜੀਤ ਸਿੰਘ ਨੇ ਟੈਂਪਲ ਦੇ "ਦੀ ਫ਼ੋਕਲੋਰ ਇਨ ਲੈਜੈਂਡਜ਼ ਦੀ ਪੰਜਾਬ" (ਫੋਕਲੋਰ, 1899) ਨਿਬੰਧ ਵਿਚ ਜੋ ਟੇਬਲ ਦਿੱਤਾ ਸੀ ਨੂੰ ਵੀ ਪਾਠਕਾਂ ਦੇ ਸਾਹਮਣੇ ਸਨਮੁੱਖ ਕੀਤਾ ਹੈ।ਕਰਮਜੀਤ ਸਿੰਘ ਨੇ ਟੈਂਪਲ ਅਤੇ ਭਾਰਤੀ ਲੋਕ ਕਥਾਵਾਂ ਦੇ ਵੱਖਰੇਂਵੇ ਬਾਰੇ ਵੀ ਚਰਚਾ ਕੀਤੀ ਹੈ। ਉਹਨਾਂ ਨੇ ਟੈਂਪਲ ਦੇ ਜਿੱਥੇ ਭਾਰੀ ਲੋਕਾਂ ਪ੍ਰਤੀ ਨਫ਼ਰਤ ਬਾਰੇ ਅਵਗਤ ਕਰਵਾਇਆ ਹੈ ਉੱਥੇ ਹੀ ਟੈਂਪਲ ਦੀ ਸ਼ਲਾਘਾ ਵੀ ਕੀਤੀ ਹੈ।

**ਕਰਮਜੀਤ ਸਿੰਘ ਅਨੁਸਾਰ,** "ਅੱਜ ਜਦ ਕੇ ਵਿਸਤ੍ਰਿਤ ਪੱਧਰ ਤੇ ਲੋਕਧਾਰਾ ਸੰਬੰਧੀ ਖੋਜ ਕਾਰਜ ਆਰੰਭਿਆ ਜਾ ਰਿਹਾ ਹੈ ਤਾਂ ਟੈਂਪਲ ਦੀਆਂ ਸੰਭਾਵਨਾਵਾਂ ਅਗਾਂਹ ਤੋਰ ਕੇ ਵਿਗਿਆਨਕ ਲੀਹਾ ਤੇ ਪਾਉਣ ਦੀ ਲੋੜ ਹੈ। ਇਸ ਸ਼ੁਰੂਆਤ ਲਈ ਵਿਗਿਆਨਕ ਦ੍ਰਿਸ਼ਟੀਕੋਣ ਦੀ ਲੋੜ ਹੈ। ਰਾਜ ਸੱਤਾ ਦੇ ਬੁਲਾਰਿਆ ਤੋਂ ਅਜਿਹੇ ਦ੍ਰਿਸ਼ਟੀਕੋਣ ਦੀ ਆਸ ਨਹੀਂ ਰੱਖੀ ਜਾ ਸਕਦੀ। ਉਹ ਤਾਂ ਲੋਕਧਾਰਾ ਬਾਰੇ ਵੀ ਉਹੋ ਜਿਹੇ ਖੋਜ ਕਾਰਜ ਕਰਵਾ ਰਹੇ ਹਨ ਜਿਸ ਵਿਚ ਉਹਨਾਂ ਦੇ ਹਿੱਤ ਸੁਰੱਖਿਅਤ ਹੁੰਦੇ ਹਨ। ਟੈਂਪਲ ਇਕ ਥਾਂ ਕਹਿੰਦਾ ਹੈ ਕਿ ਰਾਜ ਸੱਤਾ ਦੇ ਅਭਿਮਾਨੀ ਲੋਕ ਕਿਉਂਕਿ ਆਪਣੇ ਆਪ ਨੂੰ ਬੌਧਿਕ ਤੌਰ ਤੇ ਲੋਕਾਂ ਤੋਂ ਉਚੇਰਾ ਸਮਝਦੇ ਹਨ ਅਤੇ ਉਹ ਸਰਕਾਰ ਦੇ ਬਹੁਤ 'ਉਚੇਚੇ' ਨਿਸ਼ਾਨਿਆਂ ਦੀ ਪੂਰਤੀ ਵਿਚ ਲੱਗੇ ਹੋਏ ਹਨ, ਇਸ ਲਈ ਉਨ੍ਹਾਂ ਤੋਂ ਲੋਕਧਾਰ ਇੱਕਤਰ ਕਰਨ ਦੀ ਆਸ ਨਹੀਂ ਰੱਖੀ ਜਾ ਸਕਦੀ। ਟੈਂਪਲ ਭਾਵੇਂ ਆਪ ਰਾਜ ਸੱਤਾ ਦੇ ਅਧਿਕਾਰੀਆਂ ਵਿਚੋਂ ਇਕ ਸੀ ਅਤੇ ਆਪਣੇ ਕੀਤੇ ਖੋਜ ਕਾਰਜ ਦੀ ਓੱਚਤਾ ਸਿੱਧ ਕਰ ਰਿਹਾ ਸੀ ਪਰ ਉਸ ਦੇ ਕਥਨ ਵਿਚ ਤਾਂ ਹੈ ਹੀ।"[15]ਪੰਜਾਬੀ ਸੱਭਿਆਚਾਰ ਵਰਤਮਾਨ ਬਾਰੇ ਗੱਲ ਕਰਨ ਤੋਂ ਬਾਅਦ ਇਸ ਸੰਬੰਧੀ ਵੰਗਾਰ ਅਤੇ ਸੱਭਿਆਚਾਰ ਦੇ ਭਵਿੱਖ ਬਾਰੇ

ਵਿਚਾਰ ਕਰਨਾ ਇੱਕ ਜਰੂਰੀ ਤੇ ਭਖ਼ਦਾ ਮਸਲਾ ਹੈ। ਵਰਤਮਾਨ ਸਮੇਂ ਵਿੱਚ ਸਾਡੇ ਸੱਭਿਆਚਾਰ ਤੇ ਲੋਕਧਾਰਾਈ ਵਰਤਾਰੇ ਦੀ ਜੋ ਸਥਿਤੀ ਹੈ ਉਸ ਦਾ ਅੰਦਾਜਾ ਇਸ ਸੰਬੰਧੀ ਪੈਦਾ ਹੁੰਦੀਆਂ ਵੰਗਾਰਾ ਤੋਂ ਲਗਾਇਆ ਜਾ ਸਕਦਾ ਹੈ।ਇਹਨਾਂ ਵੰਗਾਰਾ ਨੂੰ ਜੇਕਰ “ਸਭਿਆਚਾਰ ਸੰਕਟ” ਦਾ ਨਾਂ ਦਿੱਤਾ ਜਾਵੇ ਤਾਂ ਕੋਈ ਅਤਿਕਥਨੀ ਨਹੀ ਹੋਵੇਗੀ। ਅਜੋਕੇ ਸਮੇਂ ਵਿੱਚ ਭਾਵੇਂ ਸਾਡੇ ਸਾਹਮਣੇ ਕੋਈ ਵੰਗਾਰ ਨਹੀਂ ਇਹਨਾਂ ਸਗੋਂ ਦੀ ਭਰਮਾਰ ਕਾਇਮ ਹੈ ਜੋ ਸਾਡੇ ਸਮੁੱਚੇ ਜੀਵਨ ਨੂੰ ਬਦਲਾ ਰਹੀਆਂ ਹਨ। ਪੰਜਾਬੀ ਜੀਵਨ ਦੇ ਚਿੰਨ੍ਹਆਤਮਕ ਆਧਾਰ ਖਤਮ ਹੋ ਰਹੇ ਹਨ। ਇਹਨ੍ਹਾਂ ਵੰਗਾਰਾਂ ਦਾ ਕੋਈ ਇਕ ਕਾਰਨ ਨਹੀ। ਇਹ ਵੰਗਾਰਾਂ ਸਾਡੇ ਸਮਾਜ ਦੇ ਅੰਦਰੋਂ, ਸਾਡੇ ਸਮਾਜ ਦੇ ਦੂਜੇ ਸਮਾਜਾਂ ਨਾਲ ਸੰਬੰਧ ਅਤੇ ਕੋਮਾਂਤਰੀ ਸੰਬੰਧਾਂ ਵਿਚੋਂ ਪੈਦਾ ਹੋ ਰਹੀਆ ਹਨ। ਉਹਨਾਂ ਵਿਚ ਇਕ ਵੰਗਾਰ ਉੱਤਰਆਧੁਨਿਕਤਾ ਨੂੰ ਲੈ ਕੇ ਵੀ ਹੈ। ਆਧੁਨਿਕਤਾ ਦੇ ਪ੍ਰਭਾਵ ਕਾਰਨ ਅਸੀਂ ਆਪਣੇ ਸਭਿਆਚਾਰਕ ਮੁੱਲਾਂ ਤੋਂ ਬੇ ਮੁੱਖ ਹੋ ਰਹੇ ਹਾਂ। ਕਰਮਜੀਤ ਸਿੰਘ ਨੇ ਆਪਣੀ ਪੁਸਤਕ ‘ਲੋਕਧਾਰਾ ਦੀ ਸਮੀਖਿਆ’ ਵਿਚ ਆਪਣੇ ਸੂਝਵਾਨ ਦ੍ਰਿਸ਼ਟੀਕੋਣ ਤੋਂ ਆਰ ਸੀ. ਟੈਂਪਲ ਦੇ ਲੋਕਧਾਰਾ ਸ਼ਾਸਤਰ  ਦਾ ਵਿਸ਼ਲੇਸ਼ਣ ਕੀਤਾ ਹੈ।

## ਹਵਾਲੇ ਅਤੇ ਟਿੱਪਣੀਆਂ-:


1. ਸਰਬਜੀਤ ਕੌਰ, ਪੰਜਾਬੀ ਲੋਕਧਾਰਾ ਵਿਗਿਆਨ ਅਤੇ ਡਾ. ਕਰਮਜੀਤ ਸਿੰਘ, ਪੰਨਾ 161- 62 ਵਿਸ਼ੇਸ਼ ਮੁਲਾਕਾਤ
2. ਉਹੀ, ਪੰਨਾ 24
3. ਕਰਮਜੀਤ ਸਿੰਘ, ਪੰਜਾਬੀ ਲੋਕਧਾਰਾ ਸਮੀਖਿਆ, ਪੰਨਾ 134
4. ਉਹੀ, ਪੰਨਾ 130
5. ਸਰਬਜੀਤ ਕੌਰ, ਪੰਜਾਬੀ ਲੋਕਧਾਰਾ ਵਿਗਿਆਨ ਅਤੇ ਡਾ. ਕਰਮਜੀਤ ਸਿੰਘ, ਪੰਨਾ 165 ਵਿਸ਼ੇਸ਼ ਮੁਲਾਕਾਤ
6. ਉਹੀ, ਪੰਨਾ 92
7. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 42
8. ਕਰਮਜੀਤ ਸਿੰਘ, ਮਿੱਟੀ ਦੀ ਮਹਿਕ, ਪੰਨਾ 65
9. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 115
10. ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 32
11. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 46
12. ਕਰਮਜੀਤ ਸਿੰਘ, ਪੰਜਾਬੀ ਲੋਕਧਾਰਾ ਦੀ ਸਮੀਖਿਆ, ਪੰਨਾ 35
13. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 42
14. ਕਰਮਜੀਤ ਸਿੰਘ, ਪੰਜਾਬੀ ਲੋਕਧਾਰਾ ਦੀ ਸਮੀਖਿਆ, ਪੰਨਾ 43
15. ਉਹੀ, ਪੰਨਾ 59

## ਅਧਿਆਇ ਚੌਥਾ

# ਕਰਮਜੀਤ ਸਿੰਘ ਦੁਆਰਾ ਸੰਪਾਦਿਤਲੋਕ ਗੀਤ ਸੰਗ੍ਰਹਿਆਂ ਵਿਚ ਉੱਭਰਦਾ ਸਭਿਆਚਾਰ

### ਪਦਾਰਥਕ ਅਤੇ ਸੁਹਜਾਤਮਕ

ਮਨੁੱਖ ਇਕ ਸਮਾਜਕ ਪ੍ਰਾਣੀ ਹੈ। ਉਸ ਨੂੰ ਤਨ ਢੱਕਣ ਲਈ ਕੱਪੜੇ, ਰਹਿਣ ਲਈ ਘਰ ਅਤੇ ਪੇਟ ਭਰਨ ਲਈ ਰੋਟੀ ਆਦਿ ਦੀ ਜ਼ਰੂਰਤ ਹੁੰਦੀ ਹੈ। ਇਹਨਾਂ ਬਿਨਾਂ ਮਨੁੱਖੀ ਜੀਵਨ ਅਸੰਭਵ ਹੈ। ਇਹ ਮਨੁੱਖੀ ਜਨ ਜੀਵਨ ਦਾ ਅਨਿੱਖੜਵਾ ਅੰਗ ਹਨ।ਪਦਾਰਥਕ ਸਭਿਆਚਾਰ ਮਨੁੱਖ ਦੀਆਂ ਮੁੱਢਲੀਆਂ ਜ਼ਰੂਰਤਾ ਦੀ ਪੂਰਤੀ ਕਰਦਾ ਹੈ।

**ਬਲਵੀਰ ਸਿੰਘ ਪੂਨੀ ਦੇ ਅਨੁਸਾਰ**, "ਪਦਾਰਥਕ ਸਭਿਆਚਾਰ ਵਿਚ ਉਹ ਸਾਰੀਆਂ ਵਸਤਾਂ ਆਉਂਦੀਆਂ ਹਨ ਜੋ ਮਨੁੱਖ ਨੇ ਆਪ ਸਿਰਜੀਆਂ ਹਨ ਜਾਂ ਜਿਨ੍ਹਾਂ ਨੂੰ ਮਨੁੱਖ ਵਰਤਦਾ ਹੈ। ਭਾਵੇਂ ਉਹ ਪ੍ਰਕਿਰਤੀ ਵਿਚ ਹੀ ਬਣੀਆਂ ਬਣਾਈਆਂ ਮਿਲਦੀਆਂ ਹੋਣ। ਸਭਿਆਚਾਰ ਦੇ ਪਦਾਰਥਕ ਅੰਗ ਸਭਿਆਚਾਰ ਦਾ ਬਹੁਤ ਹੀ ਮਹੱਤਵਪੂਰਨ ਮਾਧਿਅਮ ਹਨ। ਪਦਾਰਥਕ ਸਭਿਆਚਾਰ ਦੇ ਕੁੱਝ ਮਹੱਤਵਪੂਰਨ ਅੰਸ਼ ਕੰਮ ਧੰਦੇ, ਸਾਜੋ ਸਮਾਨ, ਪਹਿਰਾਵਾ, ਹਾਰ ਸ਼ਿੰਗਾਰ, ਰਹਿਣ ਸਹਿਣ ਅਤੇ ਖਾਣ ਪੀਣ ਆਦਿ ਹਨ।"[1]

ਪੰਜਾਬੀ ਵਿਦਵਾਨਾਂ ਨੇ ਸਭਿਆਚਾਰ ਨੂੰ ਵੱਖੋ - ਵੱਖਰੇ ਭਾਗਾਂ ਜਾਂ ਅੰਸ਼ਾਂ ਵਿਚ ਵੰਡਿਆਂ ਹੈ:-

**ਬਲਵੀਰ ਸਿੰਘ ਪੂਨੀ ਅਨੁਸਾਰ**

1. ਪਦਾਰਥਕ ਸਭਿਆਚਾਰ
2. ਪ੍ਰਤਿਮਾਨਕ ਸਭਿਆਚਾਰ
3. ਬੋਧਾਤਮਿਕ ਸਭਿਆਚਾਰ

**ਬਲਵੀਰ ਸਿੰਘ ਪੂਨੀ ਦੇ ਅਨੁਸਾਰ**, "ਵਿਅਕਤੀ ਭਾਵੇਂ ਕਿਸੇ ਥਾਂ ਵੀ ਰਹਿੰਦਾ ਹੋਵੇ ਉਸ ਦੀਆਂ ਮੂਲ ਲੋੜਾਂ ਸਾਂਝੀਆਂ ਹੁੰਦੀਆਂ ਹਨ। ਕੁੱਲੀ, ਗੁੱਲੀ ਅਤੇ ਜੁੱਲੀ ਦੀ ਲੋੜ ਸਰਬ ਮਨੁੱਖਾਂ ਦੀ ਲੋੜ ਹੈ। ਹਰ ਮਨੁੱਖ ਆਪਣੇ ਆਪਣੇ ਸਭਿਆਚਾਰ ਅਨੁਸਾਰ ਇਨ੍ਹਾਂ ਲੋੜਾਂ ਦੀ ਪੂਰਤੀ ਕਰਦਾ ਹੈ।"[2]

ਬਲਵੀਰ ਸਿੰਘ ਨੇ ਪਦਾਰਥਕ ਸਭਿਆਚਾਰ ਦੀ ਵੰਡ ਅੱਗ ਦਿੱਤੇ ਅਨੁਸਾਰ ਕੀਤੀ ਹੈ,

1. ਕੰਮ ਧੰਦੇ

2.ਸੰਦਾਂ ਦੀ ਤਿਆਰੀ

3. ਪਹਿਰਾਵਾ

4. ਗਹਿਣੇ

6. ਰਿਹਾਇਸ਼

7. ਖਾਣ – ਪੀਣ

**ਇਸ ਤੋਂ ਬਿਨ੍ਹਾਂ ਭੁਪਿੰਦਰ ਸਿੰਘ ਖਹਿਰਾ ਨੇ ਵੀ ਸਭਿਆਚਾਰ ਦੇ ਪਦਾਰਥਕ ਪੱਖ ਨੂੰ ਅੱਗੇ ਸੱਤ ਵਰਗਾਂ ਵਿੱਚ ਵੰਡਿਆ ਹੈ।**

ਕੰਮ ਧੰਦੇ

ਸਾਜੋ ਸਮਾਨ

ਪਹਿਰਾਵਾ

ਹਾਰ – ਸ਼ਿੰਗਾਰ

ਵਸਤੂ ਵਟਾਂਦਰਾ

ਰਿਹਾਇਸ਼

ਖਾਣ ਪੀਣ"[3]

**ਪ੍ਰੋ.ਜੀਤ ਸਿੰਘ ਜੋਸ਼ੀ ਨੇ ਪਦਾਰਥਕ ਸਭਿਆਚਾਰ ਦੀ ਜੋ ਵੰਡ ਕੀਤੀ ਹੈ ਉਹ ਇਸ ਤਰ੍ਹਾਂ ਹੈ** :-

1 ਖੇਤੀਬਾੜੀ

2 ਵਪਾਰ

3 ਨੌਕਰੀ ਪੇਸ਼ਾ

ਉਪਰੋਕਤ ਤੋਂ ਪਤਾ ਚੱਲਦਾ ਹੈ ਕਿ ਪਦਾਰਥਕ ਸਭਿਆਚਾਰ ਸਭਿਆਚਾਰ ਦੇ ਮਹੱਤਵਪੂਰਨ ਅੰਗਾਂ ਵਿਚੋਂ ਇਕ ਹੈ। ਅੱਗੋਂ ਪਦਾਰਥਕ ਸਭਿਆਚਾਰ ਦਾ ਵੀ ਦਾਇਰਾ ਸੀਮਿਤ ਨਹੀਂ ਹੈ ਸਗੋਂ ਬਹੁਤ ਵਿਸ਼ਾਲ ਹੈ। ਪਦਾਰਥਕ ਸਭਿਆਚਾਰ ਵਿਚ ਹੀ ਮਨੁੱਖ ਦੀਆਂ ਰੋਜ਼ਾਨਾ ਜੀਵਨ ਦੀਆਂ ਵਸਤਾਂ ਆਉਂਦੀਆਂ ਹਨ। ਪਦਾਥਕ ਸਭਿਆਚਾਰ ਹੀ ਮਨੁੱਖ ਦਾ ਪੇਟ ਭਰਦਾ ਅਤੇ ਸੁਹਜ ਸੁਆਦ ਬਖ਼ਸ਼ਦਾ ਅਤੇ ਜੀਵਨ ਨਿਰਬਾਹ ਲਈ ਗੱਡੀ ਅੱਗੇ ਤੋਰਦਾ ਹੈ। ਹੁਣ ਅਸੀਂ ਸਭਿਆਚਾਰ ਦੇ ਪਦਾਰਥਕ ਵਰਗਾਂ ਦੇ ਅਧਾਰ ਤੇ ਹੀ ਦੁਆਬੀ ਲੋਕਗੀਤਾਂ ਦਾ ਵਿਸ਼ਲੇਸ਼ਣ ਕਰਾਂਗੇ। ਪਰ ਅਸੀਂ ਸਭਿਆਚਾਰ ਦੇ ਪਦਾਰਥਕ ਪੱਖ ਦਾ ਅਧਿਐਨ ਸਿਰਫ਼ ਔਰਤ ਮਰਦ ਦੇ ਕੰਮਾਂ ਨੂੰ ਆਧਾਰ ਬਣਾ ਕੇ ਕਰਾਂਗੇ। ਅਸੀਂ ਪਦਾਰਥਕ ਸਭਿਆਚਾਰ ਨੂੰ ਸਿਰਫ ਔਰਤ ਅਤੇ ਮਰਦ ਦੇ ਕੰਮਾਂ ਦੇ ਆਧਾਰ ਤੇ ਹੀ ਵਰਗ ਵੰਡ ਕਰਾਂਗੇ।

## ਕੰਮ ਧੰਦੇ

ਕੰਮ ਧੰਦੇ ਮਨੁੱਖ ਦੇ ਜੀਵਨ ਨਿਰਬਾਹ ਦਾ ਅਟੁੱਟ ਅੰਗ ਹਨ। ਕੰਮ ਤੋਂ ਬਿਨਾਂ ਮਨੁੱਖੀ ਜੀਵਨ ਨਿਸ਼ਫ਼ਲ ਅਤੇ ਅਪ੍ਰਵਾਨਿਤ ਹੈ।

**ਬਲਵੀਰ ਸਿੰਘ ਪੂਨੀ ਦੇ ਅਨੁਸਾਰ,** "ਕੰਮ ਧੰਦੇ ਸਭਿਆਚਾਰ ਦਾ ਇਕ ਜ਼ਰੂਰੀ ਅੰਗ ਹੁੰਦੇ ਹਨ। ਕੰਮ ਧੰਦੇ ਦੇ ਆਧਾਰ ਤੇ ਹੀ ਕਿਸੇ ਸਭਿਆਚਾਰ ਦੀ ਆਰਥਿਕ ਖੁਸਹਾਲੀ ਦਾ ਪਤਾ ਚੱਲਦਾ ਹੈ। ਮਨੁੱਖ ਦੀ ਮੁੱਢਲੀ ਲੋੜ ਰੋਟੀ ਦੀ ਹੈ। ਉਹ ਰੋਟੀ ਪ੍ਰਾਪਤੀ ਲਈ ਵੱਖੋ ਵੱਖਰੇ ਕੰਮ ਧੰਦੇ ਅਪਨਾਉਂਦਾ ਹੈ।"[4]ਮਨੁੱਖ ਇਕ ਸਮਾਜਿਕ

ਪ੍ਰਾਣੀ ਹੈ। ਤੇ ਇਹਨਾਂ ਕੰਮ ਧੰਦਿਆਂ ਤੋਂ ਬਿਨ੍ਹਾਂ ਮਨੁੱਖ ਦਾ ਸਮਾਜਿਕ ਢਾਂਚਾ ਅਧੂਰਾ ਹੈ। ਮਨੁੱਖ ਨੂੰ ਆਪਣੇ ਜੀਵਨ ਵਿਚ ਸਤੁਲਿੰਤ ਪੱਧਰ ਤੇ ਵਿਚਰਨ ਲਈ ਕੰਮ ਧੰਦੇ ਕਰਨਾ ਜ਼ਰੂਰੀ ਹੋ ਜਾਂਦਾ ਹੈ।

**ਬਲਵੀਰ ਸਿੰਘ ਪੂਨੀ ਦੇ ਅਨੁਸਾਰ**, "ਕੰਮ ਧੰਦੇ ਸਭਿਆਚਾਰ ਦਾ ਇਕ ਜ਼ਰੂਰੀ ਅੰਗ ਹੁੰਦੇ ਹਨ। ਕੰਮ ਧੰਦੇ ਦੇ ਆਧਾਰ ਤੇ ਹੀ ਕਿਸੇ ਸਭਿਆਚਾਰ ਦੀ ਆਰਥਿਕ ਖੁਸਹਾਲੀ ਦਾ ਪਤਾ ਚੱਲਦਾ ਹੈ। ਮਨੁੱਖ ਦੀ ਮੁੱਢਲੀ ਲੋੜ ਰੋਟੀ ਦੀ ਹੈ। ਉਹ ਰੋਟੀ ਪ੍ਰਾਪਤੀ ਲਈ ਵੱਖੋ ਵੱਖਰੇ ਕੰਮ ਧੰਦੇ ਅਪਨਾਉਂਦਾ ਹੈ।"[5]ਅਸੀਂ ਸਭਿਆਚਾਰ ਦੇ ਪਦਾਰਥਕ ਪੱਖ ਦਾ ਅਧਿਐਨ ਸਿਰਫ਼ ਔਰਤ ਮਰਦ ਦੇ ਕੰਮਾਂ ਨੂੰ ਆਧਾਰ ਬਣਾ ਕੇ ਕਰਾਂਗੇ। ਅਸੀਂ ਪਦਾਰਥਕ ਸਭਿਆਚਾਰ ਨੂੰ ਸਿਰਫ਼ ਔਰਤ ਅਤੇ ਮਰਦ ਦੇ ਕੰਮਾਂ ਦੇ ਆਧਾਰ ਤੇ ਹੀ ਵਰਗ ਵੰਡ ਕਰਾਂਗੇ।

## ਮਰਦਾਂ ਨਾਲ ਸੰਬੰਧਿਤ ਕੰਮ ਧੰਦੇ

ਪੁਰਾਤਨ ਸਭਿਆਚਾਰ ਵਿਚ ਮਰਦ ਘਰ ਤੋਂ ਬਾਹਰ ਕੰਮ ਕਰਨ ਲਈ ਜਾਂਦੇ ਸਨ ਜਾਂ ਖੇਤੀਬਾੜੀ ਕਰਦੇ ਸਨ ਅਤੇ ਔਰਤਾਂ ਨੂੰ ਦਾ ਕੰਮ ਘਰ ਦੀ ਚਾਰਦਿਵਾਰੀ ਵਿਚ ਰਹਿ ਕੇ ਬੱਚਿਆਂ ਦਾ ਪਾਲਣ – ਪੋਸ਼ਣ ਕਰਨਾ ਅਤੇ ਘਰੈਲੂ ਕੰਮ ਕਰਨਾ ਸੀ। ਪਰ ਅੱਜ ਤਾਂ ਦੋਵੇਂ ਮਰਦ ਅਤੇ ਔਰਤ ਜੀਵਨ ਨਿਰਬਾਹ ਲਈ ਘਰ ਤੋਂ ਬਾਹਰ ਕੰਮ ਵੀ ਕਰਦੇ ਹਨ ਅਤੇ ਦੋਵੇਂ ਮਿਲਕੇ ਬੱਚਿਆਂ ਦਾ ਦੇਖਭਾਲ ਵੀ ਕਰਦੇ ਹਨ। ਖ਼ੈਰ, ਇੱਥੇ ਅਸੀਂ ਮਰਦਾਂ ਦੇ ਕੰਮ ਧੰਦਿਆਂ ਦੀ ਗੱਲ ਕਰ ਰਹੇ ਹਾਂ।ਹਰ ਵਿਅਕਤੀ ਨੂੰ ਆਪਣੇ – ਆਪਣੇ ਕਿੱਤੇ ਅਨੁਸਾਰ ਹੀ ਸੰਬੋਧਿਤ ਕੀਤਾ ਜਾਂਦਾ ਹੈ ਜਿਵੇਂ ਸੋਨੇ ਨਾਲ ਸਬੰਧਿਤ ਕੰਮ ਕਰਨ ਵਾਲੇ ਨੂੰ ਸੁਨਿਆਰ, ਲੋਹੇ ਦਾ ਕੰਮ ਕਰਨ ਵਾਲਾ ਲੁਹਾਰ, ਮਿੱਟੀ ਦੇ ਬਰਤਨ ਬਣਾਉਣ ਵਾਲੇ ਨੂੰ ਘੁਮਿਆਰ ਅਤੇ ਲੱਕੜ ਦੀਆਂ ਵਸਤਾਂ ਬਣਾਉਣ ਵਾਲੇ ਨੂੰ ਤਰਖਾਣ ਆਦਿ।ਇਸੇ ਤਰ੍ਹਾਂ ਖੇਤੀਬਾੜੀ ਦਾ ਧੰਦਾ ਵਿੱਚ ਪਹਿਲਾਂ ਮਰਦਾਂ ਦੇ ਕੰਮ ਧੰਦਿਆ ਦਾ ਅਧਿਐਨ ਕਰਾਂਗੇ।

## ਖੇਤੀਬਾੜੀ

ਖੇਤੀਬਾੜੀ ਪੰਜਾਬ ਦਾ ਪ੍ਰਮੁੱਖ ਕਿੱਤਾ ਹੈ।ਇਹ ਪ੍ਰਕਿਰਤੀ ਉੱਪਰ ਹੀ ਨਿਰਭਰ ਹੀ ਹੁੰਦਾ ਹੈ। ਖੇਤੀਬਾੜੀ ਦਾ ਕਿੱਤਾ ਬੜੀ ਮਿਹਨਤ ਅਤੇ ਮੁਸ਼ੱਕਤ ਭਰਪੂਰ ਹੁੰਦਾ ਹੈ। ਪੰਜਾਬ ਵਿਚ ਤਾਂ ਖੇਤੀਬਾੜੀ ਬਿਨ੍ਹਾਂ ਪੂਰਾ ਜਨ – ਜੀਵਨ ਹੀ ਅਧੂਰਾ ਹੈ। ਪੰਜਾਬ ਪ੍ਰਾਂਤ ਦੀਆਂ ਜ਼ਿਆਦਾਤਰ ਜ਼ਰੂਰਤਾਂ ਖੇਤੀਬਾੜੀ ਤੋਂ ਹੀ ਪੂਰੀਆਂ ਹੁੰਦੀਆਂ ਹਨ।

## ਨੌਕਰੀ /ਪ੍ਰਦੇਸ

ਨੌਕਰੀ ਵੀ ਪੰਜਾਬ ਦੇ ਪਦਾਰਥਕ ਪੱਖ ਦਾ ਮਹੱਤਵਪੂਰਨ ਅੰਗ ਹੈ। ਵਿਅਕਤੀ ਨੂੰ ਪੈਸੇ ਆਦਿ ਕਮਾਉਣ ਲਈ ਨੌਕਰੀ ਤੇ ਜਾਂ ਪ੍ਰਦੇਸ ਜਾਣਾ ਪੈਂਦਾ ਸੀ। ਪੰਜਾਬੀ ਲੋਕ ਆਪਣੇ ਆਰਥਿਕ ਪੱਖ ਨੂੰ ਮਜਬੂਤ ਕਰਨ ਲਈ ਪ੍ਰਦੇਸ ਜਾਂਦੇ ਜਾਂ ਨੌਕਰੀ ਕਰਦੇ ਸਨ। ਜ਼ਿਆਦਾਤਰ ਮੁੰਡੇ ਫ਼ੌਜ ਦੀ ਨੌਕਰੀ ਹੀ ਕਰਦੇ ਸਨ। ਜਿੱਥੇ ਕੁੜੀ ਵਧੀਆ ਘਰ ਬਾਰ ਅਤੇ ਨੌਕਰ/ਪ੍ਰਦੇਸੀ ਨਾਲ ਸੰਯੋਗ ਲੋਚਦੀ ਹੈ। ਉੱਥੇ ਹੀ ਕਈ ਵਾਰ ਕੁੜੀ ਆਪਣੇ ਪਤੀ ਦੇ ਕੰਮਾਂ ਕਾਰਾਂ ਵਿਚ ਵਿਅਸਤ ਰਹਿਣ ਆਪਣੇ ਚਾਵਾਂ ਅਤੇ ਰੀਝਾਂ ਨੂੰ ਅਧੂਰਾ ਰਹਿ ਗਈਆ ਮਹਿਸੂਸ ਕਰਦੀ ਹੈ। ਅਤੇ ਆਪਣੀ ਸੱਸ ਨੂੰ ਅਰਜੋਈ ਕਰਦੀ ਹੈ ਕਿ ਪੁੱਤ ਨੂੰ ਵਾਪਸ ਲੈ ਆਏ।

"ਸੱਸੀਏ ਪੁੱਤ ਆਪਣਾ ਸਮਝਾ ਲੈ

ਚੀਨ ਵਿਚ ਨੌਕਰ ਹੋ ਗਿਆ ਨੀ।

ਜਾਂ

"ਗੱਡੀ ਬਾਰ੍ਹਾਂ ਵਜੇ ਦੀ ਆਈ ਹੋਈ ਆ

ਵਿਚਫ਼ੌਜੀ ਬੰਦੇ ਬੈਠੇ ਹੋਏ ਨੇ"[7]

ਇਹਨਾਂ ਲੋਕਗੀਤਾਂ ਵਿਚ ਮਰਦਾਂ ਦੇ ਪਦਾਰਥਕ ਪੱਖੋਂ ਮਜ਼ਬੂਤ ਹੋਣ ਦੀ ਮਜਬੂਰੀ ਵੀ ਝਲਕਦੀ ਸਾਫ਼ ਦਿਖਾਈ ਦੇ ਰਹੀ ਹੈ।

## ਤਰਖਾਣ

ਤਰਖਾਣ ਵੀ ਪੰਜਾਬੀ ਪਦਾਰਥਕ ਸਭਿਆਚਾਰ ਵਿਚ ਅਹਿਮ ਤੇ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਤਰਖਾਣ ਹੀ ਸਾਡੀ ਖੇਤੀ ਨਾਲ ਸਬੰਧਿਤ ਸੰਦਾਂ ਅਤੇ ਔਜ਼ਾਰਾਂ ਦੀ ਸਿਰਜਣਾ ਕਰਦਾ ਹੈ। ਤਰਖਾਣ ਸਾਡੇ ਰੋਜ਼ਾਨਾ ਜੀਵਨ ਵਿਚ ਵਰਤੀਆਂ ਜਾਣ ਵਾਲੀਆਂ ਲੱਕੜ ਦੀਆਂ ਵਸਤਾਂ ਦੀ ਬਣਾਵਟ ਵੀ ਕਰਦਾ ਹੈ ਜਿਵੇਂ ਲੱਕੜ ਦੇ ਦਰਵਾਜ਼ੇ ਖਿੜਕੀਆਂ,ਲੱਕੜ ਦੀਆਂ ਪੀੜ੍ਹੀਆਂ ਪਲੰਗ, ਲੂਣ ਘੋਟਣੇ, ਲੱਕੜ ਦੇ ਹਲ਼ ਅਤੇ ਖੇਤੀ ਬਾੜੀ ਨਾਲ ਸਬੰਧਿਤ ਹੋਰ ਔਜ਼ਾਰ ਤਰਖਾਣ ਹੀ ਬਣਾਉਂਦਾ ਹੈ। ਜਿਵੇਂ ਪੰਜਾਬੀ ਸਭਿਆਚਾਰ ਦਾ ਬੜਾ ਹੀ ਮਹੱਤਵਪੂਰਨ ਅੰਗ ਹੈ ਚਰਖਾ ਇਹ ਵੀ ਤਰਖਾਣ ਹੀ ਬਣਾਉਂਦਾ ਹੈ। ਪੰਜਾਬੀ ਮੁਟਿਆਰ ਵੀ ਤਰਖਾਣ ਨੂੰ ਬੜੀ ਰੀਝ ਅਤੇ ਸੁਹਜ ਨਾਲ ਚਰਖਾ ਬਣਾਉਂਣ ਲਈ ਅਰਜ਼ੋਈ ਕਰਦੀ ਹੈ ਤੇ ਆਪਣੀਆਂ ਭਾਵਨਾਵਾਂ ਅਭਿਵਿਅਕਤ ਕਰਦੀ ਹੈ।

"ਮੇਰੇ ਵਿਹੜੇ ਦਿਆ ਤਰਖਾਣਾ ,

ਮੇਰਾ ਚਰਖਾ ਖ਼ੂਬ ਬਣਾਣਾ,

ਮੇਰਾ ਚਰਖਾ ਬਣਾਈ ਦਿਲ ਦੇ ਕੇ

ਹੁਣ ਅਸਾਂ ਨਈਉ ਰ੍ਹੈਣਾ ਪੇਕੇ।

ਮੇਰਾ ਚਰਖਾ ਬਣਾਈ ਦਿਲ ਲਾ ਕੇ ,

ਹੁਣ ਅਸਾਂ ਨਈਉ ਰ੍ਹੈਣਾ ਮਾਪੇ।[8]

## ਸੁਨਿਆਰ

ਪੰਜਾਬੀ ਪਦਾਰਥਕ ਸਭਿਆਚਾਰ ਵਿਚ ਸੁਨਿਆਰ ਦਾ ਕੰਮ ਵੀ ਬਹੁਤ ਮਹੱਤਵਪੂਰਨ ਹੈ। ਸੁਨਿਆਰ ਸੋਨੇ ਚਾਂਦੀ ਦੇ ਗਹਿਣੇ ਤਿਆਰ ਕਰਦਾ ਹੈ। ਸੁਨਿਆਰ ਤੋਂ ਬਿਨ੍ਹਾਂ ਵਿਆਹ ਸ਼ਾਦੀਆਂ ਵਰਗੇ ਸ਼ੁੱਭ ਕੰਮ ਅਧੂਰੇ ਹਨ। ਪੰਜਾਬੀ ਮੁਟਿਆਰ ਸੁਨਿਆਰ ਨੂੰ ਝਾਂਜਰ ਬਣਾਉਣ ਲਈ ਸੰਬੋਧਿਤ ਕਰਦੀ ਹੈ ਜਿਵੇਂ

"ਝਾਂਜਰ ਵੇ ਝਾਂਜਰ ਮੇਰੀ ਘੜੀ ਸੁਨਿਆਰ

ਝਾਂਜਰ ਵੇ ਝਾਂਜਰ ਦਾ ਮੁੱਲ ਡੇਢ ਹਜ਼ਾਰ"[9]

## ਹਕੀਮ

ਪੰਜਾਬੀ ਪਦਾਰਥਕ ਸਭਿਆਚਾਰ ਵਿਚ ਮਰਦ ਹਕੀਮ ਦਾ ਕੰਮ ਵੀ ਕਰਦੇ ਹਨ। ਹਕੀਮ ਦੇਸੀ ਦਵਾਈਆਂ ਅਤੇ ਨੁਕਤਿਆਂ ਨਾਲ ਲੋਕਾਂ ਦਾ ਇਲਾਜ ਕਰਦਾ ਹੈ। ਪੁਰਾਣੇ ਸਮੇਂ ਵਿਚ ਡਾਕਟਰ ਨੂੰ ਹੀ ਹਕੀਮ ਕਿਹਾ ਜਾਂਦਾ ਸੀ। ਹਕੀਮ ਲੋਕਾਂ ਦੇ ਸੱਪ ਦੇ ਕੱਟੇ, ਬਿਛੂਏ ਦੇ ਡੰਗ ਤੋਂ ਇਲਾਵਾ ਹਰ ਕਿਸਮ ਦਾ ਇਲਾਜ ਕਰਦਾ ਸੀ। ਹਕੀਮ ਬਾਰੇ ਵੀ ਪੰਜਾਬੀ ਲੋਕ ਗੀਤਾਂ ਵਿਚ ਵਰਣਨ ਮਿਲਦਾ ਹੈ।

"ਸਾਡੇ ਕਮਰੇ - ਕਮਰੇ ਆਵਣਾ ਹਕੀਮ ਤਾਰਾ ਚੰਦ।
ਸਾਡੀ ਨਬਜ਼ ਦੇਖਣੀ ਚਲਦੀ ਕਿ ਬੰਦ
ਤੁਸੀ ਆਇਉ ਹਕੀਮ ਜੀ ਗੋਰੀ ਬੜੀ ਤੰਗ।
ਹਕੀਮ ਨੇ ਦੱਸਿਆ ਮੂੰਗੀ ਤੇ ਫੁਲਕਾ।
ਮੈਂ ਤਾਂ ਖਾਈ ਹਕੀਮ ਜੀ ਆਲੂ ਗੋਭੀ ਬੰਦ
ਸਾਡੇ ਕਮਰੇ - ਕਮਰੇ ਆਵਣਾ ਹਕੀਮ ਤਾਰਾ ਚੰਦ।[10]

## ਪਾਂਧਾ

ਪਾਧਾਂ ਦਾ ਕਿੱਤਾ ਵੀ ਅਹਿਮ ਰੋਲ ਅਦਾ ਕਰਦਾ ਹੈ। ਪਾਂਧੇ ਦੀ ਪੁੱਛ ਗਿੱਛ ਵਿਆਹ ਸ਼ਾਦੀਆਂ ਵਰਗੇ ਸ਼ੁੱਭ ਕੰਮਾਂ ਵਿਚ ਬਹੁਤ ਜ਼ਿਆਦਾ ਜ਼ਰੂਰੀ ਸਮਝੀ ਜਾਂਦੀ ਹੈ। ਆਮ ਲੋਕ ਵਹਿਮਾਂ ਭਰਮਾਂ ਵਿਚ ਬਹੁਤ ਫਸੇ ਹੋਏ ਹਨ। ਪਾਂਧਾ ਹੀ ਮਨੁੱਖੀ ਜੀਵਨ ਵਿਚ ਚੱਲ ਰਹੇ ਗ੍ਰਹਿ ਦੋਸ਼ਾਂ ਬਾਰੇ ਲੋਕਾਂ ਨੂੰ ਗਿਆਤ ਕਰਵਾ ਕੇ ਉਹਨਾਂ ਦੀ ਸ਼ਾਂਤੀ ਦਾ ਹੱਲ ਵੀ ਦੱਸਦਾ ਹੈ। ਪਾਂਧਾ ਪੱਤਰੀਆਂ, ਕੁੰਡਲੀਆਂ, ਅਤੇ ਸਾਹੇ ਵਰਗੇ ਕੰਮ ਨੇਪਰੇ ਚਾੜ੍ਹਦਾ ਹੈ ਅਤੇ ਦਕਸ਼ਣਾ ਵਜੋਂ ਲੋਕ ਸ਼ਰਧਾਂ ਅਨੁਸਾਰ ਪੈਸੇ, ਕੱਪੜੇ,ਅਨਾਜ ਅਤੇ ਜਿਣਸਾ ਦਿੰਦੇ ਹਨ। ਜਿਵੇਂ

"ਭੈਣੇ ਗਿਆ ਸੀ ਮੈਂ ਪਾਂਧੇ ਜੀ ਦੇ ਪਾਸ।
ਸਾਹਾ ਸੁਧਵਾਉਣੇ ਨੂੰ ,[11]

## ਘੁਮਿਆਰ

ਘੁਮਿਆਰ ਦਾ ਕਿੱਤਾ ਵੀ ਮਹੱਤਤਾ ਦਾ ਧਾਰਨੀ ਹੈ। ਘੁਮਿਆਰ ਮਿੱਟੀ ਦੇ ਬਰਤਨ ਦਾ ਬਣਾ ਕੇ ਆਪਣੀ ਉਪਜੀਵਕਾ ਦੀ ਗੱਡੀ ਲੀਹ ਤੇ ਤੋਰਦਾ ਹੈ। ਪੁਰਾਣੇ ਸਮੇਂ ਵਿਚ ਮਿੱਟੀ ਦੇ ਬਰਤਨਾਂ ਨੂੰ ਬੜੀ ਮਹੱਤਤਾ ਦਿੱਤੀ ਜਾਂਦੀ ਸੀ। ਪੁਰਾਣੇ ਬਜ਼ੁਰਗ ਮਿੱਟੀ ਦੇ ਬਰਤਨਾਂ ਵਿਚ ਆਚਾਰ, ਸੇਵੀਆਂ, ਪਾਣੀ ਅਤੇ ਦਹੀਂ ਵੀ ਬਣਾਉਂਦੇ ਸਨ। ਪਰ ਆਧੁਨਿਕ ਸਮੇਂ ਵਿਚ ਇਹਨਾਂ ਦਾ ਪ੍ਰਭਾਵ ਬਹੁਤ ਘੱਟ ਰਿਹਾ ਹੈ। ਪਰ ਕਈ ਥਾਵਾਂ ਤੇ ਅੱਜ ਵੀ ਘੁਮਿਆਰ ਦੇ ਕੰਮ ਸਰਗਰਮ ਹਨ। ਘੁਮਿਆਰ ਦੇ ਕੱਚੇ ਘੜੇ ਦੇ ਜ਼ਿਕਰ ਪੁਰਾਤਨ ਸਮੇਂ ਤੋਂ ਸਾਡੇ ਪੰਜਾਬੀ ਲੋਕਗੀਤਾਂ ਵਿਚ ਅੱਜ ਵੀ ਮਿਲਦਾ ਹੈ ਖ਼ਾਸ ਕਰਕੇ ਸੋਹਣੀ ਮਹੀਵਾਲ ਦੀ ਪ੍ਰੀਤ ਨਾਲ ਸਬੰਧਿਤ ਲੋਕਗੀਤਾਂ ਵਿਚ।

"ਸੱਸ ਗਈਉਂ ਘੁਮਿਆਰਾਂ ਦੇ ਕੱਚੜਾ ਘੜਾ ਲਿਆ,
ਬੀਬਾ ਕੱਚੜੇ ਘੜੇ ਨੂੰ ਮੋਰੀਆਂ,

ਸੋਹਣੀ ਡੁੱਬੀ ਦਰਿਆ"[12]

## ਵਣਜਾਰਾ

ਵਣਜਾਰੇ ਦਾ ਕੰਮ ਵੀ ਬਹੁਤ ਖਾਸ ਹੁੰਦਾ ਹੈ। ਵਣਜਾਰਾ ਪਿੰਡਾਂ ਜਾਂ ਕਸਬਿਆਂ ਵਿਚ ਜਾ ਕੇ ਵੰਗਾਂ, ਰਾਂਗਲੀਆਂ ਦਾਤਣਾਂ, ਸੁਰਮਾ ਅਤੇ ਹੋਰ ਬਹੁਤ ਸਾਰੀਆਂ ਹਾਰ ਸ਼ਿੰਗਾਰ ਦੀਆਂ ਵਸਤਾਂ ਵੇਚਣ ਜਾਂਦਾ ਹੈ। ਸਾਡੇ ਲੋਕ ਗੀਤਾਂ ਵਿਚ ਵਣਜਾਰੇ ਬਾਰੇ ਬਹੁਤ ਲੋਕ ਗੀਤ ਪ੍ਰਚਲਿੱਤ ਹਨ। ਜਿਵੇਂ

"ਗਲੀ ਗਲੀ ਵਣਜਾਰਾ ਆਇਆ ਸੁਰਮਾ ਵਿਕਣਾ ਆਇਆ
ਨੀ ਸੱਸੂ ਸੁਰਮਾ ਲੈ ਦੇ"[13]

## ਲਲਾਰੀ

ਲਲਾਰੀ ਦਾ ਕੰਮ ਵੀ ਪੰਜਾਬੀ ਸਭਿਆਚਾਰ ਵਿਚ ਮਹੱਤਪੂਰਨ ਹੈ। ਲਲਾਰੀ ਦਾ ਕੰਮ ਚੁੰਨੀਆਂ ਅਤੇ ਡੋਰੀਏ ਰੰਗਣ ਦਾ ਹੈ। ਸਾਡੇ ਪੰਜਾਬੀ ਸਭਿਆਚਾਰ ਵਿਚ ਮੁਟਿਆਰਾ ਰੰਗੇ ਹੋਏ ਦੁਪੱਟੇ ਲੈਣ ਦੀਆ ਸ਼ੌਕੀਨ ਹੁੰਦੀਆਂ ਹਨ। ਕੁੜੀਆਂ ਆਮ ਹੀ ਬੋਲੀਆਂ ਪਾਉਂਦੀਆਂ ਹਨ ਜਿਵੇਂ

"ਲਲਾਰੀਆਂ ਵੇ ਬੰਨੀ ਦੀ ਘੱਗਰੀ ਰੰਗਿਆਂ ਕਰ
ਲਲਾਰੀਆਂ ਵੇ ਇੱਕੋ ਦੁਆਨੀ ਮੰਗਿਆ ਕਰ"[14]

ਜਾਂ

"ਤੇਰੇ ਤੰਬੇ ਹੋ ਗਈ ਮੋਰੀ, ਤੇਰੀ ਮਾਂ ਨਿਕਲ ਗਈ ਚੋਰੀ
ੜੇ ਪੁੱਤਾਂ ਲਲਾਰੀਆਂ ਦਿਆ"[15]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਪਦਾਰਥਕ ਸਭਿਆਚਾਰ ਵਿਚ ਮਰਦਾਂ ਦੇ ਕੰਮ ਧੰਦੇ ਹੀ ਉਹਨਾਂ ਦੀ ਉਪਜੀਵਕਾ ਦਾ ਇਕ ਮਾਤਰ ਸਾਧਨ ਸਨ।ਮਰਦਾਂ ਦੇ ਕੰਮ ਧੰਦਿਆਂ ਦੇ ਅਧਾਰ ਤੇ ਹੀ ਉਹਨਾਂ ਨੂੰ ਉਸੇ ਕਿੱਤੇ ਨਾਲ ਸਬੰਧਿਤ ਕਰਕੇ ਬੁਲਾਇਆ ਜਾਂਦਾ ਸੀ। ਇਸ ਤੋਂ ਇਲਾਵਾ ਹਲਵਾਈ,ਧੋਬੀ, ਝਿਊਰ, ਮਾਸ਼ਕੀ,ਮਾਲੀ, ਨਾਈ ਅਤੇ ਮਲਾਹ ਆਦਿ ਕੰਮ ਧੰਦਿਆ ਬਾਰੇ ਪੰਜਾਬੀ ਲੋਕ ਗੀਤਾਂ ਵਿਚ ਜ਼ਿਕਰ ਮਿਲਦਾ ਹੈ।

## ਔਰਤਾਂ ਦੁਆਰਾ ਕੀਤੇ ਜਾਂਦੇ ਕੰਮ ਧੰਦੇ

ਹੁਣ ਅਸੀਂ ਪੰਜਾਬੀ ਪਦਾਰਥਕ ਸਭਿਆਚਾਰ ਵਿਚ ਔਰਤਾਂ ਦੇ ਕੰਮ ਧੰਦਿਆਂ ਦਾ ਜ਼ਿਕਰ ਕਰਾਂਗੇ। ਭਾਵੇਂ ਆਧੁਨਿਕ ਸਮੇਂ ਵਿਚ ਔਰਤਾਂ ਘਰਾਂ ਤੋਂ ਬਾਹਰ ਜਾ ਕੇ ਕੰਮ ਕਰਦੀਆਂ ਸਨ ਪਰ ਪੁਰਾਤਨ ਸਮੇਂ ਵਿਚ ਅਜਿਹਾ ਨਹੀਂ ਸੀ। ਹੁਣ ਅਸੀਂ ਲੋਕ ਗੀਤਾਂ ਵਿਚ ਔਰਤਾਂ ਦੇ ਕੰਮ ਧੰਦਿਆਂ ਦਾ ਅਧਿਐਨ ਕਰਾਂਗੇ।

## ਗੁਜਰੀ ਦਾ ਕੰਮ

ਗੁਜਰੀ ਦਾ ਕੰਮ ਪੰਜਾਬੀ ਸਭਿਆਚਾਰ ਵਿਚ ਮਹੱਤਵਪੂਰਨ ਹੈ। ਆਮ ਕਰਕੇ ਗੁਜਰ ਜਾਤ ਦੀ ਔਰਤ ਨੂੰ ਗੁਜਰੀ ਕਹਿੰਦੇ ਹਨ। ਗੁਜਰੀ ਦੀ ਆਰਥਿਕਤਾ ਦਾ ਸਿਰਫ਼ ਦੁੱਧ ਹੀ ਹੁੰਦਾ ਹੈ। ਗੁਜਰੀ ਬਾਰੇ ਸਾਡੇ ਪੰਜਾਬੀ ਲੋਕਗੀਤਾਂ ਵਿਚ ਜ਼ਿਕਰ ਮਿਲਦਾ ਹੈ।

"ਵ੍ਹਾ ਮੇਰੀ ਗੁਜਰੀ, ਵ੍ਹਾ ਮੇਰੀ ਗੁਜਰੀ
ਗੁਜਰੀ ਬੜੀ ਸਿਆਣੀ ਹੈ"[16]

## ਤੇਲਣ ਦਾ ਕੰਮ

ਤੇਲਣ ਦਾ ਕੰਮ ਤੇਲ ਕੱਢਣ ਦਾ ਹੁੰਦਾ ਹੈ। ਤੇਲਣ ਦੇ ਪਤੀ ਨੂੰ ਤੇਲੀ ਕਿਹਾ ਜਾਂਦਾ ਹੈ। ਤੇਲਣ ਸਰ੍ਹੋਂ ਦਾ, ਤਿਲ੍ਹਾਂ ਦਾ ਤੇਲ ਨਿਕਾਲਦੀ ਹੈ। ਸਾਡੇ ਲੋਕ ਗੀਤਾਂ ਵਿਚ ਕਈ ਵਾਰ ਤੇਲਣ ਦੇ ਘਰ ਜਾਂਦੇ ਆਪਣੇ ਪਤੀ ਨੂੰ ਔਰਤ ਬਦਾਰਸ਼ਤ ਨਹੀਂ ਕਰਦੀ ਤੇ ਉਹ ਆਪਣੇ ਪਤੀ ਨੂੰ ਨਿਹੋਰਾ ਮਾਰਦੀ ਹੋਈ ਕਹਿੰਦੀ ਹੈ:

"ਵੇ ਘਰ ਗਾਈਆਂ ਬਥੇਰੀਆਂ ਵੇ ਘਰ ਮੱਝਾਂ ਬਥੇਰੀਆਂ

ਤੇ ਕਿਉਂ ਚਾਰੇਂ ਅੜਿਆ ਬੱਕਰੀ ਤੇਲਣ ਦੀ"[17]

## ਚਰਖਾ ਕੱਤਣੇ ਦਾ ਕੰਮ

ਪੰਜਾਬੀ ਸਭਿਆਚਾਰ ਵਿਚ ਔਰਤਾਂ ਲਈ ਚਰਖਾ ਕੱਤਣ ਦਾ ਕੰਮ ਬੜਾ ਅਹਿਮ ਹੁੰਦਾ ਸੀ। ਹੁਣ ਤਾਂ ਕਿਤੇ ਕਿਤੇ ਹੀ ਚਰਖੇ ਵੇਖਣ ਨੂੰ ਮਿਲਦੇ ਹਨ ਕੱਤਣਾ ਤਾਂ ਦੂਰ ਦੀ ਗੱਲ ਹੈ। ਪੁਰਾਤਨ ਸਮੇਂ ਵਿਚ ਔਰਤਾਂ ਘਰ ਦਾ ਕੰਮ ਮੁਕਾ ਕੇ ਇੱਕਠਿਆ ਬੈਠ ਕੇ ਚਰਖੇ ਕੱਤ ਦੀਆਂ ਸਨ। ਜਿਸ ਜਗ੍ਹਾਂ ਤੇ ਉਹ ਸਭ ਮਿਲ ਕੇ ਬੈਠਦੀਆਂ ਅਤੇ ਚਰਖੇ ਕੱਤ ਦੀਆਂ ਸਨ ਉਸ ਨੂੰ ਤ੍ਰਿੰਜਣ ਕਿਹਾ ਜਾਂਦਾ ਹੈ। ਸਾਡੇ ਪੰਜਾਬੀ ਲੋਕਗੀਤਾਂ ਵਿਚ ਚਰਖੇ ਦੇ ਗੀਤਾਂ ਦੀ ਝਲਕ ਮਿਲਦੀ ਹੈ।

"ਭਾਈ ਸਾਂਵਲਿਆ ਤਰਖਾਣਾ ਮੇਰਾ ਚਰਖੀ ਖੂਬ ਸਜਾਣਾ
ਮੈਂ ਚੱਲੀ ਸਹੇਲੀਓ ਚੱਲੀ, ਮੇਰੀ ਦਾਦੀ ਰਹਿ ਗਈ ਕੱਲੀ.....[18]

## ਪਹਿਰਾਵਾ

ਜਦੋਂ ਮਨੁੱਖ ਜੰਗਲਾਂ ਵਿਚ ਰਹਿੰਦਾ ਸੀ ਆਂਪਣੇ ਤਨ ਨੂੰ ਪੱਤਿਆਂ ਨਾਲ ਹੀ ਢੱਕਦਾ ਸੀ। ਆਪਣੇ ਰਹਿਣ ਸਹਿਣ ਅਨੁਸਾਰ ਪਹਿਰਾਵਾ ਪਹਿਨਦਾ ਹੈ।ਪਹਿਲਾਂ ਮਨੁੱਖ ਸਰੀਰ ਨੂੰ ਟੱਕਣ ਲਈ ਪਹਿਰਾਵਾ ਪਹਿਨਦਾ ਸੀ ਪਰ ਹੁਣ ਇਸਦੇ ਅਰਥ ਬਦਲ ਗਏ ਹਨ। ਮਨੁੱਖ ਆਪਣੇ ਜਿਸਮ ਨੂੰ ਤਾਂ ਢੱਕਦਾ ਹੀ ਹੈ ਪਰ ਆਧੁਨਿਕ ਤਰੀਕੇ ਨਾਲ। ਪਹਿਰਾਵਾ ਮਨੁੱਖ ਦੀ ਪਹਿਚਾਣ ਦਾ ਪ੍ਰਤੀਕ ਵੀ ਹੈ। ਪਹਿਰਾਵੇ ਤੋਂ ਹੀ ਅਸੀਂ ਜਾਣ ਸਕਦੇ ਹਾਂ ਕਿ ਵਿਅਕਤੀ ਕਿਸ ਸਭਿਆਚਾਰਕ ਖੇਤਰ ਨਾਲ ਸਬੰਧਿਤ ਹੈ। ਜਿਵੇਂ ਪੰਜਾਬ ਦੇ ਲੋਕ ਪੱਗੜੀ ਬੰਨਦੇ ਹਨ ਅਤੇ ਔਰਤਾਂ ਸਲਵਾਰ ਕਮੀਜ਼ ਅਤੇ ਸਿਰ ਤੇ ਚੁੰਨ੍ਹੀ ਰੱਖਦੀਆਂ ਹਨ ਅਤੇ ਮੁਸਲਮਾਨ ਔਰਤਾਂ ਬੁਰਕਾਂ ਪਹਿਨਦੀਆਂ ਹਨ। ਪਹਿਰਾਵਾ ਮਨੁੱਖ ਦੀ ਲਿੰਗਕ ਪੱਧਰ ਤੇ ਵੀ ਕਾਬੂ ਵਿਚ ਰਹਿਣਾਸਿਖਾਉਂਦਾ ਹੈ।

**ਜੀਤ ਸਿੰਘ ਜੋਸ਼ੀ ਦੇ ਅਨੁਸਾਰ**, "ਪਹਿਰਾਵਾ ਮੂਲ ਰੂਪ ਵਿਚ ਮਨੁੱਖ ਦੀ ਸਰੀਰਕ ਲੋੜ ਨੂੰ ਪੂਰਾ ਕਰਦਾ ਹੈ। ਜਿਸਮ ਨੂੰ ਕੱਜਣ ਅਤੇ ਪ੍ਰਕ੍ਰਿਤਕ ਆਫ਼ਤਾ ਤੋਂ ਬਚਾਅ ਕਰਨ ਦੇ ਨਾਲ – ਨਾਲ ਪਹਿਰਾਵਾ ਲਿੰਗਕ ਉਤੇਜਨਾ ਨੂੰ ਵੀ ਨਿੰਯ੍ਰਤ੍ਰਿਤ ਕਰਦਾ ਹੈ।"[19]

ਆਧੁਨਿਕ ਯੁੱਗ ਵਿਚ ਪਹਿਰਾਵੇ ਦਾ ਰੰਗ ਢੰਗ ਹੀ ਪੂਰੀ ਤਰ੍ਹਾਂ ਬਦਲ ਗਿਆ ਹੈ। ਪੰਜਾਬੀ ਗੱਭਰੂ ਚਾਦਰੇ ਕੁੜਤੇ ਦੀ ਜਗ੍ਹਾਂ ਬ੍ਰੇਡਿਡ ਜ਼ੀਨਸ ਪਹਿਨਦੇ ਹਨ ਅਤੇ ਮੁਟਿਆਰ ਵੀ ਰਵਾਇਤੀ ਪਹਿਰਾਵੇ ਦੀ ਥਾਂ ਵਿਦੇਸ਼ੀ ਡਰੈੱਸ ਨੂੰ ਤਰਜ਼ੀਹ ਦੇਣ ਲੱਗ ਪਈਆਂ ਹਨ।

**ਮਹੁੰਮਦ ਲਤੀਫ਼ ਪੰਜਾਬ ਦੇ ਪਹਿਰਾਵੇ ਬਾਰੇ ਆਪਣੀ ਪੁਸਤਕ** 'ਪੰਜਾਬ ਦਾ ਇਤਿਹਾਸ' ਵਿਚ ਲਿਖਦਾ ਹੈ, "ਪੁਰਾਣੇ ਹਿੰਦੂ ਸੂਤੀ ਕੱਪੜੇ ਪਾਉਂਦੇ ਸਨ।ਸੂਤੀ ਕਮੀਜ਼ਾ ਗੋਡਿਆ ਤਕ ਲੰਮੀਆਂ ਹੁੰਦੀਆਂ ਸਨ।ਕਮੀਜ਼ ਦੇ ਉੱਪਰ ਇੱਕ ਪਟਕਾ ਹੁੰਦਾ ਸੀ ਜਿਹੜਾ ਖੱਬੇ ਮੋਢੇ ਦੇ ਉੱਪਰ ਤੇ ਸੱਜੇ ਮੋਢੇ ਦੇ ਹੇਠ ਕਰਕੇ ਬੰਨਿਆ ਜਾਂਦਾ ਸੀ। ਸਰੀਰ ਦੇ ਇਕ ਪਾਸੇ ਮੋਢੇ ਉੱਤੇ ਚਾਦਰ ਸੁੱਟ ਕੇ ਚੱਲਿਆਂ ਜਾਂਦਾ ਸੀ। ਇਹ ਚਾਦਰ ਗੋਡਿਆ ਤੱਕ ਲਮਕਦੀ ਰਹਿੰਦੀ ਸੀ। ਸਾਰੇ ਜਣੇ ਧੋਤੀ ਪਹਿਨਦੇ ਸਨ। ਮਰਦਾਂ ਦੀਆਂ ਲੰਮੀਆਂ ਦਾੜ੍ਹੀਆਂ ਹੁੰਦੀਆਂ ਸਨ, ਜਿਨ੍ਹਾਂ ਨੂੰ ਉਹ

ਲਾਲ, ਸਬਜ਼, ਪੀਲੀਆਂ ਜਾਂ ਨੀਲੀਆਂ ਰੰਗ ਲੈਂਦੇ ਸਨ। ਤੀਵੀਆਂ ਕੱਪੜਿਆਂ ਨਾਲ ਸੱਜੀਆਂ ਹੁੰਦੀਆਂ। ਉਹ ਤੰਗ ਪੁਸ਼ਾਕ ਨਹੀਂ ਸਨ ਪਾਉਂਦੀਆਂ।"[20]

ਹੁਣ ਪਹਿਰਾਵੇ ਬਿਲਕੁੱਲ ਹੀ ਬਦਲ ਚੁੱਕੇ ਹਨ। ਮਨੁੱਖ ਦੇ ਪਹਿਰਾਵੇ ਤੋਂ ਹੀ ਮਨੁੱਖ ਦੀ ਕਦਰ ਤੇ ਪਹਿਚਾਣ ਨਿਰਭਰ ਹੋ ਗਈ ਹੈ। ਹੁਣ ਅਸੀਂ ਲੋਕ ਗੀਤਾਂ ਵਿਚ ਪੰਜਾਬ ਦੇ ਲੋਕਾਂ ਦੇ ਪਹਿਰਾਵੇ ਦਾ ਅਧਿਐਨ ਕਰਾਂਗੇ। ਪੰਜਾਬੀ ਲੋਕ ਮਰਦ ਖ਼ਾਸ ਕਰਕੇ ਮਰਦ ਪੱਗੜੀ, ਕੁੜਤਾ ਪਜਾਮਾ, ਚਾਦਰਾਂ, ਪੰਜਾਬੀ ਕੱਢਵੀਆਂ ਜੁੱਤੀਆਂ ਅਤੇ ਔਰਤਾਂ ਫੁੱਲਕਾਰੀ, ਘੱਗਰਾ, ਪਟਿਆਲਾ ਸ਼ਾਹੀ ਸਲਵਾਰ ਅਤੇ ਸੂਟ ਪਹਿਨਦੀਆਂ ਹਨ। ਨਿਹੰਗ ਸਿੰਘ ਕਛਹਿਰਾ, ਦੁਮਾਲਾਂ ਅਤੇ ਦਸਤਾਰ ਸਜਾਉਂਦੇ ਹਨ। ਪੰਜਾਬ ਦੇ ਲੋਕ ਖ਼ਾਸ ਕਰਕੇ ਮਰਦ ਪੱਗ ਪਹਿਨਦੇ ਹਨ ਇਹ ਪੰਜਾਬੀਆਂ ਦੀ ਪਹਿਚਾਣ ਵੀ ਹੈ। ਪੰਜਾਬੀ ਲਈ ਪੱਗ ਸਿਰਫ਼ 7 ਜਾਂ 9 ਗਜ਼ ਦਾ ਕੱਪੜਾ ਹੀ ਨਹੀਂ ਬਲਕਿ ਇੱਜ਼ਤ ਅਤੇ ਆਬਰੂ ਦਾ ਤਾਜ ਹੈ ਪੱਗ। ਮੁਟਿਆਰ ਆਪਣੇ ਗੀਤਾਂ ਦੇ ਰਾਹੀ ਬੋਲਦੀ ਹੈ:

"ਵੇੜ੍ਹੇ ਚੀਰੇ ਵਾਲਾ ਆਇਆ, ਵ੍ਹੇੜੇ ਚੀਰੇ ਵਾਲਾ ਆਇਆ
ਉਅਦੀ ਲਾਲ ਪੱਗੜੀ, ਉਅਦੀ ਲਾਲ ਪੱਗੜੀ"[21]

ਭੈਣ ਆਪਣੇ ਭਰਾ ਦੇ ਵਿਆਹ ਸਮੇਂ ਵੀ ਵੀਰੇ ਨੂੰ ਲਾਲ ਚੀਰੇ ਦੇ ਨਾਲ ਕਲਗ਼ੀ ਸਜਾਉਂਦੀ ਹੈ। ਉਹਦਾ ਚਾਅ ਚੱਖਿਆ ਨਹੀਂ ਜਾਂਦਾ ਵਿਆਹ ਸਮੇਂ ਪੰਜਾਬੀ ਸਭਿਆਚਾਰ ਵਿਚ ਪੱਗ ਅਤੇ ਕਲਗ਼ੀ ਅਤਿਅੰਤ ਜ਼ਰੂਰੀ ਹੈ।

"ਚੀਰਾ ਤੇਰਾ ਤੇ ਕਲਗ਼ੀ ਤਿੱਲੇਦਾਰ ਵੇ ਵੀਰਾ"[22]

ਔਰਤਾਂ ਸਿੱਠਣੀਆਂ ਵੀ ਲਾੜੇ ਨੂੰ ਮਸ਼ਕਰੀਆਂ ਕਰਦੀਆਂ ਹਨ ਅਤੇ ਲਾੜੇ ਦੀ ਪੱਗ ਤੇ ਵਿਅੰਗ ਕੱਸ ਦੀਆਂ ਹਨ।

"ਲਾੜਿਆ ਪੱਗ ਲਿਆਦੀ ਮੰਗ ਕੇ
ਆਪੇ ਹੀ ਲਈ ਰੰਗਾਂ
ਅੜਿਆ ਪੱਗ ਵਾਲੇ ਮੰਗ ਦੇ
ਮਾਂ ਨੂੰ ਗਹਿਣੇ ਪਾ"[23]

ਪੰਜਾਬੀ ਸਭਿਆਚਾਰ ਵਿਚ ਪੰਜਾਬੀ ਮੁਟਿਆਰ ਸਲਵਾਰ ਕਮੀਜ਼ ਪਹਿਨਦੀਆਂ ਹਨ। ਪੁਰਾਤਨ ਔਰਤਾਂ ਸ਼ੀਂਟ ਦੀਆਂ ਸਲਵਾਰਾ (ਸੁੱਥਣਾ) ਪਹਿਨਣਾ ਪਸੰਦ ਕਰਦੀਆਂ ਹਨ। ਤੇ ਜ਼ਿਆਦਾਤਰ ਆਪਣੇ ਨਾਲੇ ਵੀ ਘੁੰਗਰੂਆਂ ਨਾਲ ਸਜਾਉਂਦੀਆਂ ਸਨ।

"ਸੁੱਥਣੇ ਨੀ ਸ਼ੀਟ ਦੀਏ, ਸੁੱਥਣੇ ਨੀ ਸ਼ੀਟ ਦੀਏ,
ਤੇਰਾ ਨਾਲਾ ਘੁੰਗਰੁਆਂ ਵਾਲਾ , ਨੀ ਸ਼ਟਿ ਦੀਏ"[24]

ਪੰਜਾਬੀ ਲੋਕ ਗੀਤਾਂ ਵਿਚ ਸਲਵਾਰ ਬਾਰੇ ਝਲਕਾਰੇ ਮਿਲਦੇ ਹਨ। ਸਲਵਾਰ ਕਮੀਜ਼ ਵਿਚ ਪੰਜਾਬਣ ਦੀ ਟੌਰ ਹੀ ਵੱਖਰੀ ਹੁੰਦੀ ਹੈ। ਤੇ ਸਿਰ ਤੇ ਲਈ ਚੁੰਨੀ ਦੀ ਠਾਠ ਹੀ ਵੱਖਰੀ ਹੁੰਦੀ। ਪੰਜਾਬੀਆਂ ਮੁਟਿਆਰਾ ਰੰਗਲੇ ਦੁਪੱਟੇ ਲੈਣ ਦੀਆਂ ਬਹੁਤ ਸ਼ੌਕੀਨ ਹੁੰਦੀਆਂ ਹਨ। ਪੰਜਾਬੀ ਕੁੜੀ ਦਾ ਪਹਿਰਾਵਾ ਫੁੱਲਕਾਰੀ ਤੋਂ ਬਿਨ੍ਹਾਂ ਅਧੂਰਾ ਹੈ।

"ਨੀ ਮਾਏ ਮੇਰੀ ਨਾ ਫੂਕੀ ਸ਼ਗਨਾਂ ਦੀ ਫੁੱਲਕਾਰੀ"[25]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਸਭਿਆਚਾਰ ਦੇ ਪਦਾਰਥਕ ਅੰਗ ਵਿਚ ਪਹਿਰਵਾ ਅਹਿਮ ਪੱਖ ਹੈ। ਪੰਜਾਬੀ ਸਭਿਆਚਾਰ ਨੂੰ ਵੱਖਰੀ ਨੁਹਾਰ ਅਤੇ ਪਹਿਚਾਣ ਦਿਵਾਉਣ ਵਿਚ ਪਹਿਰਾਵਾ ਅਹਿਮ ਭੂਮਿਕਾ ਅਦਾ ਕਰਦਾ ਹੈ।

## ਹਾਰ ਸ਼ਿੰਗਾਰ

ਹਾਰ ਸ਼ਿੰਗਾਰ ਮਨੁੱਖੀ ਸਖ਼ਸੀਅਤ ਨੂੰ ਉਭਾਰਨ ਵਿਚ ਅਹਿਮ ਰੋਲ ਅਦਾ ਕਰਦਾ ਹੈ।ਹਾਰ ਸ਼ਿੰਗਾਰ ਮਨੁੱਖ ਦੇ ਸੁਹਜ ਵਿਚ ਵਾਧਾ ਕਰਦਾ ਹੈ। ਪੁਰਾਤਨ ਸਮੇਂ ਤੋਂ ਹੀ ਮਨੁੱਖ ਦਾ ਝੁਕਾਅ ਆਦਮੀ ਹੋਵੇ ਜਾ ਔਰਤ ਹਾਰ ਸ਼ਿੰਗਾਰ ਵੱਲ ਰਿਹਾ ਹੈ। ਹਾਰ ਸ਼ਿੰਗਾਰ ਖ਼ਾਸ ਕਰਕੇ ਔਰਤਾਂ ਦੀ ਖ਼ੂਬਸੂਰਤੀ ਵਿਚ ਹਜ਼ਾਰ ਗੁਣਾ ਵਾਧਾ ਕਰਦਾ ਹੈ।

**ਜੀਤ ਸਿੰਘ ਜੋਸ਼ੀ ਅਨੁਸਾਰ**, "ਜਦੋਂ ਤੋਂ ਮਨੁੱਖ ਨੇ ਕਾਦਰ ਦੀ ਕੁਦਰਤ ਨੂੰ ਸਮਝਣਾ ਸ਼ੁਰੂ ਕੀਤਾ ਹੋਵੇਗਾ, ਸ਼ਿੰਗਾਰ ਦੀ ਭਾਵਨਾ ਉਦੋਂ ਤੋਂ ਹੀ ਉਤਪੰਨ ਹੋ ਗਈ ਹੋਵੇਗੀ। ਹੌਲੀ - ਹੌਲੀ ਸ਼ਿੰਗਾਰ ਤੇ ਢੰਗਾਂ ਵਿਚ ਅਤੇ ਵਸਤਾਂ ਵਿਚ ਪਰਿਵਰਤਨ ਹੁੰਦਾ ਗਿਆ ਅਤੇ ਆਪਣੇ ਸਿਖ਼ਰ ਵੱਲ ਵੱਧਦਾ ਚਲਿਆ ਗਿਆ। ਸਰੀਰਕ ਖ਼ੂਬਸੂਰਤੀ ਵਿਚ ਵਾਧਾ ਕਰਨ ਲਈ ਮਨੁੱਖ ਨੇ ਜੋ ਕੁੱਝ ਸਿਰਜਿਆ, ਬਣਾਇਆ, ਪਹਿਨਿਆ ਜਾ ਅਪਣਾਇਆ, ਉਹ ਉਸਦੇ ਹਾਰ ਸ਼ਿੰਗਾਰ ਵਿਚ ਸ਼ਾਮਿਲ ਹੈ।"[26]

ਹਾਰ ਸ਼ਿੰਗਾਰ ਵਿਚ ਗਹਿਣੇ ਗੱਟਿਆ ਦਾ ਪ੍ਰਯੋਗ ਬਹੁਤ ਹੁੰਦਾ ਆਇਆ ਅਤੇ ਹੋ ਰਿਹਾ ਹੈ। ਗਹਿਣੇ ਔਰਤਾਂ ਹੋਣ ਜਾਂ ਮਰਦ ਸਭ ਦੇ ਲਈ ਅਹਿਮਅਤ ਰੱਖਦੇ ਹਨ। ਗਹਿਣੇ ਸਰੀਰ ਦੇ ਵੱਖ ਵੱਖ ਅੰਗਾਂ ਦੇ ਆਧਾਰ ਤੇ ਵੱਖ ਵੱਖ ਹੁੰਦੇ ਹਨ। ਜਿਵੇਂ ਗਰਦਨ ਦੇ ਗਹਿਣੇ, ਹੱਥਾਂ, ਕੰਨਾਂ, ਪੈਰਾਂ, ਬਾਂਹ, ਨੱਕ, ਸਿਰ ਆਦਿ ਨਾਲ ਸੰਬੰਧਿਤ ਗਹਿਣੇ। ਪੁਰਾਤਨ ਸਮੇਂ ਵਿਚ ਵੀ ਮਰਦ ਅਤੇ ਔਰਤਾਂ ਸਿਰ ਤੋਂ ਲੈ ਕੇ ਪੈਰਾਂ ਤੱਕ ਗਹਿਣੇ ਪਹਿਣਦੇ ਸਨ। ਹਰ ਇਕ ਵਿਅਕਤੀ ਆਪਣੀ ਆਰਥਿਕ ਸਮੱਰਥਾ ਅਨੁਸਾਰ ਵੀ ਗਹਿਣੇ ਪਹਿਨਦਾ ਹੈ। ਇੱਥੇ ਅਸੀਂ ਪੰਜਾਬੀ ਲੋਕ ਗੀਤਾਂ ਵਿਚ ਹਾਰ ਸ਼ਿੰਗਾਰ ਦਾ ਅਧਿਐਨ ਕਰਾਂਗੇ:

ਪੰਜਾਬੀ ਸਭਿਆਚਾਰ ਵਿਚ ਹਾਰ ਸ਼ਿੰਗਾਰ ਔਰਤਾਂ ਹੀ ਨਹੀਂ ਮਰਦ ਵੀ ਕਰਦੇ ਹਨ। ਮਰਦ ਵੀ ਗਹਿਣੇ ਪਹਿਨਣ ਦੇ ਸ਼ੌਕੀਨ ਹੁੰਦੇ ਹਨ।ਮਰਦ ਜ਼ਿਆਦਾਤਰ ਮੇਲੇ ਅਤੇ ਖ਼ੁਸੀ ਦੇ ਮੌਕਿਆ ਤੇ ਗਹਿਣੇ ਪਹਿਨਣਾ ਪਸੰਦ ਕਰਦੇ ਹਨ।ਮਰਦਾਂ ਦੇ ਗਹਿਣੇ ਵਿਚ ਕੈਂਠੇ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ।ਕੈਂਠਾ ਗਲ ਵਿਚ ਪਾਇਆ ਜਾਣ ਵਾਲਾ ਗਹਿਣਾ ਹੈ। ਪੰਜਾਬੀ ਲੋਕ ਗੀਤਾਂ ਵਿਚ ਕੈਂਠੇ ਬਾਰੇ ਵੀ ਚਰਚਾ ਹੁੰਦੀ ਰਹਿੰਦੀ ਹੈ ਜਿਵੇਂ:

"ਸੁਣ ਵੇ ਮੁੰਡਿਆਂ ਕੈਂਠੇ ਵਾਲਿਆਂ
ਕੈਂਠਾ ਰੋਗਨ ਕੀਤਾ"[27]

ਲੋਕ ਗੀਤਾਂ ਦੀਆਂ ਤੁਕਾਂ ਮਿਲਦੀਆਂ ਹਨ "ਪਾਣੀ ਡੋਲ ਗਈ ਝਾਂਜਰਾਂ ਵਾਲੀ ਕੈਂਠੇ ਵਾਲਾ ਤਿਲਕ ਪਇਆ ਜਾਂ ਦੁੱਦ ਰਿੜਕੇ ਝਾਂਜਰਾਂ ਵਾਲੀ ਕੈਂਠੇ ਵਾਲਾ ਧਾਰ ਕੱਢਦਾ" ਆਦਿ।

ਔਰਤਾਂ ਆਪਣੇ ਕੰਨਾਂ ਵਿਚ ਕਾਂਟੇ, ਵਾਲੇ, ਬੁੰਦੇ, ਮੁਰਕੀਆਂ, ਲੋਟਣ ਅਤੇ ਝੁਮਕੇ ਆਦਿ ਪਹਿਨਦੀਆਂ ਹਨ। ਇਹਨਾਂ ਦਾ ਜ਼ਿਕਰਪੰਜਾਬੀ ਲੋਕ ਗੀਤਾਂ ਵਿਚ ਆਪ ਮੁਹਾਰੇ ਹੀ ਆ ਜਾਂਦਾ ਹੈ।

ਪੰਜਾਬੀ ਗੱਭਰੂ ਮੁਟਿਆਰ ਨੂੰ ਸੰਬੋਧਿਤ ਕਰਦਾ ਹੋਇਆ ਕਹਿੰਦਾ ਹੈ:

"ਕੰਨੀ ਕਾਂਟੇ ਪਾਏ ਹੋਏ ਆ,
ਸਾਡੇ ਨਾਲੋ ਬਟਨ ਚੰਗੇ ਜਿਹੜੇ ਸੀਨੇ ਨਾਲ ਲਾਏ ਹੋਏ ਨੇ"[28]
ਜਾਂ
"ਅਸਾਂ ਕਾਂਟੇ ਵੇ ਕਰਵਾਏ ਉੱਤੇ ਮੱਛੀ ਤਿਲਕੇ
ਓੱਤੇ ਮੱਛੀ ਤਿਲਕੇ ਮੱਛੀ ਵਾਲਾ ਵਿਲਕੇ"[29]
ਵਿਚ ਪਰਦੇਸਾਂ ਦੇ ਗੱਲਾਂ ਲੱਗੀਆਂ ਨਾ ਪੁੱਛ ਮਾਈਆ ਉਇ।
ਵਿਚ ਪਰਦੇਸਾਂ ਦੇ।[30]

ਔਰਤਾਂ ਦੇ ਨੱਕ ਵਿਚ ਪਾਉਣ ਵਾਲੇ ਗਹਿਣਿਆਂ ਵਿਚੋਂ ਨੱਥ, ਲੌਂਗ, ਕੋਕਾ, ਮੇਖ, ਮੱਛਲੀ, ਰੇਖ ਆਦਿ ਦਾ ਵੀ ਪੰਜਾਬੀ ਲੋਕਗੀਤਾਂ ਵਿਚ ਵੱਧਾ ਚੜ੍ਹਾਕੇ ਜ਼ਿਕਰ ਕੀਤਾ ਹੋਇਆ ਹੈ।ਨੱਕ ਵਿਚ ਪਾਏ ਜਾਣ ਵਾਲੇ ਇਹ ਗਹਿਣੇ ਔਰਤ ਦੀ ਸੁੰਦਰਤਾ ਵਿਚ ਚਾਰ ਚੰਨ੍ਹ ਲਗਾਉਂਦੇ ਹਨ। ਸਾਡੇ ਪੁਰਾਤਨ ਸਭਿਆਚਾਰਕ ਸਮਾਜ ਵਿਚ ਵੀ ਲੌਂਗ ਦੇ ਉਦਾਹਰਣ ਮਿਲਦੇ ਹਨ ਜਿਵੇਂ

"ਅੱਛਰਾਂ ਨੇ ਮੂੰਹ ਧੋਤਾ ਲੌਂਗ ਡਿੱਗਿਆ ਨਦੀ ਦੇ ਕੰਢੇ"[31]
ਜਾਂ
"ਦੀਵਾ ਬਾਲ਼ ਨੀਂ ਕੰਜਰ ਦੀਏ ਮਾਰੇ
ਇੱਥੇ ਮੇਰਾ ਲੌਂਗ ਡਿੱਗਿਆ....[32]

ਝਾਂਜਰ ਔਰਤ ਦੇ ਗਹਿਣਿਆਂ ਵਿਚ ਬਹੁਤ ਹੀ ਖ਼ਾਸ ਗਹਿਣਾ ਹੈ। ਇਹ ਪੈਰਾਂ ਵਿਚ ਪਾਇਆ ਜਾਣ ਵਾਲਾ ਗਹਿਣਾ ਹੈ। ਇਸ ਤੋਂ ਇਲਾਵਾ ਔਰਤਾਂ ਪੈਰਾਂ ਵਿਚ ਬਿਛੂਏ, ਅੰਗੂਠੀਆਂ ਵੀ ਪਾਉਂਦੀਆਂ ਹਨ। ਝਾਂਜਰ ਦਾ ਝਲਕਾਰਾ ਵੀ ਸਾਡੇ ਲੋਕ ਗੀਤਾਂ ਵੀ ਆਮ ਮਿਲਦਾ ਹੈ।

"ਝਾਂਜਰ ਵੇ, ਝਾਂਜਰ ਮੇਰੀ ਘੜੀ ਸੁਨਿਆਰ....
ਝਾਂਜਰ ਮੇਰੀ ਦਾ ਮੁੱਲ ਡੇਢ ਹਜ਼ਾਰ....[33]

ਇਹਨਾਂ ਤੋਂ ਇਲਾਵਾ ਔਰਤਾਂ ਆਪਣੇ ਹਾਰ ਸ਼ਿੰਗਾਰ ਲਈ ਕਈ ਹੋਰ ਵਸਤਾਂ ਦੀ ਵਰਤੋਂ ਵੀ ਕਰਦੀਆਂ ਹਨ ਜਿਵੇਂ ਮਹਿੰਦੀ, ਦਾਤਣ, ਦੰਦਾਸਾ, ਵਾਲਾਂ ਦੇ ਸ਼ਿੰਗਾਰ ਲਈ ਪਰਾਂਦੇ ਆਦਿ।

## ਰਿਹਾਇਸ਼

ਰੋਟੀ ਕੱਪੜੇ ਵਾਂਗ ਹੀ ਇਕ ਮਨੁੱਖੀ ਜਿੰਦਗ਼ੀ ਦਾ ਅਹਿਮ ਅੰਗ ਹੈ। ਇਹ ਵੀ ਪਦਾਰਥਕ ਸਭਿਆਚਾਰ ਦਾ ਜ਼ਰੂਰੀ ਅੰਗ ਹੈ। ਪਹਿਲਾਂ ਮਨੁੱਖ ਜੰਗਲਾਂ ਵਿਚ ਰਹਿੰਦਾ ਸੀ। ਤੇ ਉਸਨੂੰ ਕੁਦਰਤੀ ਆਫ਼ਤਾਂ ਮੀਂਹ, ਹਨੇਰੀ ਅਤੇ ਸਰਦੀ ਦਾ ਸਾਹਮਣਾ ਖੁਲ੍ਹੇ ਆਸਮਾਨ ਥੱਲੇ ਹੀ ਕਰਨਾ ਪੈਂਦਾ ਸੀ।ਮਨੁੱਖ ਆਪਣੇ ਆਪ ਨੂੰ ਸਰਦੀ, ਗਰਮੀ, ਮੀਂਹ ਹਨੇਰੀ ਤੋਂ ਬਚਾਉਣ ਲਈ ਘਰਾਂ ਵਿਚ ਰਹਿਣਾ ਸ਼ੁਰੂ ਕੀਤਾ।ਪੁਰਾਤਨ ਸਮਾਜ ਵਿਚ ਲੋਕ ਪਹਿਲਾਂ ਕੱਚੇ ਘਰਾਂ ਵਿਚ ਰਹਿੰਦੇ ਸੀ। ਉਸ ਸਮੇਂ ਦੇ ਘਰ ਘਾਹ ਫ਼ੂਸ, ਕਾਨਿਆਂ, ਮਿੱਟੀ, ਗਾਰਾ, ਬਾਲਿਆਂ ਅਤੇ ਲੱਕੜਾਂ ਦੇ

ਬਣੇ ਹੁੰਦੇ ਸਨ। ਪਰ ਆਧੁਨਿਕ ਯੁੱਗ ਵਿਚ ਰਹਿਣ ਸਹਿਣ ਲਈ ਘਰਾਂ ਦੀ ਬਣਾਵਟ ਬਦਲ ਚੁੱਕੀ ਹੈ। ਹੁਣ ਘਰ ਪੱਕੇ ਤਾਂ ਬਣ ਹੀ ਰਹੇ ਹਨ ਬਲਕਿ ਉਹਨਾਂ ਦੀ ਬਣਾਵਟ ਵੀ ਬਦਲ ਚੁੱਕੀ ਹੈ। ਹੁਣ ਘਰ ਮਿੱਟੀ ਗਾਰੇ ਦੀ ਜਗ੍ਹਾਂ ਸੀਮੇਂਟ ਅਤੇ ਸਰੀਏ ਦੇ ਬਣ ਰਹੇ ਹਨ ਤੇ ਘਰਾਂ ਵਿਚ ਆਧੁਨਿਕ ਸੁੱਖ ਸਹੂਲਤਾਂ ਮੁਹੱਈਆਂ ਹੋ ਰਹੀਆਂ ਹਨ। **ਡਾ. ਤੇਜਾ ਸਿੰਘ ਨੇ ਆਪਣੇ ਲੇਕ 'ਘਰ ਦਾ ਪਿਆਰ' ਵਿਚ ਲਿਖਦਾ ਹੈ** :

"ਘਰ ਇੱਟਾਂ ਅਤੇ ਵੱਟਿਆ ਦੇ ਬਣੇ ਕੋਠੇ ਨਹੀਂ ਕਹਿੰਦੇ, ਘਰ ਤੋਂ ਭਾਵ ਉਹ ਥਾਂ ਹੈ, ਜਿੱਥੇ ਮਨੁੱਖ ਦੇ ਪਿਆਰ ਦੀਆਂ ਸੱਧਰਾਂ ਪਲਦੀਆਂ ਹਨ, ਜਿੱਥੇ ਬਾਲਪਨ ਵਿਚ ਮਾਂ, ਭੈਣ ਅਤੇ ਭਰਾ ਕੋਲੋ ਪਿਆਰ ਲਾਡ ਲਿਆ ਹੁੰਦਾ ਹੈ। ਜਿੱਥੇ ਜਵਾਨੀ ਵਿਚ ਸਾਰੇ ਜਹਾਨ ਨੂੰ ਗਾਹ ਕੇ ਲਿਤਾੜ ਕੇ, ਖੋਟੀ ਕਮਾਈ ਕਰਕੇ ਮੁੜ ਆਉਣ ਨੂੰ ਜੀਅ ਕਰਦਾ ਹੈ। ਘਰ ਮਨੁੱਖ ਦੇ ਨਿੱਜੀ ਵਲਵਲਿਆਂ ਅਤੇ ਸਖ਼ਸ਼ੀ ਰਹਿਣੀ ਬਹਿਣੀ ਦਾ ਕੇਂਦਰ ਹੁੰਦਾ ਹੈ। ਉਸਦੇ ਆਚਰਣ ਬਣਾਉਣ ਵਿਚ ਜਿੱਥੇ ਸਮਾਜਕ ਤੇ ਮੁਲਕੀ ਅਥਲੇ ਦੁਆਲੇ ਦਾ ਅਸਰ ਕੰਮ ਕਰਦਾ ਹੈ, ਓੱਥੇ ਘਰ ਦੀ ਚਾਰਦੀਵਾਰੀ ਅਤੇ ਇਸਦੇ ਅੰਦਰਲੇ ਹਾਲਾਤ ਦਾ ਅਸਰ ਵੀ ਘੱਟ ਕੰਮ ਨਹੀਂ ਕਰਦਾ। ਸਗੋਂ ਮਨੁੱਖ ਦਾ ਆਚਰਣ ਬਣਦਾ ਹੀ ਘਰ ਵਿਚ ਹੈ।"[34]

ਇਸ ਤਰ੍ਹਾਂ ਘਰ ਇਕ ਅਜਿਹੀ ਸੰਸਥਾਂ ਹੈ ਜਿੱਥੋਂ ਮਨੁੱਖ ਆਪਣੀ ਸਖ਼ਸੀਅਤ ਨੂੰ ਉਭਾਰਣ ਦੇ ਨੈਤਿਕ ਗੁਣ ਗ੍ਰਹਿਣ ਕਰਦਾ ਹੈ। ਮਨੁੱਖ ਦੀ ਆਂਪਣੀ ਘਰ ਨਾਲ ਭਾਵਨਾਤਮਕ ਸਾਂਝ ਹੁੰਦੀ ਹੈ।

**ਡਾ. ਜਸਵਿੰਦਰ ਸਿੰਘ ਦੇ ਅਨੁਸਾਰ**, "ਮਨੁੱਖ ਲਈ ਜਨਮ ਭੂਮੀ ਨਿਰ੍ਹੀ ਮਿੱਟੀ ਨਾ ਹੋ ਕੇ ਉਸਦੇ ਜ਼ਜਬਾਤੀ ਜਗਤ ਦਾ ਜੀਵੰਤ ਭਾਗ ਹੁੰਦੀ ਹੈ। ਸਾਹਾਂ ਵਿਚ ਮਿੱਟੀ ਦੀ ਮਹਿਕ, ਚਾਲ਼ ਵਿਚ ਇਸਦਾ ਵੇਗ ਅਤੇ ਜਿਉਣ ਦਾ ਇਸਦਾ ਨਸ਼ਾ ਹੁੰਦਾ ਹੈ ਆਪਣੀ ਮਿੱਟੀ ਨਾਲੋਂ ਵਿਯੋਗਿਆਂ ਮਨੁੱਖ ਬੇਜੜ੍ਹਾ ਬੇਘਰਾ ਹੁੰਦਾ ਹੈ।" [35]

ਪੰਜਾਬ ਦੇ ਪਿੰਡਾਂ ਵਿਚ ਪਹਿਲਾਂ ਘਰ ਬਣਾਉਂਣ ਦੀ ਵਿਉਂਤ ਇਸ ਤਰ੍ਹਾਂ ਸੀ, ਪਹਿਲਾ ਘਰ ਕੱਚੇ ਹੁੰਦੇ ਸਨ। ਖੁੱਲਾਂ ਵਿਹੜਾ, ਚੌਕਾਂ ਚੁੱਲ੍ਹਾਂ, ਚੁਬਾਰਾ, ਕੋਠੀ, ਡਿਉਢੀ, ਬਰਾਡਾਂ, ਬੈਠਕ ਅਤੇ ਕਮਰੇ ਆਦਿ। ਪਰ ਹੁਣ ਹਾਲਾਤ ਬਦਲ਼ ਗਏ ਹਨ।ਘਰਾਂ ਵਿਚ ਬਨੇਰੇ ਵੀ ਹੁੰਦੇ ਹਨ ਬਨੇਰਾ ਘਰ ਦੇ ਉੱਪਰ ਬਣੀ ਛੱਤ ਵਾਲੀ ਕੰਧ ਨੂੰ ਕਹਿੰਦੇ ਹਨ।ਪੰਜਾਬੀ ਲੋਕ ਗੀਤਾਂ ਵਿਚ ਸਾਡੇ ਰਹਾਇਸ਼ (ਘਰ ਬਾਹਰ) ਬਾਰੇ ਜ਼ਿਕਰ ਆਮ ਮਿਲਦਾ ਹੈ:

> "ਉਡੀ ਉਡੀ ਨੀ ਬੇਨੇਰੇ ਦੀਏ ਚਿੜੀਏ
> ਬਨੇਰਾ ਸਾਡਾ ਕਿਉਂ ਮਲਿਆ"[36]

ਡੇਅੜੀ ਵੀ ਘਰ ਦਾ ਪ੍ਰਮੁੱਖ ਹਿੱਸਾ ਹੈ।ਘਰ ਦਾ ਬਜ਼ੁਰਗ ਡੇਅੜੀ ਵਿਚ ਬੈਠਕੇ ਘਰ ਦੀ ਰਾਖੀ ਕਰਦਾ ਹੁੰਦਾ ਸੀ।। ਡੇਅੜੀ ਵਿਚ ਬੈਠ ਕੇ ਕੁੜੀਆਂ ਕੱਢਣ ਸੂਤਣ ਦਾ ਕੰਮ ਕਰਦੀਆਂ ਸਨ। ਜਿਵੇਂ

> "ਡੇਅੜੀ ਦੇ ਅੰਦਰ ਕੱਤੀਏ ਭੈਣੇ, ਡੇਅੜੀ ਦਾ ਕੁੰਡਾ ਖੋਅਲ,
> ਭੈਣੇ ਡੇਅੜੀ ਦਾ ਕੁੰਡਾ ਖੋਅਲ, ਮੈਂ ਵਾਰੀ ਹੋ"[37]

ਬੈਠਕ ਵਿਚ ਘਰ ਵਿਚ ਆਏ ਖ਼ਾਸ ਮਹਿਮਾਨਾਂ ਨੂੰ ਬਿਠਾਇਆਂ ਜਾਂਦਾ ਸੀ। ਬੈਠਕ ਨੂੰ ਅੱਜ ਦੇ ਡਾਰਾਇੰਗ ਰੂਮ ਨਾਂ ਬੁਲਾਇਆ ਜਾਂਦਾ ਹੈ। ਬੈਠਕ ਵਿਚ ਵਿਆਂਹ ਸ਼ਾਦੀਆਂ ਦੇ ਸਮੇਂ ਬਰਾਤ ਆਦਿ ਦੀ ਆਉ ਭਗਤ ਕੀਤੀ ਜਾਂਦੀ ਸੀ ਇਸ ਦੀ ਉਦਾਹਰਣ ਪੰਜਾਬੀ ਲੋਕ ਗੀਤਾਂ ਮਿਲਦੀ ਹੈ:

"ਸਈਉ ਨੀ ਮੇਰੀ ਜੰਞ ਬੈਠਕਾਂ ਵਿਚ ਆਈ
ਸਫਾ ਬਿਛਾ ਦੇ ਤਾਇਆ ਜੀ, ਮੇਰੀ ਜੰਞ ਬੈਠਕਾਂ ਵਿਚ ਆਈ"[38]

ਚੁਲ੍ਹੇ ਚੌਕੇ ਬਾਰੇ ਵੀ ਪੰਜਾਬੀ ਲੋਕ ਗੀਤਾਂ ਵਿਚ ਝਲਕ ਮਿਲਦੀ ਹੈ ਜਿਵੇਂ

"ਚੁੱਅਲਾ ਚੌਕਾਂ ਪੱਟ ਨੀ ਗਏ, ਜੇ੍ੜੇ ਹਰਿਆਂ ਰੁਮਾਲਾਂ ਵਾਲੇ
ਚੁੱਅਲਾ ਚੌਕਾਂ ਮੈਂ ਲਿੱਪ ਦਊਂ, ਜੁੱਗ ਜੀਣ ਨੀ , ਜੇ੍ੜੇ ਹਰਿਆਂ ਰੁਮਾਲਾਂ ਵਾਲੇ[39]

## ਖਾਣ ਪੀਣ

ਪਦਾਰਥਕ ਸਭਿਆਚਾਰ ਦਾ ਬਹੁਤ ਹੀ ਅਹਿਮ ਅੰਗ ਹੈ ਖਾਣ ਪੀਣ। ਪੰਜਾਬੀ ਸਭਿਆਚਾਰ ਦੀ ਪਹਿਚਾਣ ਦਾ ਪ੍ਰਮੁੱਖ ਆਧਾਰ ਖਾਣ ਪੀਣ ਹੀ ਹੈ। ਪੰਜਾਬੀਆਂ ਆਮ ਹੀ ਆਖਦੇ ਹਨ ਕਿ ਪਹਿਲਾਂ ਪੇਟ ਪੂਜਾ ਫਿਰ ਕੰਮ ਦੂਜਾ।

**ਪ੍ਰਿੰ. ਤੇਜਾ ਸਿੰਘ ਨੇ ਪੰਜਾਬੀਆਂ ਦੇ ਖਾਣ ਪੀਣ ਦੀ ਖ਼ੂਬ ਤਾਰੀਫ਼ ਕੀਤੀ ਹੈ। ਉਨ੍ਹਾਂ ਅਨੁਸਾਰ**, "ਪੰਜਾਬੀ ਚੰਗਾ ਖਾਂਦੇ ਤੇ ਸੋਹਣਾ ਲਾਂਦੇ ਹਨ।ਇਹਨਾਂ ਜਿਨ੍ਹਾਂ ਕਿਸ ਖਾਣਾ ਹੈ? ਦਿੱਲੀਓ ਓੱਗੇ ਜਾ ਕੇ ਸਫ਼ਰ ਕਰੋ ਤੁਹਾਨੂੰ ਦਾਲ਼ ਅਰਹਰ ਤੇ ਆਚਾਰ ਤੋਂ ਬਿਨ੍ਹਾਂ ਕੁੱਝ ਖਾਣ ਨੂੰ ਨਹੀਂ ਮਿਲੇਗਾ। ਬੰਬਈ, ਕਲਕੱਤੇ ਜਿਹੇ ਵੱਡੇ ਸ਼ਹਿਰਾਂ ਦੇ ਦੇਸੀ ਹੋਟਲਾਂ ਜਾਂ ਭੋਜਨ ਭੰਡਾਰਾਂ ਵਿਚ ਥਾਲ਼ ਅਤੇ ਕੌਲੀਆਂ ਤਾਂ ਲਿਸ਼ਕੀਆਂ ਪੁਸ਼ਕੀਆਂ ਦਿਸਣਗੀਆਂ ਪਰ ਰੱਜ ਕੇ ਖਾਣਾ ਜਾਂ ਮਸਾਲੇਦਾਰ ਖਾਣਾ ਕਿਸੇ ਪੰਜਾਬੀ ਹੋਟਲ ਵਿਚ ਨਹੀਂ ਮਿਲੇਗਾ।"[40]

ਪੰਜਾਬੀਆਂ ਦੇ ਖਾਣ ਪਕਵਾਨ ਤਾਂ ਸਾਰੀ ਦੁਨੀਆਂ ਵਿਚ ਮਸ਼ਹੂਰ ਹਨ। ਪੰਜਾਬੀ ਬਾਰੇ ਮਸ਼ਹੂਰ ਹੈ ਕਿ ਉਹ ਮੱਕੀ ਦੀ ਰੋਟੀ, ਸਰ੍ਹੋਂ ਦਾ ਸਾਗ, ਲੱਸੀ, ਮੱਖਣ ਅਤੇ ਗੁੜ ਦੀ ਚਾਹ ਬੜੇ ਸ਼ੌਕੀਨ ਹੁੰਦੇ ਹਨ। ਇਸ ਬਾਰੇ ਪੰਜਾਬੀ ਲੋਕ ਗੀਤਾਂ ਵਿਚ ਆਮ ਚਰਚਾ ਮਿਲਦੀ ਹੈ। ਨੂੰਹ ਸੱਸ ਦੀ ਤਕਰਾਰ ਵਿਚ ਵੀ ਇਹ ਜ਼ਿਕਰ ਆਮ ਮਿਲਦਾ ਹੈ ਜਿਵੇਂ

"ਤੇਰੀ ਮਾਂ ਨੇ ਰਿੰਨ੍ਹੀਆਂ ਗੰਦਲਾਂ ਵੇ, ਅਸਾਂ ਮੰਗੀਆਂ ਤੇ ਪੈ ਗਈਆਂ ਦੰਦਲਾਂ ਵੇ
ਤੇਰੀ ਮਾਂ ਨੇ ਰਿੰਨਿਆਂ ਸਾਗ ਵੇ, ਅਸਾਂ ਮੰਗਿਆਂ ਤਾਂ ਦਿੱਤਾ ਜਵਾਬ ਵੇ"[41]

ਪੰਜਾਬੀ ਲੋਕ ਦੁੱਧ, ਲੱਸੀ, ਦਹੀਂ ਖਾਣ ਪੀਣ ਦੇ ਬਹੁਤ ਸ਼ੌਕੀਨ ਹੁੰਦੇ ਹਨ। ਪੰਜਾਬੀ ਮੁਟਿਆਰ ਆਪਣੇ ਸਹੁਰੇ ਘਰ ਆਏ ਵੀਰ ਨੂੰ ਘਰ ਆਇਆ ਦੇਖਕੇ ਬਹੁਤ ਖ਼ੁਸ਼ ਹੁੰਦੀ ਹੈ ਅਤੇ ਚਾਅ ਦਾ ਪ੍ਰਗਟਾ ਆਪਣੇ ਵੀਰ ਨੂੰ ਦੁੱਧ ਪਿਲਾ ਕੇ ਇਉਂ ਕਰਦੀ ਹੈ।

"ਦੁੱਧ ਦਾ ਛੰਨਾਂ ਤਾਂ ਤੈਨੂੰ ਮੈਂ ਦਿਆਂ ਵੇ ਮੇਰਿਆ ਸਰਵਣ ਵੀਰਾ,
ਭਰ ਭਰ ਘੁੱਟ ਤੂੰ ਪੀ ਵੇ ਭਲਿਆ ਹੋ"[42]

ਵਿਆਹ ਸ਼ਾਦੀਆ ਅਤੇ ਖੁਸ਼ੀ ਦੇ ਮੌਕਿਆ ਤੇ ਪੰਜਾਬੀ ਲੋਕ ਸ਼ੱਕਰਪਾਰੇ, ਬਦਾਨਾਂ, ਜਲੇਬੀ, ਲੱਡੂ ਅਤੇ ਸ਼ੱਕਰ ਦੇ ਕੁੱਜਿਆ ਵਰਗੇ ਵਸਤੂਆਂ ਪ੍ਰਯੋਗ ਕੀਤੀਆਂ ਹਨ।

"ਸ਼ੱਕਰ ਦੀ ਭਰੀ ਵੇ ਪਰਾਤ ਮਿਸ਼ਰੀ ਦੀ ਇਕ ਵੇ ਡਲੀ"[43]

ਪੰਜਾਬੀ ਲੋਕ ਧਾਰਮਿਕ ਮੌਕਿਆਂ ਦੇ ਸਮੇਂ ਕੜਾਹ ਪ੍ਰਸ਼ਾਦ ਦੀ ਦੇਗ਼ ਨੂੰ ਮਹੱਤਤਾ ਦਿੱਤੀ ਜਾਂਦੀ ਹੈ।ਕੜਾਹ ਸੂਜ਼ੀ ਅਤੇ ਆਟੇ ਦਾ ਵੀ ਬਣਾਇਆ ਜਾਂਦਾ ਹੈ। ਇੱਥੇ ਲੋਕਗੀਤ ਦੇ ਰੂਪ ਸਿੱਠਣੀ ਵਿਚ ਇਸ ਦਾ ਪ੍ਰਗਟਾ ਮਿਲਦਾ

"ਲਿਆਉਂ ਸੂਜ਼ੀ ਕਰੋ ਕੜਾਹੀ
ਕੁੜਮੇ ਦੇ ਢਿੱਡ ਵਿਚ ਬਾਰ੍ਹਾਂ ਸਿਪਾਹੀ"[44]

ਪੰਜਾਬੀ ਸਭਿਆਚਾਰ ਵਿਚ ਜਲਵਾਯੂ ਦੇ ਅਨੁਸਾਰ ਹੀ ਸਬਜ਼ੀਆਂ ਵੀ ਪ੍ਰਯੋਗ ਕੀਤੀਆਂ ਜਾਂਦੀਆਂ ਹਨ। ਦਾਲਾਂ ਵੀ ਪੰਜਾਬੀ ਲੋਕ ਬੜੇ ਸ਼ੌਕ ਨਾਲ ਖਾਂਦੇ ਹਨ। ਪੰਜਾਬ ਵਿਚ ਲੋਕ ਅਰਹਰ, ਮੂੰਗੀ ਮਸਰ, ਛੋਲੇ, ਮੌਂਠ ਆਦਿ ਵੀ

ਖਾਂਦੇ ਹਨ। ਦੁਪਿਹਰ ਦੇ ਸਮੇਂ ਜ਼ਿਆਦਾਤਰ ਆਚਾਰ ਅਤੇ ਪਿਆਜ਼, ਧਨੀਏ, ਪੁਦੀਨੇ ਅਤੇ ਕੱਚੀਆਂ ਅੰਬੀਆਂ ਦੀ ਚਟਨੀ ਨਾਲ ਰੋਟੀ ਖਾਂਦੀ ਜਾਂਦੀ ਹੈ।

## ਸੁਹਜਾਤਮਕ ਸਭਿਆਚਾਰ

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਸੁਹਜ ਮਨੁੱਖ ਨੂੰ ਅਨੰਦ ਦਿੰਦਾ ਹੈ। ਸੁਹਜ ਸ਼ਬਦ ਦੇ ਅਰਥ ਵੱਖੋ ਵੱਖਰੇ ਵਿਦਵਾਨਾਂ ਨੇ ਵੱਖੋ ਵੱਖਰੇ ਨਜ਼ਰੀਏ ਅਨੁਸਾਰ ਦਿੱਤਾ ਹੈ। ਕਈ ਇਸ ਨੂੰ ਅੰਗਰੇਜ਼ੀ ਦੇ ਸ਼ਬਦ 'beuty' ਦਾ ਸਮਾਨਾਰਥੀ ਮੰਨਦੇ ਹਨ। ਅੰਗਰੇਜ਼ੀ ਭਾਸ਼ਾ ਦਾ ਸ਼ਬਦ 'Beuty' Beau + ty ਤੋਂ ਬਣਿਆ ਹੈ।'Beau' ਦਾ ਅਰਥ ਹੈ ਪਿਆਰਾ ਜਾਂ ਸੋਹਣਾ ਅਤੇ ty ਇਸ ਦਾ ਭਾਵ ਹੈ।ਇਸ ਤਰ੍ਹਾਂ Beuty ਦਾ ਭਾਵ ਹੋਇਆ ਸੋਹਣੇ ਵਿਅਕਤੀ ਦਾ ਗੁਣ।

"ਪੰਜਾਬੀ ਭਾਸ਼ਾ ਵਿਚਲਾ 'ਸੁਹਜ' ਸ਼ਬਦ ਅੰਗ੍ਰੇਜ਼ੀ ਦੇ ਸ਼ਬਦ 'Aesthetic' ਦਾ ਸਮਾਨਆਰਥੀ। ਇਸ ਸ਼ਬਦ ਦਾ ਮੂਲ ਰੂਪ ਵਿਚ 'Atoqntickos' ਐਟੀਕਵੈਂਟੀਕੋਸ ਹੈ। ਗਰੀਕ ਭਾਸ਼ਾ ਤੋਂ ਆਇਆ ਇਹ ਸ਼ਬਦ ਬਾਅਦ ਵਿਚ ਐਸਥੀਸਿਸ ਬਣਕੇ ਹੋਂਦ ਵਿਚ ਆਇਆ। ਇਸ ਸ਼ਬਦ ਦੇ ਸ਼ਾਬਦਿਕ ਅਰਥ ਹਨ, ਇੰਦਰੀਆਵੀ ਸੁੱਖ ਦੀ ਚੇਤਨਾ ਭਾਵ ਅਜਿਹੀ ਸੰਵੇਦਨਸ਼ੀਲਤਾ ਜੋ ਇੰਦਰੀਆਂ ਦੁਆਰਾ ਗ੍ਰਹਿਣ ਕੀਤੀ ਜਾਵੇ। ਐਸਥੀਸਿਸ ਸ਼ਬਦ ਤੋਂ ਬਾਅਦ ਵਿਚ ਇਸ ਸ਼ਬਦ ਦਾ ਬਹੁਵਚਨ 'Aesthetics' ਐਸਥੈਟਿਕਸ ਵਿਗਿਆਨ।" [45]

**ਮੇਰਿਉ ਪੀ ਸੁਹਜ ਦੀ ਪਰਿਭਾਸ਼ਾ ਕਰਦਿਆ ਕਹਿੰਦੇ ਹਨ**, "ਕਿਸੇ ਵਸਤੂ ਵਿਚ ਉੱਤਮਤਾ ਦਾ ਅਜਿਹਾ ਸਮੂਹ (ਗੁਣ) ਜੋ ਅੱਖਾਂ ਨੂੰ ਆਨੰਦ ਪ੍ਰਦਾਨ ਕਰੇ, ਜੋ ਅੱਖਾਂ ਨੂੰ ਸੋਹਣਾ ਲੱਗੇ ਅਤੇ ਦਿਮਾਗ ਤੇ ਆਪਣਾ ਪ੍ਰਭਾਵ ਛੱਡੇ, ਜਿਵੇਂ ਕਿਸੇ ਗਹਿਣੇ ਦੀ ਸੁੰਦਰਤਾ ਸਾਨੂੰ ਆਕਰਸ਼ਿਤ ਕਰਦੀ ਹੈ। ਖ਼ਾਸ ਕਰਕ ਜਦੋਂ ਉਹ ਸੁੰਦਰ ਗਹਿਣਾ ਕਿਸੇ ਸੁੰਦਰ ਇਸਤਰੀ ਨੇ ਪਾਇਆ ਹੋਵੇ, ਜ਼ਰੂਰੀ ਨਹੀਂ ਕਿ ਵੇਖਣ ਵਿਚ ਸੁੰਦਰ ਲੱਗਣ ਵਾਲੀ ਵਸਤੂ ਹੀ ਸੁੰਦਰ ਹੁਮਦਿ ਹੈ, ਕੇਵਲ ਪਰਖ ਹੋਣੀ ਚਾਹੀਦੀ ਹੈ।"[46]

ਇਸਬਾਰੇ ਵੱਖ ਵੱਖ ਵਿਦਵਾਨਾਂ ਦੇ ਵੱਖੋ ਵੱਖਰੇ ਨਜ਼ਰੀਏ ਹਨ। ਕੋਈ ਇਸ ਨੂੰ ਲਲਿਤ ਕਲਾਵਾਂ, ਸੁਹਜਮਈ ਵਸਤੂਆਂ, ਸੁਹਜ ਨੂੰ ਰਸ ਸ਼ਾਸਤਰ, ਵਿਗਿਆਨਕ ਢੰਗਾਂ ਅਤੇ ਆਲੰਕਾਰਾਂ ਨਾਲ ਕੀਤਾ ਹੈ।

## ਲੋਕਗੀਤਾਂ ਵਿਚ ਸੁਹਜ

ਲੋਕ ਗੀਤਾਂ ਵਿਚ ਵੀ ਸੁਹਜ ਦਾ ਬਹੁਤ ਮਹੱਤਵ ਹੈ ਸੁਹਜ ਤੋਂ ਬਿਨ੍ਹਾਂ ਤਾਂ ਲੋਕ ਗੀਤਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪੰਜਾਬੀ ਸਭਿਆਚਾਰ ਵਿਚ ਸੁਹਜ ਹਰ ਪੱਖੋ ਮਣਾ ਮੂੰਹੀਂ ਭਰਿਆ ਹੋਇਆ ਹੈ ਚਾਹੇ ਉਹ ਖਾਣ ਪੀਣ ਹੋਵੇ, ਪਹਿਰਾਵਾਂ, ਰਹਿਣ ਸਹਿਣ, ਵਰਤੋਂ ਵਿਵਹਾਰ ਹੀ ਕਿਉਂ ਨਾ ਹੋਵੇ।ਹੈ।ਇਹਨਾਂ ਤੱਤਾਂ ਰਾਹੀਂ ਲੋਕ ਗੀਤਾਂ ਵਿਚ ਸੁਹਜ ਸੁਆਦ ਉੱਤਪੰਨ ਹੁੰਦਾ ਹੈ ,

ਭਾਸ਼ਾ

ਸੰਗੀਤ

ਭਾਵ

ਕਲਪਨਾ

ਬਿੰਬ

ਸ਼ੈਲੀ

ਅਲੰਕਾਰ

ਪ੍ਰਤੀਕ

**ਭਾਸ਼ਾ**

ਭਾਸ਼ਾ ਕਿਸੇ ਵੀ ਖੇਤਰ ਦਾ ਅਨਿੱਖੜਵਾ ਅੰਗ ਹੈ। ਭਾਸ਼ਾ ਰਾਹੀ ਹੀ ਕੋਈ ਵਿਅਕਤੀ ਆਪਣੇ ਭਾਵਾਂ ਦਾ ਪ੍ਰਗਟਾ ਕਰਦਾ ਹੈ। ਮਨੁੱਖ ਇਕ ਸਮਾਜਕ ਪ੍ਰਾਣੀ ਹੈ ਜਦੋਂ ਤੋਂ ਮਨੁੱਖ ਨੇ ਆਪਣੀ ਪਹਿਚਾਣਨ ਯੋਗ ਥਾਂ ਬਣਾਈ ਤਾਂ ਉਸ ਸਮੇਂ ਸਭ ਤੋਂ ਵੱਡਾ ਯੋਗਦਾਨ ਭਾਸ਼ਾ ਦਾ ਹੀ ਸੀ। ਭਾਸ਼ਾ ਮਨੁੱਖੀ ਵਿਕਾਸ ਦੇ ਨਾਲ ਨਾਲ ਤੁਰਦੀ ਆ ਰਹੀ ਹੈ। ਭਾਸ਼ਾ ਮਨੁੱਖੀ ਸਮਾਜ ਵਿਚ ਸੰਚਾਰ ਦਾ ਸਾਧਨ ਹੈ। ਜਦੋਂ ਇਕ ਵਿਅਕਤੀ ਦੂਜੇ ਵਿਅਕਤੀ ਨਾਲ ਸੰਪਰਕ ਵਿਚ ਅਉਂਦਾ ਹੈ ਤਾਂ ਇਸ ਦਾ ਪ੍ਰਮੁੱਖ ਸਾਧਨ ਭਾਸ਼ਾ ਹੀ ਬਣਦੀ ਹੈ। ਭਾਸ਼ਾ ਬੋਲਣੀ ਮਨੁੱਖ ਬਚਪਨ ਤੋਂ ਹੀ ਸਿੱਖਦਾ ਹੈ ਉਹ ਉਹੀ ਭਾਸ਼ਾ ਬੋਲੇਗਾ ਜਿਸ ਮਨੁੱਖੀ ਸਮਾਜ ਵਿਚ ਉਹ ਜੰਮਿਆ ਪਲਿਆ ਹੋਵੇ।ਇਸ ਤਰ੍ਹਾਂ ਹਰ ਵਿਅਕਤੀ ਦੀ ਆਪਣੀ ਇਕ ਵੱਖਰੀ ਉੱਪਭਾਸ਼ਾ ਹੁੰਦੀ ਹੈ ਜਿਸ ਖੇਤਰ ਵਿਚ ਉਹ ਰਹਿੰਦਾ ਹੈ। ਕਰਮਜੀਤ ਸਿੰਘ ਨੇ ਆਪਣੇ ਲੋਕ ਗੀਤਾਂ ਵਿਚ ਦੁਆਬੀ ਭਾਸ਼ਾ ਦਾ ਜ਼ਿਕਰ ਆਮ ਮਿਲਦਾ ਹੈ। ਜਿਵੇਂ ਬੱਡਾ, ਸ਼ੈਰ੍ਹੋ, ਬੀਰੇ, ਜਿਅਨੇ, ਜੇੜ੍ਹਾ, ਨ੍ਹੈਰ, ਬੇਚ, ਬ੍ਹੈ, ਬਿਆਈ ਆਦਿ। ਕਿਤੇ ਕਿਤੇ ਮੁਹਾਵਰੇ ਵੀ ਵੇਖਣ ਨੂੰ ਮਿਲਦੇ ਹਨ, ਪੁੰਨਿਆ ਦਾ ਚੰਨ, ਸੋਨੇ ਦੇ ਪਲੰਘ ਤੇ ਸਾਉਣਾ, ਮੋਢਾ ਫੁਰਨਾ, ਜੜ੍ਹ ਮਾਰੀ ਜਾਵੇ, ਲਾਈ ਲੱਗ ਆਦਿ।ਇਸ ਤੋਂ ਇਲਾਵਾ ਉਹਨਾਂ ਹਿੰਦੀ ਸ਼ਬਦਾਂ ਦੀ ਵਰਤੋਂ ਵੀ ਕੀਤੀ ਹੈ। ਕਰਮਜੀਤ ਸਿੰਘ ਦੇ ਕਥਨ ਅਨੁਸਾਰ ਉਹਨਾਂ ਨੇ ਦੁਆਬੀ ਲੋਕ ਗੀਤਾਂ ਦੇ ਉਚਾਰਨ ਨੂੰ ਹੂ ਬਹੂ ਹੀ ਰੱਖਿਆ ਹੈ।

"ਹਰਿਆਪੱਤਾਂ ਵਾਲ਼ੀ ਮ੍ਹੈਂਦੀ ਮਾਏ ਨੀਂ ਸਾਨੂੰ ਲੈ ਦੇ
ਜਦ ਮ੍ਹੈਂਦੀ ਮੈਂ ਬੀਜਣ ਚੱਲੀਆਂ
ਕਾਨੇਂ ਦੀ ਦਾਬ ਨਾਂ ਸ੍ਹੈਂਦੀ, ਮਾਏ ਨੀ ਸਾਨੂੰ ਲੈ ਦੇ
ਹਰਿਆ ਪੱਤਾਂ ਵਾਲ਼ੀ ਮ੍ਹੈਂਦੀ ਮਾਏ ਨੀਂ ਸਾਨੂੰ ਲੈ ਦੇ"[47]

ਜਾਂ

"ਕ੍ਹੇੜੇ ਸ਼੍ਹੈਰ ਦੀਆਂ ਲੈ ਲਈਆਂ ਟਿਗਟਾਂ
ਕ੍ਹੇੜੇ ਸ਼੍ਹੈਰ ਉਤਰਾਂਗੇ
ਹੋ ਤੇਰੀ ਜੜ੍ਹ ਮਾਰੀ ਜਾਵੇ, ਕ੍ਹੇੜੇ ਸ਼੍ਹੈਰ ਉਤਰਾਂਗੇ
ਜੰਮੂ ਸ਼੍ਹੈਰ ਦੀਆਂ ਲੈ ਲਈਆਂ ਟਿਗਟਾਂ
ਦਿੱਲੀ ਸ਼੍ਹੈਰ ਉਤਰਾਂਗੇ"[48]

ਜਾਂ

"ਤਾਸੀ ਉੱਤੇ ਤਾਸੀ, ਵੀਰਾ ਹੇਠ ਸੰਧੂਰਾ ਹਾਥੀ
ਵੇ ਜੰਡਿਆਲਾ
ਜੰਡਿਆਲਾ ਮਾਏ, ਮ੍ਹੈਲਾ ਦਾ ਸਰਦਾਰ
ਬਰਖਦਾਰ ਮ੍ਹੈਲੀਂ ਆਇਆ ,
ਵੀਰਾ ਦੇਈਂ ਭੈਣਾ ਨੂੰ ਮੂਅੜੇ
ਤੇਰੀ ਵੌਂਟੀ ਪ੍ਹੈਨੇ ਚੂੜੇ, ਵੇ ਜੰਡਿਆਲਾ
ਜੰਡਿਆਲਾ ਮਾਏ, ਮ੍ਹੈਲਾ ਦਾ ਸਰਦਾਰ[49]

ਦੁਆਬੀ ਭਾਸ਼ਾ ਵਿਚ 'ਵ' ਦੀ ਥਾਂ ਤੇ ਜ਼ਿਆਦਾਤਰ 'ਬ' ਦੀ ਵਰਤੋ ਹੁੰਦੀ ਹੈ। ਇਸ ਤਰ੍ਹਾਂ ਉੱਪਰ ਦਿੱਤੇ ਲੋਕ ਗੀਤਾਂ ਤੋਂ ਦੁਆਬੀ ਭਾਸ਼ਾ ਦੇ ਵੱਖਰੇ ਲੱਛਣਾਂ ਦਾ ਪਤਾ ਚੱਲਦਾ ਹੈ।

## ਸੰਗੀਤ

ਸੰਗੀਤ ਲੋਕ ਗੀਤਾਂ ਦਾ ਮਹੱਤਵਪੂਰਨ ਅੰਗ ਹੈ।ਸੰਗੀਤ ਹੀ ਕਿਸੇ ਵੀ ਗੀਤ ਦਾ ਬੁਨਿਆਦੀ ਤੱਤ ਹੈ। ਸੰਗੀਤਲੋਕ ਗੀਤ ਦਾ ਬੁਨਿਆਦੀ ਤੱਤ ਹੈ। ਸੰਗੀਤ ਤੋਂ ਬਿਨ੍ਹਾਂ ਲੋਕ ਗੀਤਾਂ ਫਿੱਕੇ ਹਨ।ਡਾ. ਕਰਨੈਲ ਸਿੰਘ ਦੇ ਅਨੁਸਾਰ, "ਸੰਗੀਤ ਪਰਮਪਰਾ ਵਿਚਲੇ ਉਪਰੋਕਤ ਵਰਣਿਤ ਗੁਣ ਸਾਨੂੰ ਦੁਆਬੀ ਲੋਕ ਗੀਤਾਂ ਵਿਚ ਬਾਖ਼ੂਬੀ ਮਿਲਦੇ ਹਨ, ਜਿਵੇਂ ਦੁਆਬੀ ਲੋਕ ਗੀਤਾਂ ਵਿਚ ਟੇਕ, ਲੈਅ, ਸੁਰ, ਤਾਲ ਅਤੇ ਹੇਕ ਆਦਿ ਸਭ ਕੁੱਝ ਲੁਭਾਇਮਾਨ ਹੈ।ਦੁਆਬੀ ਲੋਕ ਗੀਤਾਂ ਦਾ ਸੰਗੀਤ ਉੱਚ ਪੱਧਰ ਦਾ ਹੈ। ਇਸ ਵਿਚਲੇ ਗੀਤ ਟੇਕ ਤੋਂ ਸ਼ੁਰੂ ਹੁੰਦੇ ਹਨ।"[50]

"ਪੀਆ ਤੁਸੀ ਚਲੇ ਪਰਦੇਸ, ਸਾਡੀ ਕੌਣ ਨਿਭਾਵੇਗਾ।...ਟੇਕ
ਸਾਡੇ ਸ਼ੌਕ ਦੇ ਚੁਬਾਰੇ, ਵਾਜਾ ਕੌਣ ਵਜਾਵੇਗਾ
ਗੋਰੀਏ ਅਸੀਂ ਚਲੇ ਪਰਦੇਸ, ਸਾਡੀ ਰਾਮ ਨਿਭਾਵੇਗਾ।...ਟੇਕ
ਸਾਡੇ ਸ਼ੌਕ ਦੇ ਚੁਬਾਰੇ, ਵਾਜਾ ਜੇਠ ਵਜਾਵੇਗਾ"[51]

## ਅਲੰਕਾਰ

ਆਲੰਕਾਰ ਨੂੰ ਕਾਵਿ ਦਾ ਗਹਿਣਾ ਕਿਹਾ ਜਾਂਦਾ ਹੈ। ਆਲੰਕਾਰ ਕਿਸੇ ਵੀ ਕਾਵਿ ਰੂਪ ਵਿਚ ਖ਼ਾਸ ਅਤੇ ਮਹੱਤਵਪੂਰਨ ਤੱਤ ਹੈ। ਆਲੰਕਾਰ ਸ਼ਬਦ ਵਿਚ 'ਆਲੰ' + 'ਕਾਰ' ਦੋ ਸ਼ਬਦਾਂ ਦਾ ਮੇਲ ਹੈ। 'ਆਲੰ' ਦਾ ਭਾਵ ਹੈ- ਗਹਿਣਾ, ਭੂਸ਼ਣ, ਸਜਾਵਟ, ਸੁਹਜ, ਸਾਜ ਅਤੇ ਸਜਾ। ਜੋ ਸਜਾਵੇ ਅਤੇ ਜਿਸ ਦੇ ਰਾਹੀ ਸਜਾਇਆ ਜਾਵੇ ਉਹ ਆਲੰਕਾਰ ਹੈ। ਆਲੰਕਾਰ ਲੋਕ ਗੀਤਾਂ ਵਿਚ ਸੁਹਜ ਸੁਆਦ ਪੈਦਾ ਕਰਕੇ ਉਸਨੂੰ ਸੁੰਦਰਤਾ ਪ੍ਰਦਾਨ ਕਰਦੇ ਹਨ। ਆਲੰਕਾਰ ਤੋਂ ਬਿਨ੍ਹਾਂ ਕੋਈ ਵੀ ਕਾਵਿ ਰੂਪ ਉਸ ਤਰ੍ਹਾਂ ਹੁੰਦਾ ਹੈ ਜਿਵੇਂ ਕਿਸੇ ਇਸਤਰੀ ਦਾ ਸੁਹੱਪਣ ਗਹਿਣੇ ਤੋਂ ਬਿਨ੍ਹਾਂ ਫਿੱਕਾ ਲੱਗਦਾ ਹੈ। ਆਲੰਕਾਰ ਦੇ ਸਥਾਪਕ ਆਚਾਰੀਆ ਭਾਹਮ ਹਨ। ਅਤੇ ਆਲੰਕਾਰੀਆ ਦੁਆਰਾ ਆਲੰਕਾਰ ਨੂੰ ਕਾਵਿ ਦੀ ਆਤਮਾ ਮੰਨਿਆ ਗਿਆ ਹੈ।

**ਡਾ.ਕਰਨੈਲ ਸਿੰਘ ਦੇ ਅਨੁਸਾਰ,** "ਦੁਆਬੀ ਲੋਕ ਗੀਤਾਂ ਵਿਚ ਜ਼ਿਆਦਾਤਰ ਅਤਿਕਥਨੀ, ਉਪਮਾ, ਅਨੁਪ੍ਰਾਸ, ਰੂਪਕ ਆਦਿ ਆਲੰਕਾਰਾਂ ਦੀ ਵਰਤੋਂ ਕੀਤੀ ਗਈ ਹੈ।"[52]

ਉਪਮਾ ਆਲੰਕਾਰ :

"ਵਾ ਵਾ ਰੰਗ ਮਾਈਏ ਦਾ
ਮੱਖਣ ਤੇ ਸੰਧੂਰ ਰੰਗ ਮ੍ਹਾਈਏ ਦਾ, ਸ਼ਾਵਾ ਰੰਗ ਮ੍ਹਾਈਏ ਦਾ[53]

ਸਪੱਸ਼ਟ ਹੈ ਕਿ ਕਵਿਤਾ ਦੇ ਸੁਹਜ ਵਿਚ ਵਾਧਾ ਕਰਨ ਵਾਲੇ ਸਹਾਇਕ ਤੱਤਾਂ ਰੂਪ ਵਿਚ ਆਲੰਕਾਰਾਂ ਦੀ ਮਹੱਤਤਾ ਪੁਰਾਨਤ ਸਮੇਂ ਤੋਂ ਚੱਲੀ ਆ ਰਹੀ ਹੈ।

## ਬਿੰਬ/ਪ੍ਰਤੀਕ

ਬਿੰਬ ਅਤੇ ਪ੍ਰਤੀਕ ਕਾਵਿ ਦਾ ਮਹੱਤਵਪੂਰਨ ਅੰਗ ਹਨ। ਪੰਜਾਬੀ ਕਾਵਿ ਵਿਚ ਬਿੰਬ ਦੀ ਵਰਤੋਂ ਆਰੰਭ ਤੋਂ ਕੀਤੀ ਜਾਂਦੀ ਹੈ। ਜਦੋਂ ਕੋਈ ਕਿਸੇ ਡੂੰਘੀ ਗੱਲ ਸਮਝ ਨਾ ਆਵੇ ਤਾਂ ਉਸ ਨੂੰ ਸਮਝਾਉਣ ਲਈ ਬਿੰਬਾਂ ਦਾ ਸਹਾਰਾ ਲਿਆ ਜਾਂਦਾ ਹੈ। ਬਿੰਬ ਅਸਲ ਵਿਚ ਸ਼ਬਦਾਂ ਦੁਆਰਾ ਖਿੱਚੀ ਗਈ ਤਸਵੀਰ ਹੈ। ਬਿੰਬ ਨੂੰ ਅੰਗਰੇਜ਼ੀ ਵਿਚ ਇਮੇਜ ਕਹਿੰਦੇ ਹਨ। ਲੋਕ ਗੀਤਾਂ ਵਿਚ ਵੀ ਕਿਸੇ ਡੂੰਘੀ ਗੱਲ ਨੂੰ ਸਮਝਾਉਣ ਲਈ ਆਲੇ ਦੁਆਲੇ ਤੋਂ ਬਿੰਬ ਲਏ ਜਾਂਦੇ ਹਨ।

"ਰਾਵੀ ਦੇ ਕੰਢੇ ਕੰਢੇ ਜਾਂਦਿਆ, ਡੋਲੇ ਨੂੰ ਲਵੀਂ ਵੇ ਲਹਾ
ਵੀਰ ਮੇਰਾ ਪ੍ਰਦੇਸ ਗਿਆ, ਬਾਬਲ ਨੇ ਦਿੱਤੜ੍ਹਾ ਵ੍ਹਿਆ
ਚੌਹਾਂ ਕਹਾਰਾ ਢੋਲੀ ਚੁੱਕ ਲਈਉ, ਰ੍ਹਾ ਵਿਚ ਮਿਲਿਆ ਭਰਾ
ਰਾਵੀ ਦੇ ਕੰਢੇ ਜਾਂਦਿਆ, ਡੋਲੇ ਨੂੰ ਲਵੀਂ ਵੇ ਲਹਾ
ਆ ਵੇ ਵੀਰਾ ਦੋਨੋਂ ਮਿਲ ਲਈਏ, ਵਿਛੜੇ ਭੈਣ ਭਰਾ।" [54]

ਪ੍ਰਤੀਕ ਵੀ ਕਾਵਿ ਦਾ ਬੁਨਿਆਦੀ ਤੱਤ ਹੈ। ਪ੍ਰਤੀਕ ਤੋਂ ਭਾਵ ਕਿਸੇ ਅਪ੍ਰਸਤੁਤ ਵਸਤੂ ਜਾਂ ਵਿਚਾਰ ਨੂੰ ਪ੍ਰਸਤੁਤ ਵਸਤੂ ਜਾਂ ਵਿਚਾਰ ਦੇ ਰੂਪ ਵਿਚ ਪੇਸ਼ ਕਰਨਾ। ਲੋਕ ਗੀਤਾਂ ਵਿਚ ਕਿਸੇ ਭਾਵ ਜਾ ਅਰਥ ਨੂੰ ਪ੍ਰਤੀਕ ਰਾਹੀ ਪੇਸ਼ ਕੀਤਾ ਜਾਂਦਾ ਹੈ। ਲੋਕ ਗੀਤਾਂ ਵਿਚ ਸੱਧਰਾਂ ਭਾਵਨਾਵਾਂ ਨੂੰ ਪ੍ਰਤੀਕ ਦੇ ਰਾਹੀ ਪੇਸ਼ ਕੀਤਾ ਜਾਂਦਾ ਹੈ।

"ਵ੍ਹੇੜੇ ਵਿਚ ਬੈਠੀਆਂ ਕੁੜੀਆਂ ਨੇ
ਕੋਠੇ ਪਰ ਬੈਠੀਆਂ ਚਿੜੀਆਂ ਨੇ
ਏ੍ਹਨਾਂ ਚਿੜੀਆਂ ਘਰੋਂ ਘਰ ਉੱਡ ਜਾਣਾ
ਏ੍ਹਨਾਂ ਚਿੜੀਆਂ ਘਰੋਂ ਘਰ ਤੁਰ ਜਾਣਾ
ਰੋਂਦੇ ਛੱਡ ਜਾਣੇ ਮਾਪੇ ਨੇ ਰੋਂਦੇ ਛੱਡ ਜਾਣੇ ਵੀਰੇ ਨੇਂ"[55]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਲੋਕ ਗੀਤਾਂ ਵਿਚ ਸੁਹਜ ਮਣਾਂ ਮੂੰਹੀ ਭਰਿਆ ਹੋਇਆ । ਸੁਹਜ ਤੋਂ ਬਿਨ੍ਹਾਂ ਲੋਕ ਗੀਤਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।ਪੰਜਾਬੀ ਸਭਿਆਚਾਰ ਦੇ ਹਰ ਪੱਖ ਚਾਹੇ ਖਾਣ ਪੀਣ, ਪਹਿਰਾਵਾ, ਆਚਾਰ ਵਿਵਹਾਰ, ਰੀਤੀ ਰਿਵਾਜ਼ ਆਦਿ ਸੁਹਜ ਤੇ ਬਿਨ੍ਹਾਂ ਸੱਖਣੇ ਨਹੀਂ ਹੋ ਸਕਦੇ।ਪੰਜਾਬੀ ਲੋਕ ਗੀਤਾਂ ਵਿਚ ਸੁਹਜ ਸਿਰਫ਼ ਲੋਕ ਗੀਤਾਂ ਦੇ ਕਾਵਿਕ ਗੁਣਾਂ ਦੇ ਆਧਾਰ ਤੇ ਹੀ ਨਹੀਂ ਮਿਲਦਾ ਸਗੋਂ ਜ਼ਿੰਦਗੀ ਦੇ ਹਰ ਪੱਖ ਵਿਚ ਸੁਹਜ ਪ੍ਰਗਟ ਹੁੰਦਾ ਹੈ।

## ਹਵਾਲੇ ਤੇ ਟਿੱਪਣੀਆਂ:-

1.ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 18 -19

2. ਬਲਵੀਰ ਸਿੰਘ ਪੂਨੀ, ਪੰਜਾਬੀ ਸਭਿਆਚਾਰ ਸਿਧਾਂਤ ਅਤੇ ਵਿਹਾਰ, ਪੰਨਾ 18

3. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ ਭਾਸ਼ਾ ਅਤੇ ਸਭਿਆਚਾਰ, ਪੰਨਾ 19

4. ਬਲਵੀਰ ਸਿੰਘ ਪੂਨੀ, ਪੰਜਾਬੀ ਸਭਿਆਚਾਰ ਸਿਧਾਂਤ ਅਤੇ ਵਿਹਾਰ, ਪੰਨਾ 19

5. ਉਹੀ, ਪੰਨਾ ਉਹੀ

6. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 69

7.ਉਹੀ, ਪੰਨਾ 70

8. ਉਹੀ, ਪੰਨਾ 28

9.ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 60

10. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 101

11. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 121

12. ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 64

13. ਉਹੀ, ਪੰਨਾ 90

14. ਉਹੀ, ਪੰਨਾ ਉਹੀ

15. ਉਹੀ, ਪੰਨਾ 46

16. ਉਹੀ, ਪੰਨਾ 55

17. ਕਰਮਜੀਤ ਸਿੰਘ, ਮਿੱਟੀ ਦੀ ਮਹਿਕ, ਪੰਨਾ 49

18. ਉਹੀ, ਪੰਨਾ 60

19. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਪੰਨਾ 125 -26

20. ਬਲਵੀਰ ਸਿੰਘ ਪੂਨੀ, ਪੰਜਾਬੀ ਸਭਿਆਚਾਰ ਸਿਧਾਂਤ ਅਤੇ ਵਿਹਾਰ, ਪੰਨਾ 72

21. ਕਰਮਜੀਤ ਸਿੰਘ, ਮਿੱਟੀ ਦੀ ਮਹਿਕ, ਪੰਨਾ 101

22. ਉਹੀ, ਪੰਨਾ 109

23. ਉਹੀ, ਪੰਨਾ 176

24. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 100

25. ਕਰਮਜੀਤ ਸਿੰਘ, ਮਿੱਟੀ ਦੀ ਮਹਿਕ, ਪੰਨਾ 61

26. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਪੰਨਾ 130

27. ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 202

28. ਉਹੀ, ਪੰਨਾ 204

29. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 67

30. ਕਰਮਜੀਤ ਸਿੰਘ, ਮਿੱਟੀ ਦੀ ਮਹਿਕ, ਪੰਨਾ 130

31. ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 155

32. ਕਰਮਜੀਤ ਸਿੰਘ, ਮਿੱਟੀ ਦੀ ਮਹਿਕ, ਪੰਨਾ 200

33. ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 160

34. ਕਰਨੈਲ ਚੰਦ, ਪੰਜਾਬੀ ਲੋਕ ਗੀਤਾਂ ਵਿਚ ਦੁਆਬੀ ਸਭਿਆਚਾਰ ਦਾ ਰੁਪਾਂਤਰਣ, ਪੰਨਾ 44

35. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ, ਪੰਨਾ 60

36. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 27

37. ਕਰਮਜੀਤ ਸਿੰਘ, ਮਿੱਟੀ ਦੀ ਮਹਿਕ, ਪੰਨਾ 16

38. ਉਹੀ, ਪੰਨਾ 64

39. ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 54

40. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਪੰਨਾ 122

41. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 89

42. ਕਰਮਜੀਤ ਸਿੰਘ, ਮਿੱਟੀ ਦੀ ਮਹਿਕ, ਪੰਨਾ 19

43. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 28

44. ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 138

45. ਕਰਨੈਲ ਚੰਦ, ਪੰਜਾਬੀ ਲੋਕ ਗੀਤਾਂ ਵਿਚ ਦੁਆਬੀ ਸਭਿਆਚਾਰ ਦਾ ਰੁਪਾਂਤਰਣ, ਪੰਨਾ 13299

46. ਉਹੀ, ਪੰਨਾ 101

47. ਕਰਮਜੀਤ ਸਿੰਘ, ਮਿੱਟੀ ਦੀ ਮਹਿਕ, ਪੰਨਾ 56

48. ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 47

49. ਉਹੀ, ਪੰਨਾ 70

50. ਕਰਨੈਲ ਚੰਦ, ਪੰਜਾਬੀ ਲੋਕ ਗੀਤਾਂ ਵਿਚ ਦੁਆਬੀ ਸਭਿਆਚਾਰ ਦਾ ਰੁਪਾਂਤਰਣ, ਪੰਨਾ 132

51. ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 32

52. ਕਰਨੈਲ ਚੰਦ, ਪੰਜਾਬੀ ਲੋਕ ਗੀਤਾਂ ਵਿਚ ਦੁਆਬੀ ਸਭਿਆਚਾਰ ਦਾ ਰੁਪਾਂਤਰਣ, ਪੰਨਾ 139

53. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 88

54. ਕਰਮਜੀਤ ਸਿੰਘ, ਮਿੱਟੀ ਦੀ ਮਹਿਕ, ਪੰਨਾ 9

55. ਉਹੀ, ਪੰਨਾ 81

## ਅਧਿਆਇ ਪੰਜਵਾਂ

# ਕਰਮਜੀਤ ਸਿੰਘ ਦੇ ਸੰਗ੍ਰਹਿਆਂ ਵਿਚ ਉੱਭਰਦਾ ਸਭਿਆਚਾਰ, ਧਾਰਮਿਕਤਾ ਅਤੇ ਸਮਾਜਿਕਤਾ

ਮਨੁੱਖੀ ਸਮਾਜ ਜਦੋਂ ਤੋਂ ਹੋਂਦ ਵਿਚ ਆਇਆ ਹੈ ਮਨੁੱਖ ਨੇ ਹਮੇਸ਼ਾ ਧਰਮ ਦੀ ਟੇਕ ਲਈ ਹੈ। ਧਰਮ ਮਨੁੱਖ ਨੂੰ ਨੈਤਿਕ ਅਤੇ ਬੌਧਿਕ ਤੌਰ ਤੇ ਚੇਤੰਨ ਕਰਦਾ ਹੈ। ਧਰਮ ਇਕ ਸਭਿਆਚਾਰਕ ਸੰਸਥਾਂ ਹੈ। ਜਿਹੜੀ ਹੋਰ ਬਾਕੀ ਸੰਸਥਾਵਾਂ ਵਾਂਗ ਜੀਵਨ ਵਿਚ ਮਹੱਤਤਾ ਦੀ ਧਾਰਨੀ ਹੈ। ਧਰਮ ਮਨੱਖ ਵਲੋਂ ਇਸ ਦਿਸਦੇ ਸੰਸਾਰ ਵਿਚ ਕਿਸੇ ਅਣਦਿਸਦੀ ਵਸਤੂ ਵਿਚ ਵਿਸ਼ਵਾਸ਼ ਹੈ। ਮਨੁੱਖ ਦੇ ਜਨਮ ਤੋਂ ਹੀ ਧਰਮ ਮਨੱਖ ਦੇ ਨਾਲ ਜੁੜਿਆ ਹੋਇਆ ਹੈ। ਮਨੱਖ ਦਾ ਕੁਦਰਤ ਵਿਚ ਵਿਸ਼ਵਾਸ਼ ਸੀ ਉਹ ਕੁਦਰਤ ਨੂੰ ਕਲਿਆਣਕਾਰੀ ਅਤੇ ਵਿਨਾਸ਼ਕਾਰੀ ਸ਼ਕਤੀਆਂ ਦੇ ਰੂਪ ਵਿਚ ਪੂਜਦਾ ਸੀ। ਕੁਦਰਤ ਵਲੋਂ ਮਨੁੱਖ ਨੂੰ ਹਵਾ, ਪਾਣੀ, ਅੱਗ, ਅਨਾਜ ਅਤੇ ਧੁੱਪ ਮਨੁੱਖੀ ਜੀਵਨ ਲਈ ਕੁਦਰਤ ਦੇ ਕਲਿਆਣਕਾਰੀ ਕਾਰਜ ਸਨ। ਇਹਨਾਂ ਸਭ ਨੂੰ ਮਨੁੱਖ ਦੇਵੀ ਦੇਵਤਿਆਂ ਦੇ ਰੂਪ ਵਿਚ ਵੀ ਪੂਜਦਾ ਸੀ। ਪਰ ਅਚਾਨਕ ਭਿਆਨਕ ਅੱਗ ਦਾ ਲੱਗਣਾ, ਮੋਹਲੇਧਾਰ ਮੀਂਹ, ਹੜ੍ਹ ਆਉਣਾ, ਸੋਕਾ ਪੈ ਜਾਣਾ ਆਦਿ ਨੂੰ ਮਨੁੱਖ ਜਿੰਨ੍ਹ, ਭੂਤ ਅਤੇ ਸ਼ੈਤਾਨੀ ਸ਼ਕਤੀਆਂ ਜਾਂ ਰਾਖਸ਼ਸ ਸਮਝਦਾ ਸੀ ਇਹਨਾਂ ਬੁਰੀਆਂ ਸ਼ਕਤੀਆਂ ਤੋਂ ਆਪਣੀ ਰੱਖਿਆ ਲਈ ਮਨੁੱਖ ਚੰਗੀਆਂ ਸ਼ਕਤੀਆਂ ਦੀ ਆਪਣੀ ਕਲਪਨਾ ਸ਼ਕਤੀ ਦੇ ਆਧਾਰ ਤੇ ਪੂਜਾ ਅਰਚਨਾ ਕਰਦਾ ਸੀ। ਇਹ ਮਨੁੱਖ ਦਾ ਦੇਵੀ ਸ਼ਕਤੀਆਂ ਵਿਚ ਵਿਸ਼ਵਾਸ਼ ਅਤੇ ਬੁਰੀਆਂ ਸ਼ਕਤੀਆਂ ਤੋਂ ਆਪਣੇ ਬਚਾਉ ਲਈ ਕੀਤੀ ਗਈ ਪੂਜਾ ਅਰਚਨਾ ਧਰਮ ਹੀ ਹੈ। ਸਾਡੇ ਸਮਾਜ ਵਿਚ ਬਹੁਤ ਤਰ੍ਹਾਂ ਦੇ ਧਰਮਾਂ ਦੇ ਲੋਕ ਰਹਿੰਦੇ ਹਨ ਜਿਵੇਂ ਹਿੰਦੂ ਧਰਮ, ਸਿੱਖ ਧਰਮ, ਇਸਾਈ ਧਰਮ, ਜੈਨ ਧਰਮ, ਬੋਧੀ ਧਰਮ ਅਤੇ ਮੁਸਲਿਮ ਧਰਮ ਆਦਿ। ਇਹਨਾਂ ਸਭ ਧਰਮਾਂ ਦੀਆ ਆਂਪਣੀਆਂ ਆਪਣੀਆਂ ਰਹੁ ਰੀਤਾਂ ਹੁੰਦੀਆਂ ਹਨ ਅਤੇ ਚਿੰਨ੍ਹ ਹੁੰਦੇ ਹਨ ਜੋ ਇਕ ਧਰਮ ਨੂੰ ਦੂਜੇ ਧਰਮ ਤੋਂ ਵੱਖ ਕਰਦੇ ਹਨ। ਇਹਨਾਂ ਦੇ ਆਪੋ ਧਾਰਮਿਕ ਸਥਾਨ ਵੀ ਹੁੰਦੇ ਹਨ।

### ਅਰਥ ਅਤੇ ਪਰਿਭਾਸ਼ਾਵਾਂ

ਧਰਮ ਮਨੁੱਖ ਨੂੰ ਸਮਾਜ ਵਿਚ ਨੈਤਿਕ ਅਤੇ ਸਦਾਚਾਰਕ ਭਾਵਨਾ ਨਾਲ ਮਿਲ – ਜੁਲ ਕੇ ਰਹਿਣਾ ਸਿਖਾਉਂਦਾ ਹੈ। ਧਰਮ ਹੀ ਹੈ ਜੋ ਮਨੁੱਖ ਨੂੰ ਨਿਰਾਸ਼ਾ ਤੋਂ ਆਸ਼ਾ, ਨੀਵੇ ਤੋਂ ਉੱਚੇ, ਮਾੜੇ ਤੋਂ ਚੰਗੇ ਵੱਲ ਉਤੇਜਿਤ ਕਰਦਾ ਹੈ। **ਗੁਰਬਖ਼ਸ਼ ਸਿੰਘ ਫ਼ਰੈਂਕ ਅਨੁਸਾਰ**, "ਧਰਮ ਪ੍ਰਤਿਮਾਨਕ ਪੱਖ ਕੇਵਲ ਪਰਾ – ਸੰਸਾਰ ਦੀਆਂ ਲੋੜਾਂ, ਪਾਪ ਪੁੰਨ, ਕਰਮ ਦੰਡ, ਦੇ ਦ੍ਰਿਸ਼ਟੀਕੋਣ ਤੋਂ ਹੀ ਅਗਵਾਈ ਨਹੀਂ ਲੈਂਦਾ। ਸਗੋਂ ਇਸ ਦਿਸਦੇ ਸੰਸਾਰ ਵਿਚਲੇ ਜੀਵਨ ਦੀਆਂ ਲੋੜਾਂ ਨੂੰ ਆਪਣੇ ਘੇਰੇ ਵਿਚ ਲੈਂਦਾ ਹੈ ਜਿਵੇਂ ਸਬਰ, ਸੰਤੋਖ, ਸੰਜਮ, ਸੱਚ, ਈਮਾਨਦਾਰੀ, ਹਲੀਮੀ, ਬਰਾਬਰੀ, ਮਾਨਵਤਾ, ਪਿਆਰ ਆਦਿ। ਪਰ ਇਹਨਾਂ ਨੈਤਿਕ ਗੁਣਾਂ ਦੀ ਵਿਆਖਿਆ ਬਿਨ੍ਹਾਂ ਕਿਸੇ ਪਰਾ – ਪ੍ਰਕਿਰਤਕ ਹੋਣ ਦਾ ਹਵਾਲਾ ਦਿੱਤੇ ਦੇ, ਨਿਰੋਲ ਸਮਾਜਕ ਸੰਦਰਭ ਵਿਚ ਕੀਤੀ ਜਾ ਸਕਦੀ ਹੈ। ਇਸ

ਕਰਕੇ ਧਰਮ ਅਤੇ ਨੈਤਿਕਤਾ ਨੂੰ ਸਮਾਨਆਰਥੀ ਨਹੀਂ ਸਮਝਿਆ ਜਾ ਸਕਦਾ। ਕਿਉਂਕਿ ਨੈਤਿਕ ਕਦਰਾਂ ਕੀਮਤਾਂ ਉਹਨਾਂ ਲੋਕਾਂ ਦੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਦਾ ਕਿਸੇ ਦਿਸਦੇ ਸੰਸਾਰ ਜਾਂ ਪਰਾ – ਪ੍ਰਕਿਰਤਕ ਹੋਂਦ ਵਿਚ ਵਿਸ਼ਵਾਸ ਨਹੀਂ ਹੁੰਦਾ।"[1]

**ਪ੍ਰਸਿੱਧ ਮਨੋ ਵਿਗਿਆਨੀ ਸਿੰਗਮੰਡ ਫ਼ਰਾਇਡ**"ਧਰਮ ਨੂੰ ਮਨੁੱਖ ਵਿਚ ਮੌਜੂਦ ਅਪਰਾਧ – ਗ੍ਰੰਥੀ ਦੇ ਤਨਾਉ ਨੂੰ ਘੱਟ ਕਰਨ ਬਾਰੇ 'ਡਿਫੈਂਸ ਮੈਕਨਿਜ਼ਮ' ਦੇ ਰੂਪ ਵਿਚ ਲੈਂਦਾ ਹੈ॥"[2]

**ਮੈਨਲੋਵਿਕਸੀ ਦੇ ਅਨੁਸਾਰ**, "ਧਰਮ ਅਤੇ ਜਾਦੂ ਮਨੁੱਖੀ ਅਨੁਭਵਾਂ ਦੇ ਉਹਨਾਂ ਖੇਤਰਾਂ ਉੱਪਰ ਕਾਬੂ ਹੋਣ ਦੀ ਭਾਵਨਾ ਨੂੰ ਪੱਕਾ ਕਰਦੇ ਹਨ।ਜਿਹੜੇ ਉਸਦੇ ਵਿਹਾਰਕ ਗਿਆਨ ਤੋਂ ਪਰੇ ਹੁੰਦੇ ਹਨ।"[3]

ਪ੍ਰਸਿੱਧ ਮਾਨਵ ਵਿਗਿਆਨੀ ਦੁਰਖੀਮ ਅਨੁਸਾਰ, "ਧਰਮ ਵਿਸ਼ਵਾਸਾਂ ਅਤੇ ਸੰਸਕਾਰਾਂ ਦੀ ਸੰਯੁਕਤ ਪ੍ਰਣਾਲੀ ਹੈ। ਜਿਹੜੀ ਕਿ ਪਵਿੱਤਰ ਵਸਤਾਂ ਨਾਲ ਸਬੰਧ ਰੱਖਦੀ ਹੈ। ਭਾਵ ਉਹ ਵਸਤਾਂ ਜਿਹਨਾਂ ਨੂੰ ਅਪਵਿੱਤਰ ਨਾਲੋਂ ਵੱਖ ਕਰ ਦਿੱਤਾ ਜਾਂਦਾ ਹੈ। ਵਿਸ਼ਵਾਸ ਤੇ ਸੰਸਕਾਰ ਆਪਣੇ ਨਾਲ ਜੁੜੇ ਲੋਕਾਂ ਨੂੰ ਇਕ ਨੈਤਿਕ ਭਾਈਚਾਰੇ ਜਿਸਨੂੰ ਚਰਚ ਆਖਦੇ ਹਨ, ਵਿਚ ਬੰਨ ਦਿੰਦੇ ਹਨ।"[4]

ਦੁਰਖੀਮ ਧਰਮ ਨੂੰ ਪਵਿੱਤਰ ਅਤੇ ਪਾਕ ਸਥਾਨ ਪ੍ਰਦਾਨ ਕਰਦੇ ਹਨ ਜੋ ਮਨੁੱਖ ਨੂੰ ਨੈਤਿਕ ਤੇ ਬੌਧਿਕ ਪੱਧਰ ਤੇ ਸੁਚੇਤ ਕਰਦਾ ਹੈ। ਧਰਮ ਮਨੁੱਖ ਦਾ ਗੈਬੀ ਸ਼ਕਤੀਆਂ ਵਿਚ ਵਿਸ਼ਵਾਸ ਹੈ ਜੋ ਮਨੁੱਖ ਨੂੰ ਕਠਿਨ ਸਮੇਂ ਵੀ ਉਸਾਰੂ ਲੀਹ ਤੇ ਪਾਉਂਦਾ ਹੈ। ਇਸ ਤਰ੍ਹਾਂ ਸ਼ਪੱਸਟ ਹੈ ਕਿ ਧਰਮ ਮਨੁੱਖ ਨਾਲ ਜਨਮ ਜਾਤ ਤੋਂ ਹੀ ਜੁੜਿਆ ਹੋਇਆ । ਮਨੱਖ ਧਰਮ ਤੋਂ ਬਿਨ੍ਹਾਂ ਅਧੂਰਾ ਹੈ। ਧਰਮ ਮਨੁੱਖੀ ਸਮਾਜ ਦੇ ਰੋਮ – ਰੋਮ ਵਿਚ ਵੱਸਿਆ ਹੋਇਆ ਹੈ। ਮਨੁੱਖੀ ਸਮਾਜ ਵਿਚ ਧਰਮ ਉਸਦੇ ਵਿਸ਼ਵਾਸਾਂ, ਮਨੁੱਖ ਦੇ ਜਨਮ ਤੋਂ ਮਰਨ ਤੱਕ ਦੀਆਂ ਕਿਰਿਆਵਾਂ, ਖੌਫ, ਨਾਕਾਰਤਮਕ ਤੋਂ ਸਕਾਰਾਤਮਕ ਸੋਚ, ਅਨੈਤਿਕ ਤੋਂ ਨੈਤਿਕ ਤੱਕ ਦਾ ਸਫ਼ਰ ਧਰਮ ਹੈ। ਧਰਮ ਨੂੰ ਲੋਕ ਧਰਮ ਅਤੇ ਵਸ਼ਿਸ਼ਟ ਧਰਮ ਵਿਚ ਵੰਡਿਆਂ ਜਾਂਦਾ ਹੈ। ਕਈ ਵਾਰ ਇਹਨਾਂ ਨੂੰ ਸਮਾਨ ਹੀ ਸਮਝਿਆਂ ਜਾਂਦਾ ਹੈ। ਪਰ **ਡਾ. ਜਸਵਿੰਦਰ ਸਿੰਘ ਅਨੁਸਾਰ**, "ਧਰਮ ਦੇ ਅੱਗੇ 'ਲੋਕ' ਸ਼ਬਦ ਜੋੜ ਕੇ ਸਭਿਆਚਾਰ ਤੇ ਲੋਕਧਾਰਾ ਵਿਚ ਲੋਕ ਧਰਮ ਦਾ ਸੰਕਲਪ ਘੜਿਆ ਗਿਆ ਹੈ।"[5]

ਲੋਕ ਧਰਮ ਮਨੱਖ ਨੂੰ ਇਸ ਸੰਸਾਰ ਵਿਚ ਵਿਚਰਦੇ ਹੋਏ ਮਨੁੱਖ ਨੂੰ ਸਹਿਣਸ਼ਕਤੀ ਪ੍ਰਦਾਨ ਕਰਦਾ ਹੈ ਅਤੇ ਵਿਸ਼ਸ਼ਿਟ ਧਰਮ ਮਨੁੱਖ ਨੂੰ ਉਸ ਅਣਦਿਸਦੇ ਸੰਸਾਰ ਵਿਚ ਆਪਣੀ ਹੋਂਦ ਲਈ ਮਨੁੱਖ ਨੂੰ ਤਤਪਰ ਕਰਦਾ ਹੈ। **ਕਰਨੈਲ ਸਿੰਘ ਥਿੰਦ ਦੇ ਅਨੁਸਾਰ**, "ਇਸ ਵਿੱਚ ਨਰਕ ਸੁਰਗ ਅਤੇ ਚੌਰਾਸੀ ਲੱਖ ਜੂਨਾਂ ਵਿਚ ਵਿਸ਼ਵਾਸ, ਦੇਵੀ ਦੇਵਤਿਆਂ ਦੀ ਪੂਜਾ, ਸੁਖਣਾ, ਮੰਨਤ, ਚੜ੍ਹਾਵੇ, ਵਰਤ, ਤੀਰਥ – ਯਾਤ੍ਰਾ, ਤੀਰਥ – ਇਸ਼ਨਾਨ, ਸੂਰਜ ਅਤੇ ਚੰਦ – ਗ੍ਰਹਿਣ ਬਾਰੇ ਵਿਸ਼ਵਾਸ, ਪੂਜਾ ਪਾਠ, ਜੰਤਰ ਮੰਤਰ, ਸ਼੍ਰਾਧ, ਸ਼ਗਨ ਅਪਸ਼ਗਨ, ਆਦਿ ਵਿਸ਼ੈ ਆਉਂਦੇ ਹਨ।"[6]ਇਸ ਤਰ੍ਹਾਂ ਲੋਕ ਧਰਮ ਵਿਚ ਮਨੱਖ ਦੇ ਜਨਮ ਤੋਂ ਮਰਨ ਤੱਕ ਤੇ ਮਰਨ ਤੋਂ ਵੀ ਬਾਅਦ ਲੋਕ ਧਰਮ ਆਪਣੀ ਹੋਂ ਦ ਬਣਾਈ ਰੱਖਦਾ ਹੈ।

**ਗੁਲਜ਼ਾਰ ਸਿੰਘ ਕੰਗ ਦੇ ਲੋਕ ਧਰਮ ਦੇ ਸੰਬੰਧ ਵਿਚ ਲਿਖਦਾ ਹੈ ਕਿ**"ਅਸਲ ਵਿਚ ਲੋਕ ਧਰਮ ਇਕ ਅਜਿਹਾ ਸੰਕਲਪ ਹੈ ਕਿ ਜਿਸ ਵਿਚ ਲੋਕ ਜੀਵਨ ਦੀਆਂ ਅਨੇਕਾਂ ਆਪ ਮੁਹਾਰੀਆਂ ਲਹਿਰਾਂ ਦੀ ਝਲਕ ਹੁੰਦੀ ਹੈ। ਡਰ, ਤੌਖਲੇ, ਸ਼ੰਕੇ, ਭੈਅ ਲੋਕ ਧਰਮ ਦੀ ਹੋਂਦ ਨੂੰ ਨਿਧਾਰਿਤ ਕਰਨ ਵਿਚ ਸਹਾਈ ਹੁੰਦੇ ਹਨ।"[7]

ਲੋਕ ਧਰਮ ਇਕ ਖੁੱਲੇ ਵਹਿਣ ਵਾਂਗ ਹੈ। ਜਦ ਕਿ ਵਿਸ਼ਿਸਟ ਧਰਮ ਇਕ ਨਿਯਮਾਵਾਲੀ ਦੇ ਅੰਤਰਗਤ ਆਉਂਦਾ ਹੈ। ਵਿਸ਼ਿਸਟ ਧਰਮ ਦਾ ਕਿਸੇ ਖਾਸ ਆਗੂ ਦੀ ਅਗਵਾਈ ਵਿਚ ਸਥਾਪਿਤ ਹੁੰਦਾ। ਇਸ ਧਰਮ ਦੇ ਆਪਣੇ ਕਾਨੂੰਨ ਹੁੰਦੇ ਹਨ ਆਪਣੇ ਸਿਧਾਂਤ ਹੁੰਦੇ ਹਨ। ਇਸ ਦਾ ਆਪਣਾ ਧਾਰਮਿਕ ਸਥਾਨ ਹੁੰਦਾ ਹੈ। ਹਰ ਵਿਸ਼ਿਸ਼ਟ ਧਰਮ ਦੇ ਆਪਣੇ ਵੱਖਰੇ ਚਿੰਨ੍ਹ ਆਪਣੇ ਧਾਰਮਿਕਮ ਗ੍ਰੰਥ ਅਤੇ ਵਿਧੀ ਵਿਦਾਨ ਹੁੰਦੇ ਹਨ। ਜਿਵੇਂ ਪੰਜਾਬ ਵਿਚ ਸਿੱਖ ਧਰਮ ਦੇ ਅਨੁਆਈ ਗੁਰੂ ਨਾਨਕ ਦੇਵ ਜੀ ਸਨ। ਸਿੱਖ ਧਰਮ ਦਾ ਆਪਣਾ ਧਾਰਮਿਕ ਗ੍ਰੰਥ ਹੈ। ਆਪਣੇ ਧਾਰਮਿਕ ਸਥਾਨ ਹਨ। ਪਰ ਲੋਕ ਧਰਮ ਵਿਸ਼ਿਸ਼ਟ ਧਰਮ ਤੋਂ ਬਿਲਕੁੱਲ ਅਲੱਗ ਹੈ।

**ਬਲਵੀਰ ਸਿੰਘ ਪੂਨੀ ਦੇ ਅਨੁਸਾਰ**, "ਵੱਖੋ – ਵੱਖਰੇ ਵਿਸ਼ਿਸਟ ਧਰਮ ਦੀਆਂ ਪੂਜਾ – ਵਿਧੀਆਂ ਅਤੇ ਕਰਮ – ਕਾਂਡ ਵੱਖੋ ਵੱਖਰੇ ਹੁੰਦੇ ਹਨ। ਕਈ ਵਾਰ ਇਹਨਾਂ ਵਿਚ ਦੂਜੇ ਧਰਮਾਂ ਦੀਆਂ ਪੂਜਾ ਵਿਧੀਆਂ ਅਤੇ ਧਰਮ – ਕਾਡਾਂ ਦਾ ਦੂਜੇ ਧਰਮ ਵੱਲੋਂ ਖੰਡਨ ਵੀ ਕੀਤਾ ਹੁੰਦਾ ਹੈ ਜਿਸ ਨਾਲ ਦੋ ਵਿਸ਼ਿਸ਼ਟ ਧਰਮਾਂ ਵਿਚ ਆਪਸੀ ਵਿਰੋਧ ਵੀ ਉੱਤਪੰਨ ਹੋ ਜਾਂਦਾ ਹੈ ਅਤੇ ਕਈ ਵਾਰੀ ਇਹਨਾਂ ਵੱਲੋਂ ਆਪਣੇ ਧਰਮ ਨੂੰ ਵਧੇਰੈ ਸ਼੍ਰੇਸ਼ਟ ਦੱਸਣ ਦੀ ਰੁਚੀ ਦੋਹਾਂ ਧਰਮਾਂ ਦੇ ਫਿਰਕਿਆਂ ਵਿਚਕਾਰ ਦੰਗੇ ਫਸਾਦ ਵੀ ਕਰਵਾ ਦੇਂਦੀ ਹੈ। ਪਰ ਲੋਕ ਧਰਮ ਦੇ ਸਾਰੇ ਅਨੁਆਈ ਇਕੋ ਜਿਹੀਆਂ ਪੂਜਾ ਵਿਧੀਆਂ ਦੀ ਵਰਤੋਂ ਕਰਦੇ ਹਨ। ਲੋਕ – ਧਰਮ ਵਿਚ ਵੱਖੋ ਵੱਖਰੇ ਦੇਵੀ ਦੇਵਤਿਆਂ ਅਤੇ ਪੀਰਾਂ ਫ਼ਕੀਰਾਂ ਦਾ ਸਮਾਨ ਰੂਪ ਵਿਚ ਸਨਮਾਨ ਕੀਤਾ ਜਾਂਦਾ ਹੈ। ਲੋਕ – ਧਰਮ ਦੇ ਸ਼ਰਧਾਲੂ ਕਈ ਵਾਰ ਬਹੁਤ ਸਾਰੇ ਦੇਵੀ ਦੇਵਤਿਆਂ ਦੀ ਇੱਕਠੀ ਪੂਜਾ ਵੀ ਕਰ ਲੈਂਦੇ ਹਨ। ਜਿਵੇਂ ਇਕ ਪੂਜਾ ਗੀਤ ਵਿਚੋਂ ਇਸਦਾ ਪ੍ਰਮਾਣ ਮਿਲਦਾ ਹੈ:

"ਦੇਵੀ ਦੀ ਮੈਂ ਕਰਾ ਕੜਾਹੀ

ਪੀਰਫ਼ਕੀਰ ਧਿਆਵਾਂ

ਹੈਦਰ ਸ਼ੇਖ਼ ਦਾ ਦੇਵਾ ਬੱਕਰਾ

ਨੰਗੇ ਪੈਰੀ ਜਾਵਾਂ

ਹੰਨੂਮਾਨ ਦੀ ਦੇਵਾਂ ਮਨੀ

ਰਤਾਫ਼ਰਕ ਨਾ ਪਾਵਾ

ਨੀ ਮਾਤਾ ਭਗਵੰਤੀਏ ਮੈਂ ਤੇਰਾ ਹੀ ਜਸ ਗਾਵਾਂ"[8]

ਇਸ ਤਰ੍ਹਾਂ ਲੋਕ ਧਰਮ ਸਾਰੇ ਧਰਮਾਂ ਨੂੰ ਸਮਾਨ ਰੂਪ ਵਿਚ ਲੈ ਕੇ ਚੱਲਦਾ ਹੈ ਪਰ ਵਿਸ਼ਿਸ਼ਟ ਧਰਮ ਕਿਸੇ ਖਾਸ ਧਾਰਮਿਕ ਸੰਸਥਾਂ ਦੀ ਪੈਰਵੀ ਕਰਦਾ ਹੈ। ਵਿਸ਼ਸ਼ਟ ਧਰਮ ਨਾਲੋਂ ਲੋਕ ਧਰਮ ਵਧੇਰੇ ਪ੍ਰਫੁਲਿਤ ਅਤੇ ਕਾਰਗਰ ਸਿੱਧ ਹੁੰਦਾ ਹੈ। ਇਸ ਵਿਚ ਸਾਰੇਧਰਮਾਂ ਨੂੰ ਇਕ ਹੀ ਨਜ਼ਰੀਏ ਨਾਲ ਵੇਖਿਆ ਅਤੇ ਸਤਿਕਾਰਿਆ ਜਾਂਦਾ ਹੈ। ਇਸ ਅਧਿਆਇ ਵਿਚ ਅਸੀਂ ਪੰਜਾਬੀ ਲੋਕ ਗੀਤਾਂ ਵਿਚ ਧਾਰਮਿਕ ਪੱਖ ਦਾ ਅਧਿਐਨ ਕਰਾਂਗੇ। ਭਾਰਤ ਵਿੰਭਨਤਾਵਾਂ ਭਰਿਆ ਦੇਸ ਹੈ। ਭਾਰਤ ਵਿਚ ਵੱਖ – ਵੱਖ ਜਾਤਾਂ ਅਤੇ ਧਰਮਾਂ ਦੇ ਲੋਕ ਰਹਿੰਦੇ ਹਨ। ਪੰਜਾਬੀ ਲੋਕ ਗੀਤਾਂ ਵਿਚ ਸਾਰੇ ਧਰਮਾਂ ਨਾਲ ਸਬੰਧਿਤ ਲੋਕ ਗੀਤਾਂ ਦੀਆਂ ਵੰਨਗੀਆਂ ਮਿਲਦੀਆ ਹਨ। ਪੰਜਾਬ ਵਿਚ ਹਿੰਦੂ ਧਰਮ, ਸਿੱਖ ਧਰਮ, ਮੁਸਲਿਮ ਧਰਮ, ਇਸਾਈ ਧਰਮ ਆਦਿ ਵਿਸ਼ਸਿਟ ਧਰਮ ਹਨ। ਇਹਨਾਂ ਵਿਸ਼ਸ਼ਿਟ ਧਰਮਾਂ ਨਾਲ ਸਬੰਧਿਤ ਵੀ ਪੰਜਾਬੀ ਸਭਿਆਚਾਰ ਵਿਚ ਬਹੁਤ ਸਾਰੇ ਲੋਕ ਗੀਤ ਮਿਲਦੇ ਹਨ। ਜਿਵੇਂ ਸਿੱਖ ਧਰਮ ਧਰਮ ਨਾਲ ਸਬੰਧਿਤ ਲੋਕ ਗੀਤ।

"ਪਿਆਰੇ ਗੁਰੂ ਗੋਬਿੰਦ ਸਿੰਘ ਜੀ ਦੇ

ਦੁਲਾਰੇ ਗੁਰੂ ਗੋਬਿੰਦ ਸਿੰਘ ਜੀ ਦੇ।

ਇਹ ਕਿਸ ਪਾਪੀ ਨੇ ਮਾਰੇ

ਪਿਆਰੇ ਗੁਰੁ ਗੋਬਿੰਦ ਸਿੰਘ ਜੀ ਦੇ।

ਮਾਤਾ ਪੁੱਛਦੀ ਆਣ ਕੇ, ਮਾਤਾ ਪੁੱਛਦੀ ਆਣ ਕੇ,

ਬ੍ਹੈ ਕੇ ਵਿਚ ਦਰਬਾਰੇ, ਪਿਆਰੇ ਗੁਰੂ ਗੋਬਿੰਦ ਸਿੰਘ ਜੀ ਦੇ

ਦੋ ਛੋਟੇ ਵਿਚ ਚਮਕੌਰ ਦੇ, ਦੋ ਛੋਟੇ ਵਿਚ ਚਮਕੌਰ ਦੇ,

ਦੋ ਲੱਖ ਲੱਖ ਨਾਲ ਲੜਾਏ,

ਪਿਆਰੇ ਗੁਰੁ ਗੋਬਿੰਦ ਸਿੰਘ ਜੀ ਦੇ।

ਦੋ ਵੱਡੇ ਵਿਚ ਸਰਹੰਦ, ਦੋ ਵੱਡੇ ਵਿਚ ਸਰਹੰਦ,

ਦੋ ਨ੍ਹੀਆ ਵਿਚ ਚਿਣਾਏ,

ਪਿਆਰੇ ਗੁਰੁ ਗੋਬਿੰਦ ਸਿੰਘ ਜੀ ਦੇ।

ਮਾਤਾ ਪੁੱਛਦੀ ਆਣ ਕੇ, ਮਾਤਾ ਪੁੱਛਦੀ ਆਣ ਕੇ,

ਬ੍ਹੈ ਕੇ ਵਿਚ ਦਰਬਾਰੇ,

ਪਿਆਰੇ ਗੁਰੂ ਗੋਬਿੰਦ ਸਿੰਘ ਜੀ ਦੇ

ਸਤਿਗੁਰੂ ਮੁੱਖ ਸੇ ਬੋਲਤੇ, ਸਤਿਗੁਰੂ ਮੁੱਖ ਸੇ ਬੋਲਤੇ,

ਕ੍ਰੈ ਕੇ ਨਾਲ ਇਸ਼ਾਰੇ,

ਪਿਆਰੇ ਗੁਰੂ ਗੋਬਿੰਦ ਸਿੰਘ ਜੀ ਦੇ

ਦੁਲਾਰੇ ਗੁਰੂ ਗੋਬਿੰਦ ਸਿੰਘ ਜੀ ਦੇ।[9]

ਜਾਂ

"ਧੰਨ ਧੰਨ ਗੋਬਿੰਦ ਸਿੰਘ ਦੀ ਮਾਈ

ਜਿਨ ਗੋਬਿੰਦ ਲਟਕਾ ਜਾਇਆ , ਮੇਰੇ ਜੀ ਰਾਮਾਂ

ਧੰਨ ਧੰਨ ਗੋਬਿੰਦ ਦਾ ਬਾਬਾ

ਜਿਨ ਗੋਬਿੰਦ ਦਾ ਨਾਮ ਰਖਾਇਆ, ਮੇਰੇ ਜੀ ਰਾਮਾਂ"[10]

ਪੰਜਾਬੀ ਲੋਕ ਆਪਣੀ ਅਣਖ ਅਤੇ ਬਹਾਦਰੀ ਕਾਰਨ ਬਹੁਤ ਮਸ਼ਹੂਰ ਹਨ। ਇਹ ਸਾਹਸ ਅਤੇ ਬਹਾਦਰੀ ਪੰਜਾਬੀਆਂ ਨੂੰ ਆਪਣੀ ਵਿਰਾਸਤ ਵਿਚੋਂ ਹੀ ਆਪਣੇ ਗੁਰੂ ਸਾਹਿਬਾਨਾਂ ਦੁਆਰਾ ਕੀਤੀਆਂ ਦਿੱਤੀਆ ਗਈਆਂ ਕੁਰਬਾਨੀਆਂ ਤੇ ਸ਼ਹਾਦਤਾਂ ਤੋਂ ਮਿਲੀ ਹੈ। ਕੁਰਬਾਨੀ ਤੇ ਬਹਾਦਰੀ ਦੇ ਮੁਜੱਸਮੇ ਗੁਰੁ ਅਰਜਨ ਦੇਵ ਜੀ ਬਾਰੇ ਪੰਜਾਬੀ ਲੋਕ ਗੀਤ ਮਿਲਦੇ ਹਨ। ਜਿਸ ਵਿਚਗੁਰੂ ਜੀ ਦੇ ਸਿਦਕ ਅਤੇ ਗੂਰੁ ਦੇ ਭਾਣੇ ਵਿਚ ਰਹਿ ਕੇ ਆਪਣੇ ਧਰਮ ਦੀ ਰੱਖਿਆ ਦੀਆਂ ਮਿਸਾਲਾਂ ਮਿਲਦੀਆਂ ਹਨ।

"ਤੱਤੀਆਂ ਤਵੀਆਂ ਤੇ ਬੈਠੇ ਗੁਰੁ ਅਰਜਨ ਦੇਵ ਜੀ...

ਹੇਠਾਂ ਅੱਗ ਵ੍ਰਦੀ, ਮਾਰੋ ਮਾਰ ਕਰਦੀ...

ਮੇਰੇ ਅੰਦਰੋਂ ਜਿੰਦੜੀ ਢਹੀ ਜਾਂਦੀ...

ਜੇ ਮੈਂ ਜਾਣਦੀ ਮਾਇਆ ਨੇ ਖੁਰ ਜਾਣਾ ਸੀ...

ਤਾਂ ਮੈਂ ਮੂਲ ਨੂੰ ਵਿਆਜ ਕ੍ਰਾਨੂੰ ਲਾਮਦੀ ਸੀ...

ਜੇ ਮੈਂ ਜਾਣਦੀ ਤੋਤੇ ਨੇ ਉੱਡ ਜਾਣਾ ਸੀ....

ਤਾਂ ਮੈਂ ਪਿੰਜਰਾ ਕਾਸ ਨੂੰ ਬਣਾਮਦੀ ਸੀ....

ਜੇ ਮੈਂ ਜਾਣਦੀ ਸੁਈਆਂ ਨੇ ਵਿਛੜ ਜਾਣਾਂ ਸੀ...

ਤਾਂ ਮੈਂ ਏਵਡੜਾ ਪਿਆਰ ਕ੍ਹਾਨੂੰ ਪਾਮਦੀ ਸੀ..."[11]

ਪੰਜਾਬੀ ਸਭਿਆਚਾਰ ਵਿਚ ਮੁਸਲਿਮ ਧਰਮ ਦਾ ਵੀ ਬਾਕੀ ਧਰਮਾਂ ਵਾਂਗ ਸਤਿਕਾਰ ਕੀਤਾ ਜਾਂਦਾ ਹੈ। ਪੰਜਾਬ ਦੇ ਗੈਰ ਮੁਸਲਿਮ ਲੋਕ ਵੀ ਪੀਰਾਂ ਦੀ ਮੰਨਤਾਂ ਕਰਦੇ ਹਨ ਜਿਵੇਂ ਲੱਖ ਦਾਤਾ ਪੀਰ ਜੀ, ਖਵਾਜ਼ਾ ਪੀਰ, ਪੰਜ ਪੀਰ ਆਦਿ।

"ਹੱਥ ਮੇਰੇ ਵਿਚ ਛੱਲੀ, ਨੀਂ ਮੈਂ ਪੀਰ ਮਨਾਵਣ ਚੱਲੀ ਨੀਂ

ਜੀ ਕੋਈ ਦੇਸ ਪੀਰਾਂ ਦੇ

ਦੇਸ ਪੀਰਾਂ ਦੇ ਰੌਂਦੇ ਰਮ ਰੁਈਏ।

ਹੱਥ ਮੇਰੇ ਖਰਬੂਜਾ ਨੀਂ ਮੈਂ ਪੀਰ ਮਨਾਉਣਾ ਦੂਜਾ ਨੀਂ

ਜੀ ਕੋਈ ਦੇਸ ਪੀਰਾਂ ਦੇ

ਦੇਸ ਪੀਰਾਂ ਦੇ ਰੌਂਦੇ ਰਮ ਰੁਈਏ।

ਹਥ ਮੇਰੇ ਵਿਚ ਠੂਠੀ ਨੀਂ, ਕੋਈ ਪੀਰ ਸੱਚਾ ਮੈਂ ਝੂਠੀ ਨੀਂ

ਕੋਈ ਦੇਸ ਪੀਰਾਂ ਦੇ

ਦੇਸ ਪੀਰਾਂ ਦੇ ਰੌਂਦੇ ਰਮ ਰੁਈਏ।"[12]

ਜਾਂ

"ਚਿੱਟੀਆਂ ਪੂਣੀਆਂ ਤੰਦ ਲੈਣ ਹੁਲਾਰੇ

ਬਾਬੇ ਤਪੀਏ ਦੇ ਅੱਜ ਹੋਣ ਨਿਤਾਰੇ

ਕੱਤ ਕੱਤ ਪੂਣੀਆਂ ਮੈਂ ਖੇਸ ਬਣਾਮਾਂ

ਆਉਂਦੇ ਬਾਬੇ ਦੇ ਮੈਂ ਹੇਠ ਵਛਾਮਾਂ

ਚਿੱਟੀਆਂ ਪੂਣੀਆਂ ਤੰਦ ਲੈਣ ਹੁਲਾਰੇ

ਪੰਜਾਂ ਪੀਰਾਂ ਦੇ ਅੱਜ ਹੋਣ ਨਿਤਾਰੇ

ਕੱਤ ਕੱਤ ਪੂਣੀਆਂ ਮੈਂ ਖੇਸ ਬਣਾਮਾਂ

ਆਉਂਦਿਆਂ ਪੀਰਾਂ ਦੇ ਮੈਂ ਹੇਠ ਵਛਾਮਾਂ।"[13]

ਲੋਕ ਧਰਮ ਅਜਿਹਾ ਸੰਕਲਪ ਹੈ ਜੋ ਲੋਕਧਾਰਾ ਦਾ ਵਿਸ਼ੇਸ਼ ਤੱਤ ਮੰਨਿਆ ਜਾਂਦਾ ਹੈ। ਕਿਸੇ ਅਣਦਿਸਦੀ ਚੀਜ਼ ਨੂੰ ਚਿੱਤਰ ਲੈਣਾ ਅਤੇ ਵਾਸਤਵਿਕ ਰੂਪ ਵਿਚ ਪਰਵਾਨ ਕਰਨਾ ਮਨੱਖ ਦੀ ਬਿਰਧੀ ਹੈ। ਇਸੇ ਬਿਰਧੀ ਵਿਚੋਂ ਹੀ ਲੋਕ ਧਰਮ ਦਾ ਜਨਮ ਹੁੰਦਾ ਹੈ। ਲੋਕ ਧਰਮ ਵਿਚ ਮਨੁੱਖ ਦੇ ਅਧੀਨ ਮਨੁੱਖੀ ਜੀਵਨ ਨਾਲ ਸਬੰਧਿਤ ਅਨੇਕਾਂ ਰੀਤੀ ਰਿਵਾਜ਼, ਲੋਕ ਵਿਸ਼ਵਾਸ, ਅੰਧ ਵਿਸ਼ਵਾਸ ਆਉਂਦੇ ਹਨ। ਲੋਕ ਧਰਮ ਦਾ ਖੇਤਰ ਬਹੁਤ ਸ਼ਿਾਲ ਹੈ ਅਤੇ ਇਸ ਵਿਚ ਪਰਿਵਤਨ ਆਉਂਦੇ ਰਹਿੰਦੇ ਹਨ। ਲੋਕ ਧਰਮ ਲੋਕਾਂ ਦੇ ਦਿਲਾਂ ਵਿਚ ਵੱਸਿਆ ਹੋਇਆ ਹੈ ਤੇ ਮਨੁੱਖੀ ਜੀਵਨ ਦੇ ਹਰ ਪੜਾਅ ਵਿਚ ਕਿਰਿਆਸ਼ੀਲ ਹੈ। ਲੋਕ ਧਰਮ ਨੂੰ **ਬਲਵੀਰ ਸਿੰਘ ਪੂਨੀ ਨੇ ਦੋ ਪੱਖਾਂ ਵਿਚ ਵੰਡਿਆਂ ਹੈ।**

ੳ. "ਵਹਿਮ ਭਰਮ ਅਤੇ ਲੋਕ – ਵਿਸ਼ਵਾਸ

ਅ. ਜਾਦੂ- ਟੂਣਾ"[14]

## ਵਹਿਮ ਭਰਮ ਅਤੇ ਲੋਕ ਵਿਸ਼ਵਾਸ

ਵਹਿਮ ਭਰਮ ਅਤੇ ਲੋਕ ਵਿਸ਼ਵਾਸ ਦਾ ਆਧਾਰ ਡਰ ਹੈ। ਜਦੋਂ ਮਨੁੱਖ ਵੱਖ – ਵੱਖ ਕੁਦਰਤੀ ਸ਼ਕਤੀਆਂ ਤੋਂ ਡਰਦਾ ਸੀ ਤਾਂ ਉਸਨੇ ਆਪਣੀ ਮਾਨਸਿਕ ਸਥਿਤੀ ਨੂੰ ਵੱਸ ਵਿਚ ਕਰਨ ਲਈ ਅਨੇਕਾਂ ਪੂਜਾ ਵਿਧੀਆਂ ਅਪਣਾਉਣੀਆਂ ਅਰੰਭ ਕਰ ਦਿੱਤੀਆ। ਜਿਹੜੀਆਂ ਹੌਲੀ – ਹੌਲੀ ਵਹਿਮ ਭਰਮ ਬਣ ਗਈਆਂ।ਵਹਿਮ ਭਰਮ ਲੋਕ ਧਰਮ ਦੀ ਆਧਾਰਸ਼ਿਲਾ ਬਣਦੇ ਹਨ। ਕਿਉਂਕਿ ਲੋਕ ਧਰਮ ਦੀ ਸਥਾਪਨਾ ਦਾ ਆਧਾਰ ਹੀ ਮਨੁੱਖ ਦਾ ਡਰ ਹੈ। ਵਹਿਮ ਭਰਮ ਅਤੇ ਲੋਕ ਵਿਸ਼ਵਾਸ ਰਲਦੇ ਮਿਲਦੇ ਸੰਕਲਪ ਹਨ। ਵਹਿਮ ਭਰਮ ਦੀ ਉੱਤਪਤੀ ਸਬੰਧੀ **ਵਣਜਾਰਾ ਬੇਦੀ ਲਿਖਦੇ ਹਨ** : "ਮਨੁੱਖ ਪ੍ਰਕਿਰਤੀ ਦੇ ਪ੍ਰਭਾਵ ਨੂੰ ਸਮਝਣੋਂ ਅਸਮਰੱਥ ਹੋਣ ਕਰਕੇ ਡਰਿਆ ਤੇ ਸਹਿਮਿਆ ਰਹਿੰਦਾ ਸੀ, ਜਦੋਂ ਉਹ ਹਰ ਜੜ੍ਹ ਵਸਤੂ ਵਿਚ ਕਿਸੇ ਭਲੀ ਜਾਂ ਚੰਦਰੀ ਆਤਮਾ ਦੀ ਹੋਂਦ ਨੂੰ ਮੰਨਕੇ, ਉਸਦੇ ਚੰਗੇ ਪ੍ਰਭਾਵ ਨੂੰ ਗ੍ਰਹਿਣ ਕਰਨ ਤੇ ਚੰਦਰੇ ਤੋਂ ਮੁਕਤ ਹੋਣ ਲਈ ਕਈ ਰੀਤਾਂ ਤੇ ਟੂਣੇ ਕੀਤਾ ਕਰਦਾ ਸੀ ਤੇ ਹਰ ਘਟਨਾ ਕਿਸੇ ਗੈਬੀ ਸ਼ਕਤੀ ਕਰਕੇ ਵਾਪਰਦੀ ਹੈ, ਦਾ ਵਿਸ਼ਵਾਸ ਰੱਖਦਾ ਸੀ ਤਾਂ ਅਨੇਕਾਂ ਵਹਿਮਾਂ ਭਰਮਾਂ ਦਾ ਜਨਮ ਹੋਇਆ।"[15]ਵਹਿਮ ਭਰਮ ਅਤੇ ਲੋਕ ਵਿਸ਼ਵਾਸ ਵਿਚ ਅੰਤਰ ਨਿਖੇੜਾ ਕਰਨਾ ਅਸੰਭਵ ਹੈ।

**ਗੁਰਮੀਤ ਸਿੰਘ ਨੇ ਕੇ. ਡੀ. ਹੈਂਡ ਹਵਾਲੇ ਨਾਲ ਇਹਨਾਂ ਦਾ ਅੰਤਰ ਨਿਖੇੜ ਕਰਦੇ ਹੋਏ ਲਿਖਿਆ ਹੈ ਕਿ**, "ਜਿੱਥੇ ਵਹਿਮ ਭਰਮ ਅਵਿਗਿਆਨਕ ਅਤੇ ਅਤਾਤਰਿਕ ਅਧਾਰਾਂ ਉਪਰ ਓਸਰੇ ਹੋਏ ਹਨ ਉਥੇ ਲੋਕ ਵਿਸ਼ਵਾਸ ਜ਼ਰੂਰੀ ਨਹੀਂ ਕਿ ਹਮੇਸ਼ਾ ਗ਼ਲਤ ਅਤੇ ਅਵਗਿਆਨਕ ਨਿਰਣੈ ਤੇ ਹੀ ਅਧਾਰਿਤ ਹੋਣ। ਲੋਕ – ਵਿਸ਼ਵਾਸਾਂ ਦਾ ਆਧਾਰ ਪੂਰਨ ਜਾਂ ਅੰਸ਼ਿਕ ਰੂਪ ਵਿਚ ਤੱਥ ਵੀ ਹੋ ਸਕਦਾ ਹੈ।"[16]

ਸਮੁੱਚੇ ਰੂਪ ਵਿਚ ਲੋਕ ਵਿਸ਼ਵਾਸ ਅਤੇ ਵਹਿਮ ਭਰਮ ਸਾਡੀ ਜ਼ਿੰਦਗੀ ਦਾ ਅਟੱਟ ਅੰਗ ਬਣ ਚੁੱਕੇ ਹਨ। ਜੇਕਰ ਕੋਈ ਕੰਮ ਤੇ ਜਾਣ ਸਮੇਂ ਕੋਈ ਖ਼ਾਲੀ ਚੀਜ਼ ਲੈ ਕੇ ਮਿਲ ਜਾਵੇ ਤਾਂ ਇਸ ਨੂੰ ਚੰਗਾ ਨਹੀਂ ਸਮਝਿਆਂ ਜਾਂਦਾ। ਇਹ ਸਭ ਘਟਨਾਵਾਂ ਵਹਿਮ ਭਰਮ ਹਨ ਪਰ ਹੌਲੀ – ਹੌਲੀ ਇਹ ਵਿਸ਼ਵਾਸ ਬਣ ਜਾਂਦੀਆ ਹਨ।

**ਡਾ. ਨਵਰਤਨ ਕਪੂਰ ਅਨੁਸਾਰ**, "ਵਹਿਮਾਂ ਦੀ ਸਥਿਤੀ ਮਿੱਟੀ ਦੇ ਉਸ ਬਾਵੇ ਵਾਂਗ ਹੁੰਦੀ ਹੈ ਜਿਸ ਦੇ ਬੋਲਣ ਦੀ ਆਦਤ ਬਾਂਝ ਔਰਤ ਨੂੰ ਹੁੰਦੀ ਹੈ। ਆਸ ਟੁੱਟ ਜਾਵੇ ਤਾਂ ਉਸ ਦੀ ਨਿਰਾਸ਼ਾ ਦਾ ਪਾਰਾਵਾਰ ਨਹੀਂ ਰਹਿੰਦਾ। ਦੂਜੇ ਪਾਸੇ ਲੋਕ – ਵਿਸ਼ਵਾਸਾਂ ਦੀ ਤੁਲਨਾ ਉਸ ਬੀਜ ਨਾਲ ਕੀਤੀ ਜਾ ਸਕਦੀ ਹੈ ਜਿਹੜਾ ਉਸੇ ਮਿੱਟੀ ਵਿਚ ਪਿਆ ਹੁੰਦਾ ਹੈ, ਜਿਸ ਦੀ ਮਦਦ ਨਾਲ ਲੋਕ ਚੇਤਨਾ ਨੇ ਬਾਵੇ ਦੀ ਮੂਰਤ ਘੜੀ ਹੁੰਦੀ ਹੈ ਪਰ ਇਹ ਬੀਜ ਆਪਣੀ ਹੋਂਦ ਦਾ ਇਹਸਾਸ ਹੌਲੀ – ਹੌਲੀ ਕਰਵਾਉਂਦਾ ਹੈ।"[17]

ਪੰਜਾਬੀ ਸਭਿਆਚਾਰ ਵਿਚ ਵੱਖੋ ਵੱਖਰੇ ਲੋਕ ਵਿਸ਼ਵਾਸ ਤੇ ਵਹਿਮ ਭਰਮ ਮਿਲਦੇ ਹਨ। **ਡਾ. ਕਰਨੈਲ ਸਿੰਘ ਦੇ ਅਨੁਸਾਰ,** "ਇਹਨਾਂ ਲੋਕ ਵਿਸ਼ਵਾਸਾਂ ਨੂੰ ਮੋਟੇ ਤੌਰ ਤੇ ਅਸੀਂ ਹੇਠ ਲਿਖੇ ਵਿਸ਼ਿਆਂ ਅਨੁਸਾਰ ਵੰਡ ਸਕਦੇ ਹਾਂ:

1. ਜਨਮ, ਵਿਆਹ ਅਤੇ ਮੌਤ ਨਾਲ ਸੰਬੰਧਿਤ ਲੋਕ ਵਿਸ਼ਵਾਸ
2. ਯਾਤਰਾ ਸੰਬੰਧੀ ਲੋਕ ਵਿਸ਼ਵਾਸ
3. ਪਸ਼ੂ ਪੰਛੀਆਂ ਸੰਬੰਧੀ ਲੋਕ ਵਿਸ਼ਵਾਸ
4. ਦਿਸ਼ਾ ਸੰਬੰਧੀ ਲੋਕ ਵਿਸ਼ਵਾਸ
5. ਚੰਦ ਸੂਰਜ ਅਤੇ ਤਾਰਿਆਂ ਸੰਬੰਧੀ ਲੋਕ ਵਿਸ਼ਵਾਸ
6. ਸਰੀਰਕ ਅੰਗਾਂ ਸੰਬੰਧੀ ਲੋਕ ਵਿਸ਼ਵਾਸ
7. ਬਨਸਪਤੀ ਸੰਬੰਧੀ ਲੋਕ ਵਿਸ਼ਵਾਸ
8. ਖਾਨ – ਪਾਨ ਅਤੇ ਪਹਿਰਾਵੇ ਸੰਬੰਧੀ ਲੋਕ ਵਿਸ਼ਵਾਸ
9. ਰੂਹਾਂ ਅਤੇ ਬਦਰੂਹਾਂ ਸੰਬੰਧੀ ਲੋਕ ਵਿਸ਼ਵਾਸ
10. ਨਜ਼ਰ ਲੱਗਣ ਸੰਬੰਧੀ ਲੋਕ ਵਿਸ਼ਵਾਸ
11. ਦੇਵੀ – ਦੇਵਤਿਆਂ ਤੇ ਪਿੱਤਰਾਂ ਸੰਬੰਧੀ ਲੋਕ ਵਿਸ਼ਵਾਸ
12. ਚਿਕਿਸਤਾ ਸੰਬੰਧੀ ਲੋਕ ਵਿਸ਼ਵਾਸ
13. ਸਮੇਂ, ਦਿਨ, ਤਿੱਥਾਂ ਅਤੇ ਮਹੀਨਿਆਂ ਸੰਬੰਧੀ ਲੋਕ ਵਿਸ਼ਵਾਸ
14. ਫੁਟਕਲ ਲੋਕ ਵਿਸ਼ਵਾਸ"[18]

ਪੰਜਾਬੀ ਸਭਿਆਚਾਰ ਵਿਚ ਲੋਕ ਵਿਸ਼ਵਾਸ ਨਾਲ ਸੰਬੰਧਿਤ ਵੀ ਬਹੁਤ ਸਾਰੇ ਲੋਕ ਗੀਤਾਂ ਮਿਲਦੇ ਹਨ। ਪੰਜਾਬੀ ਸਭਿਆਚਾਰ ਵਿਚ ਆਮ ਦੇਖਣ ਨੂੰ ਮਿਲਦਾ ਹੈ ਕਿ ਜੇ ਕਿਸੇ ਔਰਤ ਦੇ ਘਰ ਬੱਚਾ ਨਹੀਂ ਹੁੰਦਾ ਤਾਂ ਉਹ ਸਿਆਣਿਆਂ ਜਾਂ ਸਾਧੂ ਸੰਤਾਂ ਕੋਲ ਜਾ ਕੇ ਤਵੀਤ ਧਾਗੇ, ਮੰਤਰਾਂ ਦਾ ਸਹਾਰਾ ਲੈਂਦੇ ਹੈ। ਇੱਥੋਂ ਤੱਕ ਕੇ ਪੁੱਤਰ ਪ੍ਰਾਪਤੀ ਲਈ ਉਹ ਮੜੀਆਂ ਮਸਾਣਾਂ ਵਿਚ ਜਾ ਕੇ ਇਸ਼ਨਾਨ ਵੀ ਕਰਦੀ ਹੈ ਅਤੇ ਬਲੀਆਂ ਵੀ ਦੇਣ ਲਈ

ਤਿਆਰ ਰਹਿੰਦੀ ਹੈ। ਬੇਔਲਾਦ ਔਰਤ ਅੰਧ ਵਿਸ਼ਵਾਸ ਦੀ ਸ਼ਿਕਾਰ ਹੋ ਕੇ ਪੇੜ ਪੌਦਿਆਂ ਦੀ ਪੂਜਾ ਕਰਦੀ ਵੀ ਨਗ਼ਰ ਆਉਂਦੀ ਹੈ ਇਹ ਪੰਜਾਬੀ ਲੋਕ ਗੀਤਾਂ ਵਿਚ ਆਮ ਸੁਨਣ ਨੂੰ ਮਿਲਦਾ ਹੈ।

"ਬੱਲੇ – ਬੱਲੇ ਵੀ ਬੁੱਢੀ ਹੋਈ ਪੁੱਤ ਮੰਗਦੀ
ਨੀਂ ਤੂੰ ਪਾ ਪਾ ਪਿੱਪਲ ਨੂੰ ਜੱਫੀਆਂ।
ਨੀਂ ਬੁੱਢੀ ਹੋਈ ਪੁੱਤ ਮੰਗਦੀ॥ "[19]

ਕਈ ਲੋਕ ਵਿਸ਼ਵਾਸ ਅਤੇ ਵਹਿਮ ਭਰਮਾਂ ਜਨਵਰਾਂ / ਪੰਛੀਆਂ ਬਾਰੇ ਮਿਲਦੇ ਹਨ ਜਿਵੇਂ ਕਾਲੇ ਰੰਗ ਦੀ ਗਾਂ ਨੂੰ ਘਰ ਵਿਚ ਨਹੀਂ ਰੱਖਿਆ ਜਾਂਦਾ। ਇਹ ਬ੍ਰਾਹਮਣ ਨੂੰ ਦਾਣ ਕਰ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ ਹੀ ਮੱਝ ਦੇ ਚਾਰੇ ਖੁਰੇ ਚਿੱਟੇ ਹੋਵੇ ਤੇ ਮੱਥੇ ਵਿਚ ਚਟਾਕ ਹੋਵੇ ਉਸ ਨੂੰ ਕਰਮਾਂ ਵਾਲੀ ਸਮਝਿਆਂ ਜਾਂਦਾ ਹੈ। ਜੇਕਰ ਕਿਲੇ ਤੇ ਬੰਨੀ ਮੱਝ ਝੂਲਦੀ ਹੋਵੇ ਤਾਂ ਉਸਨੂੰ ਵੇਚ ਦਿੱਤਾ ਜਾਂਦਾ ਹੈ ਕਿਉਂਕਿ ਉਸ ਪਸ਼ੂ ਦਾ ਕਿਲੇ ਨਾਲ ਵੈਰ ਹੁੰਦਾ ਹੈ। ਇਹ ਵੀ ਸਮਝਿਆ ਜਾਂਦਾ ਹੈ ਕਿ ਸੱਪ ਨੂੰ ਮਾਰਨ ਤੋਂ ਬਾਅਦ ਮੁੱਖ ਦਰਵਾਜ਼ੇ ਰਾਹੀ ਉਸ ਨੂੰ ਬਾਹਰ ਨਹੀਂ ਸੁੱਟਣਾ ਚਾਹੀਦਾ ਨਹੀਂ ਤਾਂ ਸੱਪ ਦੀ ਆਤਮਾ ਘਰ ਦੇ ਮੈਂਬਰਾਂ ਨੂੰ ਦੁੱਖੀ ਕਰਦੀ ਹੈ।ਸੱਪ ਦੇ ਡੰਗ ਤੋਂ ਬਚਣ ਲਈ ਗੁੱਗੇ ਦੀ ਪੂਜਾ ਕੀਤੀ ਜਾਂਦੀ ਹੈ। ਗੁੱਗੇ ਪੀਰ ਦੀ ਪੂਜਾ ਸਾਡੇ ਪੰਜਾਬੀ ਸਭਿਆਚਾਰ ਵਿਚ ਬਹੁਤ ਪ੍ਰਚਲਿੱਤ ਹੈ। ਇਸ ਨਾਲ ਸੰਬੰਧਿਤ ਕਈ ਲੋਕ ਗੀਤ ਮਿਲਦੇ ਹਨ। ਗੁੱਗੇ ਦੀ ਪੂਜਾ ਸੱਪ ਕੋਲੋਂ ਬਚਾਉ ਲਈ ਕਰਦੇ ਹਨ।ਇਸ ਤੋਂ ਬਿਨ੍ਹਾਂ ਪੰਛੀਆਂ ਬਾਰੇ ਵੀ ਅਨੇਕਾਂ ਵਿਸ਼ਵਾਸ ਕੀਤੇ ਜਾਂਦੇ ਹਨ। ਜਿਵੇਂ ਉੱਲੂ ਬੋਲਣ ਤਾਂ ਉਜਾੜੇ ਦੀ ਨਿਸ਼ਾਨੀ ਸਮਝਿਆਂ ਜਾਂਦਾ ਹੈ। ਜੇ ਕਿਤੇ ਬਨੇਰੇ ਉੱਤੇ ਕਾਂ ਬੋਲੇ ਤਾਂ ਕਿਸੇ ਪ੍ਰਹੁਣੇ ਦੀ ਘਰ ਵਿਚ ਆਮਦ ਹੁੰਦੀ ਹੈ ਵਿਚਾਰ ਕੀਤਾ ਜਾਂਦਾ ਹੈ। ਪੰਜਾਬੀ ਸਭਿਆਚਾਰ ਵਿਚ ਸਹੁਰੇ ਘਰ ਬੈਠੀ ਭੈਣ ਆਪਣੇ ਭਰਾ ਦੀ ਉਡੀਕ ਕਾਂ ਉਡਾਕੇ ਕਰ ਰਹੀਂ ਨਜ਼ਰ ਆਉਂਦੀ ਹੈ।

"ਆਉਂਸੀਆਂ ਪਾਵਦੀ ਵੀਰਾ ਕਾਂਗ ਉਡਾਂਵਦੀ
ਕਿਤੇ ਅਉਂਦਾ ਨੀਂ ਕੁੜੀਉ, ਭੈਣਾਂ ਦਾ ਵੀਰ ਵੇ"[20]
ਜਾਂ
"ਉੱਡ ਵੇ ਬਨੇਰੇ ਦਿਆਂ ਕਾਮਾ, ਮਾਹੀ ਜਾਂਦੇ ਦਾ ਟੁੱਟ ਜਾਵੇ ਨਾਮਾ
ਘਰ ਆਵੇ ਤਾਂ ਸ਼ਗਨ ਮਨਾਮਾਂ, ਓ ਸੱਜਣਾਂ ਦੇ ਮਿਲਣੇ ਨੂੰ
ਸਰਮਾਂਦੀਆਂ ਬਾਂਕੀਆਂ ਅੱਖੀਆਂ ਹੋ, ਸੱਜਣਾ ਦੇ ਮਿਲਣੇ ਨੂੰ। "[21]

## ਨਜ਼ਰ ਸੰਬੰਧੀ ਵਹਿਮ ਭਰਮ/ ਵਿਸ਼ਵਾਸ

ਪੰਜਾਬੀ ਲੋਕ ਗੀਤਾਂ ਵਿਚ ਸੰਬੰਧਿਤ ਵੀ ਬਹੁਤ ਸਾਰੇ ਵਹਿਮ ਭਰਮ ਮਿਲਦੇ ਹਨ। **ਬਲਵੀਰ ਸਿੰਘ ਪੂਨੀ ਦੇ ਅਨੁਸਾਰ,** "ਜੇ ਮਾੜੀ ਨਜ਼ਰ ਪੱਥਰ ਤੇ ਵੀ ਪੈ ਜਾਵੇ ਤਾਂ ਪੱਥਰ ਪਾਟ ਜਾਂਦਾ ਹੈ। "[22]

ਜੇ ਬੱਚੇ ਨੂੰ ਬੁਰੀ ਨਜ਼ਰ ਲੱਗ ਜਾਵੇ ਬੱਚੇ ਨੂੰ ਨਜ਼ਰ ਤੋਂ ਬਚਾਉਣ ਲਈ ਬੱਚੇ ਤੋਂ ਮਿਰਚਾਂ ਵਾਰ ਕੇ ਅੱਗ ਵਿੱਚ ਪਾ ਦਿੱਤੀਆਂ ਜਾਂਦੀਆ ਹਨ। ਹੁਣ ਤਾਂ ਲੋਕ ਪੱਤੀ ਵੀ ਵਾਰਨ ਲੱਗ ਪਏ ਹਨ ਕਈ ਥਾਵਾਂ ਤੇ ਸਰ੍ਹੋਂ ਦੇ ਤੇਲ ਵਿਚ ਰੂੰ ਦੀ ਬੱਤੀ ਨੂੰ ਭਿਓਂ ਕੇ ਬੱਚੇ ਦੇ ਸਿਰ ਉੱਪਰੋਂ ਵਾਰ ਕੇ ਗਰਮ ਤਵੇ ਤੇ ਸਾੜੀ ਜਾਂਦੀ ਹੈ। ਨਜ਼ਰ ਤੋਂ ਬਚਾ ਲਈ

ਕਾਲਾ ਟਿੱਕਾ ਵੀ ਬੱਚੇ ਦੇ ਲਗਾਇਆਂ ਜਾਂਦਾ ਹੈ। ਲੋਕ ਆਪਣੇ ਘਰ ਬਾਰ ਨੂੰ ਨਜ਼ਰ ਤੋਂ ਬਚਾਉਣ ਲਈ ਘਰ ਦੇ ਮੂਹਰੇ ਬਾਰ ਤੇ ਮਿਰਚਾਂ ਅਤੇ ਨਿੰਬੂ ਬੰਨ੍ਹਦੇ ਹਨ ਜਾਂ ਕਾਲੀ ਤੌੜੀ ਵੀ ਛੱਤ ਉੱਪਰ ਰੱਖੀ ਜਾਂਦੀ ਹੈ। ਪੰਜਾਬੀ ਲੋਕ ਗੀਤਾਂ ਵਿਚ ਇਸ ਬਾਰੇ ਚਰਚਾ ਆਮ ਹੀ ਮਿਲਦੀ ਹੈ।

"ਨ੍ਹਾ ਧੋਅ ਕੇ ਮੁੰਡਾ ਢਾਹੇ ਉੱਤੇ ਬ੍ਹੈ ਗਿਆ
ਆ ਗਈ ਢੇਰਾ ਪਾ ਗਈ ਵੇ
ਤੈਨੂੰ ਨਜ਼ਰ ਰੰਨਾਂ ਦੀ ਖਾ ਗਈ ਵੇ
ਤੈਨੂੰ ਨਜ਼ਰ ਰੰਨਾਂ ਦੀ ਖਾ ਗਈ ਵੇ।"[23]

## ਸਰੀਰਕ ਅੰਗਾਂ ਸੰਬੰਧੀ

ਸਰੀਰ ਦੇ ਅੰਗਾਂ ਸੰਬੰਧੀ ਵੀ ਵਹਿਮ ਭਰਮਾਂ ਮਿਲਦੇ ਹਨ। ਜੇ ਜੀਭ ਫੜਕੇ ਤਾਂ ਲੜਾਈ ਜਾਂ ਝਗੜੇ ਦੀ ਸੰਭਾਵਨਾ ਸਮਝੀ ਜਾਂਦੀ ਹੈ। ਪੈਰ ਫੜਕੇ ਤਾਂ ਯਾਤਰਾ ਹੋਵੇਗੀ। ਜੇ ਸੱਜੇ ਹੱਥ ਵਿਚ ਖਾਰਿਜ਼ ਹੋਵੇ ਤਾਂ ਪੈਸੇ ਮਿਲ ਸਕਦੇ ਹਨ। ਉੱਪਰਲੇ ਬੁੱਲ੍ਹ ਦਾ ਫੜਕਣਾ ਪ੍ਰੇਮੀਜਨ ਮਿਲਾਪ, ਜੇ ਹੱਥ ਫੜਕੇ ਤਾਂ ਕਿਸੇ ਦੋਸਤ ਤੋਂ ਵਿਛੋੜਾ ਹੋਣ ਦਾ ਵਿਸ਼ਵਾਸ ਕੀਤਾ ਜਾਂਦਾ ਹੈ। ਸਾਡੇ ਪੰਜਾਬੀ ਲੋਕ ਗੀਤਾਂ ਵਿਚ ਵੀ ਭੈਣ ਆਪਣੇ ਸਹੁਰੇ ਘਰ ਆਪਣੇ ਮੋਡਾ ਫੜਕਣ ਤੇ ਆਪਣੇ ਭਰਾ ਦੇ ਆਉਣ ਦਾ ਵਿਸ਼ਵਾਸ ਕਰਦੀ ਹੈ।

"ਚਰਖਾ ਕੱਤਦੀ ਦਾ ਮੋਢਾ ਨੀ ਫੁਰਿਆ
ਮੈਂ ਕੀ ਓ ਜਾਣਾ ਵੀਰਾ ਮਾਂ ਕੋਲੋਂ ਤੁਰਿਆ
ਮਾਏ ਨੀ ਵੀਰਾ ਆ ਗਿਆ ਈ ਵਡੜੇ ਸਵੇਰੇ।"[24]

ਇਸ ਤੋਂ ਇਲਾਵਾਂ ਦਿਨਾਂ ਸੰਬੰਧੀ ਬਹੁਤ ਲੋਕ ਵਿਸ਼ਵਾਸ ਕੀਤੇ ਜਾਂਦੇ ਹਨ ਕਿ ਮੰਗਲਵਾਰ ਤੇ ਵੀਰਵਾਰ ਵਾਲੇ ਦਿਨ ਕੇਸ ਨਹੀਂ ਧੋਣੇ, ਵੀਰਵਾਰ ਲੰਮੇ ਸਫ਼ਰ ਤੇ ਨਹੀਂ ਜਾਣਾ, ਸੋਮਵਾਰ ਮੰਜੀ ਨਹੀਂ ਬੁਣਨੀ, ਮੰਗਲਵਾਰ ਵਾਲੇ ਦਿਨ ਘਰ ਦੀ ਨੀਂਹ ਰੱਖਣੀ ਚੰਗੀ ਸਮਝੀ ਜਾਂਦੀ ਹੈ। ਵੀਰਵਾਰ ਵਾਲੇ ਦਿਨ ਭੈਣਾਂ ਆਪਣੇ ਭਰਾਵਾਂ ਤੋਂ ਵੱਖ ਨਹੀਂ ਹੁੰਦੀਆਂ। ਸ਼ੁੱਕਰਵਾਰ ਨੂੰ ਚੰਗਾ ਦਿਨ ਸਮਝਿਆਂ ਜਾਂਦਾ ਹੈ ਅਤੇ ਸ਼ਨੀਵਾਰ ਨੂੰ ਭਾਰਾ ਦਿਨ।ਸਮੱਚੇ ਰੂਪ ਵਿਚ ਹਫ਼ਤੇ ਦਾ ਕੋਈ ਵੀ ਦਿਨ ਅਜਿਹਾ ਨਹੀਂ ਹੈ ਜਿਸ ਦਿਨ ਕੋਈ ਵਹਿਮ ਭਰਮ ਪ੍ਰਚਲਿੱਤ ਨਾ ਹੋਣ। ਭੂਤ ਪ੍ਰੇਤਾਂ ਨਾਲ ਵੀ ਕਈ ਵਹਿਮ ਭਰਮ ਪ੍ਰਚਲਿੱਤ ਹਨ। ਜੇਕਰ ਕੋਈ ਵਿਅਕਤੀ ਅਚਾਨਕ ਕਿਸੇ ਘਟਨਾ ਵੱਸ ਮਾਰਿਆ ਜਾਂਦਾ ਹੈ ਤਾਂ ਇਸ ਵੀ ਭੂਤ ਬਣਿਆਂ ਸਮਝਿਆਂ ਜਾਂਦਾ ਹੈ।ਜੇ ਬੱਚੇ ਦੇ ਜਨਮ ਸਮੇਂ ਇਸਤਰੀ ਮਰ ਜਾਵੇ ਤਾਂ ਉਹ ਚੁੜੈਲ ਬਣਦੀ ਹੈ। ਸਲੇਡੇ ਦੀ ਰੂਹ ਬਾਰੇ ਮੰਨਿਆਂ ਜਾਂਦਾ ਹੈ ਕਿ ਉਹ ਮਰੇ ਕੁਆਰੇ ਲੜਕੇ ਦੀ ਰੂਹ ਹੁੰਦੀ ਹੈ। ਸਾਡੇ ਲੋਕ ਗੀਤ ਸਿੱਠਣੀ ਵਿਚ ਇਸਦੀ ਉਦਾਹਣ ਪੇਸ਼ ਕੀਤੀ ਗਈ ਹੈ।

"ਸਾਡੀ ਰਾਮ ਜਿੰਦਨੂੰ ਚੁੜੇਲ ਚੰਬੜੀ
ਸਾਡੀ ਰਾਮ ਪੂਣੀ
ਬਿੱਲੀਆਂ ਦੇ ਗੂੰਅ ਦੀ ਧੁਖਾਉਂ ਧੂਣੀ।"[25]

ਸਾਡੇ ਰੋਜ਼ਾਨਾਂ ਜੀਵਨ ਵਿਚ ਹੋਰ ਵੀ ਬਹੁਤ ਸਾਰੇ ਵਹਿਮ ਭਰਮ ਮਿਲਦੇ ਹਨ ਜਿਵੇਂ ਸੁਪਨਿਆਂ ਨਾਲ ਸੰਬੰਧਿਤ ਵਹਿਮ ਭਰਮ। ਸੁਪਨਿਆ ਨਾਲ ਵੀ ਅਨੇਕਾਂ ਲੋਕ ਵਿਸ਼ਵਾਸ ਪ੍ਰਚਲਿੱਤ ਹਨ। ਮਨੁੱਖ ਸੁਪਨਿਆਂ ਨੂੰ ਭਵਿੱਖ ਦੇ ਸੂਚਕ ਵਜੋਂ ਸਵੀਕਾਰ ਕਰਦਾ ਹੈ। ਸੁਪਨੇ ਵਿਚ ਜੇ ਸ਼ੇਰ, ਬਘਿਆੜ ਜਾਂ ਸੱਪ ਮਿਲੇ ਤਾਂ ਚੰਗਾ ਸਮਝਿਆਂ ਜਾਂਦਾ ਹੈ। ਜੇਕਰ ਪਾਣੀ ਮਿਲੇ ਤਾਂ ਖਵਾਜੇ ਪੀਰ ਦੀ ਰਹਿਮਤ ਸਮਝੀ ਜਾਂਦੀ ਹੈ। ਜੇ ਹਰੇ ਭਰੇ ਰੁੱਖ, ਫੁੱਲ, ਫ਼ਲ, ਬੂਟੇ ਮਿਲਣ ਤਾਂ ਇਸ ਨੂੰ ਸ਼ੁੱਭ ਮੰਨਿਆਂ ਜਾਂਦਾ ਹੈ। ਜੇ ਸਿਰ ਦੇ ਕੱਟੇ ਵਾ ਦਿਖਾਈ ਦੇਣ ਤਾਂ ਇਹ ਕਰਜੇ ਦੀ ਨਿਸ਼ਾਨੀ ਸਮਝੀ ਜਾਂਦੀ ਹੈ। ਖ਼ੂਨ, ਡਿੱਗੇ ਹੋਏ ਰੁੱਖ, ਬਾਲਣ, ਅੱਗ ਜਾਂ ਸੀਵਾ ਮੱਚਦਾ ਦਿਖਾਈ ਜਾਂ ਮੁਰਦਾ ਦਿਖਾਈ ਦੇਵੇਂ ਤਾਂ ਅਪਸ਼ਗਨ ਸਮਝਿਆਂ ਜਾਂਦਾ ਹੈ। ਸਾਡੇ ਪੰਜਾਬੀ ਸਭਿਆਚਾਰ ਵਿਚ ਹੋਰ ਵੀ ਬਹੁਤ ਸਾਰੇ ਲੋਕ ਵਿਸ਼ਵਾਸ ਅਤੇ ਵਹਿਮ ਭਰਮ ਮਿਲਦੇ ਹਨ। ਇਹਨਾਂ ਦਾ ਸਮੁੱਚਾ ਸਰਵੇਖਣ ਕਰਨਾ ਅਸੰਭਵ ਹੈ ਸਾਡੇ ਹਰ ਕੰਮ ਕਾਰ ਵਿਚ ਛੋਟੇ – ਛੋਟੇ ਲੋਕ ਵਿਸ਼ਵਾਸ ਆਮ ਹੀ ਮਿਲਦੇ ਹਨ। ਇਸ ਤਰ੍ਹਾਂ ਹੀ ਨਿੱਛ ਨਾਲ ਸੰਬੰਧਿਤ ਵੀ ਅਨੇਕਾਂ ਵਿਸ਼ਵਾਸ ਪ੍ਰਚਲਿੱਤ ਹਨ ਜੇ ਕੋਈ ਕੰਮ ਤੇ ਜਾ ਰਹੇ ਨੂੰ ਨਿੱਛ ਸੁਣਾਈ ਦੇਵੇ ਤਾਂ ਸਮਝਿਆ ਜਾਂਦਾ ਹੈ ਕਿ ਇਹ ਕੰਮ ਹੁਣ ਸਿਰੇ ਨਹੀਂ ਚੜ੍ਹੇਗਾ।ਜੇ ਰੋਟੀ ਬਣਾਉਣ ਸਮੇਂ ਪਰਾਤ ਵਿਚੋਂ ਪੇੜਾ ਬਾਹਰ ਡਿੱਗ ਜਾਵੇ ਤਾਂ ਪ੍ਰਾਹੁਣੇ ਆਉਣ ਦੀ ਨਿਸ਼ਾਨੀ ਸਮਝੀ ਜਾਂਦੀ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਲੋਕ ਵਿਸ਼ਵਾਸ ਅਤੇ ਵਹਿਮ ਭਰਮ ਸਾਡੇ ਜੀਵਨ ਦਾ ਅਟੁੱਟ ਅੰਗ ਬਣ ਚੁੱਕੇ ਹਨ। ਆਧੁਨਿਕ ਸਮੇਂ ਵਿਚ ਕੁੱਝ ਵਿਸ਼ਵਾਸ ਤਰਕ ਦੇ ਆਧਾਰ ਤੇ ਪਰਖੇ ਜਾਂਦੇ ਹਨ ਪਰ ਫਿਰ ਵੀ ਸਾਡਾ ਕੋਈ ਕੰਮ ਕਾਰ ਅਜਿਹਾ ਨਹੀਂ ਹੈ ਜਿਸ ਵਿਚ ਲੋਕ ਵਿਸ਼ਵਾਸ ਜਾ ਵਹਿਮ ਭਰਮ ਨਾ ਓਤਪੋਤ ਹੋਏ ਹੋਣ।

### ਸਦਾਚਾਰ

ਸਦਾਚਾਰ ਮਨੁੱਖ ਜੀਵਨ ਦਾ ਆਧਾਰ ਹੈ। ਸਦਾਚਾਰ ਮਨੁੱਖ ਨੂੰ ਸਮਾਜ ਵਿਚ ਵਿਚਰਣ ਦੀ ਜੀਵਨ ਜਾਂਚ ਸਿਖਾਉਂਦਾ ਹੈ। "ਸਦਾਚਾਰ ਸ਼ਬਦ ਪੰਜਾਬੀ ਭਾਸ਼ਾ ਦੇ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ, ਜਿਵੇਂ: ਸਦ+ਆਚਾਰ=ਸਦਾਚਾਰ। ਇਸ ਵਿਚਲੇ ਸਦ ਸ਼ਬਦ ਦਾ ਅਰਥ ਹੈ ਚੰਗਾ, ਓਚਿਤ ਤੇ ਹਮੇਸ਼ਾ ਕਰਨਯੋਗ। ਆਚਾਰ ਸ਼ਬਦ ਤੋਂ ਭਾਵ ਵਿਵਹਾਰ, ਚਰਿੱਤਰ, ਚਾਲ ਚਲਣ, ਆਚਰਣ ਤੇ ਤਹਿਬੀਜ਼ ਆਦਿ ਲਿਆ ਜਾਂਦਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ – ਅੰਗ੍ਰੇਜ਼ੀ ਸ਼ਬਦ ਕੋਸ਼ ਵਿਚ ਇਸ ਸ਼ਬਦ ਦੇ ਅਰਥ ਹਨ Good breeding, Manners, Character ਤੇ Vitruous conduct ਆਦਿ ਦਿੱਤੇ ਗਏ ਹਨ।"[26]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸਦਾਚਾਰ ਅਜਿਹਾ ਵਿਵਹਾਰ ਹੈ ਜੋ ਮਨੁੱਖੀ ਸਖ਼ਸੀਅਤ ਦੇ ਨਿਰਮਾਣਵਿਚ ਨੈਤਿਕ ਪੱਖੋਂ ਸੁਚਾਰੂ, ਸੁਚੱਜੀ, ਸਮਾਜਿਕ ਅਨਕੂਲਿਤ ਚੇਤੰਨਤਾ ਤੇ ਬੌਧਿਕਤਾ ਦੀ ਹਾਮੀ ਭਰਦਾ ਹੈ।

ਧਰਮ ਮਨੁੱਖੀ ਸਮਾਜਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ ਇਹ ਮਨੁੱਖ ਨੂੰ ਹਮੇਸ਼ਾ ਓੱਚਤਾ ਦਾ ਧਾਰਨੀ ਬਣਨ ਦੀ ਪ੍ਰੇਰਨਾ ਬਖਸ਼ਦਾ ਰਿਹਾ ਹੈ। ਧਰਮ ਦਾ ਅਸਲ ਮੰਤਵ ਹੀ ਮਨੁੱਖੀ ਸਮਾਜ ਵਿਚ ਚੱਲ ਰਹੀਆਂ ਸਮਾਜਿਕ ਕੁਰੀਤੀਆ ਜਿਵੇਂ ਜਾਤ ਪਾਤ, ਛੂਆ ਛੂਤ, ਭੇਦ ਭਾਵ ਖਤਮ ਕਰਕੇ ਇਕ ਉਸਾਰੂ ਸਮਾਜ ਦੀ ਲੀਹ ਤੋਰਨਾ ਸੀ। ਇਸ ਸੰਬੰਧ ਵਿਚ ਸਿੱਖ ਧਰਮ ਦੀ ਉਦਾਹਰਣ ਲੰਗਰ ਪ੍ਰਥਾ ਚਲਾ ਕੇ ਜਾਤ ਪਾਤ ਦਾ ਭੇਤ ਮਿਟਾਉਣ ਵੱਲ

ਇਕ ਉਸਾਰੂ ਕਾਰਜ ਸੀ।ਪਰ ਸਾਡੇ ਕੁੱਝ ਫਿਰਕੂ ਲੀਡਰਾਂ ਅਤੇ ਲਾਲਚੀ ਲੋਕਾਂ ਕਰਕੇ ਕਾਫੀ ਹੱਦ ਤੱਕ ਵਿਗਾੜ ਪੈਦਾ ਹੋ ਰਹੇ ਹਨ।

## ਨੀਤੀ ਅਤੇ ਕਦਰਾਂ-ਕੀਮਤਾਂ

ਨੀਤੀ ਤੋਂ ਭਾਵ ਹੈ ਕੋਈ ਜੁਗਤ ਜਾਂ ਤਰਕੀਬ ਜੋ ਮਨੁੱਖ ਨੂੰ ਕਿਸੇ ਬੁਰੇ ਵਕਤ ਜਾਂ ਕਠਿਨ ਸਥਿਤੀ ਵਿਚ ਬਣਾਈ ਗਈ ਹੋਵੇ। ਜੋ ਮਨੁੱਖ ਦਾ ਅਜਿਹੀ ਸਥਿਤੀ ਵਿਚ ਮਾਰਗ ਦਰਸ਼ਕ ਕਰੇ। "ਨੀਤੀ ਸ਼ਬਦ ਸੰਸਕ੍ਰਿਤ ਭਾਸ਼ਾ ਦੇ 'ਨੀ' ਧਾਤੂ ਤੋਂ ਬਣਿਆ ਹੈ ਜਿਸਦਾ ਅਰਥ ਹੈ ਪ੍ਰਾਪਤ ਕਰਵਾਉਣਾ, ਅੱਗੇ ਲੈ ਜਾਣਾ, ਅਗਵਾਈ ਕਰਨਾ ਤੇ ਸਥਿਰ ਕਰਨਾ ਆਦਿ। ਇਸ ਤਰ੍ਹਾਂ ਨੀਤੀ ਸ਼ਬਦ ਦਾ ਸਾਧਾਰਣ ਅਰਥ ਹੈ ਮਨੁੱਖੀ ਵਿਵਹਾਰ ਦਾ ਉੱਚਿਤ ਤੇ ਨਿਆਸੰਗਤ ਹੋਣਾ। ਧਰਮ ਸ਼ਬਦ ਦੀ ਤਰ੍ਹਾਂ 'ਨੀਤੀ' ਸ਼ਬਦ ਦਾ ਅਰਥ ਵੀ ਵਿਆਪਕ ਮੰਨਿਆ ਜਾਂਦਾ ਹੈ। ਵਰਤਮਾਨ ਸਮੇਂ ਵਿਚ ਨੀਤੀ ਸ਼ਬਦ ਦੀ ਸਰਲ ਪਰਿਭਾਸ਼ਾ ਇਹ ਹੈ ਕਿ 'ਨੀਤੀ' ਉਹ ਸ਼ਾਸਤਰ (Ethics) ਹੈ, ਜੋ ਸ਼ੁੱਧ - ਅਸ਼ੁੱਧ, ਸੱਚ - ਝੂਠ, ਠੀਕ - ਗਲਤ ਅਤੇ ਸ਼ੁਭ - ਅਸ਼ੁਭ ਦੇ ਆਧਾਰ ਤੇ ਮਨੁੱਖੀ ਚਰਿੱਤਰ ਦੀ ਵਿਵੇਚਨਾ ਕਰਦਾ ਹੈ।"[27]

ਪੰਜਾਬੀ ਸਭਿਆਚਾਰ ਦੀਆਂ ਨੀਤੀ ਕਥਾਵਾਂ ਅਤੇ ਲੋਕ ਗੀਤਾਂ ਵਿਚ ਇਸ ਤੇ ਬਹੁਤ ਚਰਚਾ ਹੋਈ ਹੈ।ਹੁਣ ਅਸੀਂ ਕਦਰਾਂ ਕੀਮਤਾਂ ਦੀ ਗੱਲ ਕਰਾਂਗੇ ਇਹ ਮਨੁੱਖ ਦੇ ਨੂੰ ਨੈਤਿਕ ਅਤੇ ਬੌਧਿਕ ਪੱਧਰ ਤੇ ਉਸਾਰੂ ਸੋਚ ਦਾ ਧਾਰਨੀ ਬਣਾਉਂਦੀਆਂ ਹਨ। ਕਦਰਾਂ ਕੀਮਤਾਂ ਮਨੁੱਖੀ ਵਿਵਹਾਰ ਵਿਚ ਇਕ ਨਿੰਰਤ੍ਰਣ ਦੀ ਭੂਮਿਕਾ ਅਦਾ ਕਰਦੀਆ ਹਨ।

**ਜੀਤ ਸਿੰਘ ਜੋਸ਼ੀ ਦੇ ਅਨੁਸਾਰ**, "ਕੀਮਤਾਂ ਦਾ ਸੰਬੰਧ , ਰਾਜਨੀਤਿਕ, ਆਰਥਿਕ, ਧਾਰਮਿਕ ਅਤੇ ਨੈਤਿਕ ਪੱਖਾਂ ਨਾਲ ਜੁੜਿਆਂ ਹੁੰਦੇ। ਪਰਤੂੰ ਇੱਥੇ ਭਾਵ ਉਹਨਾਂ ਅਸੀਂ ਕੀਮਤਾਂ ਨੂੰ ਸਮਾਜਕ ਮੁੱਲਾਂ ਦੇ ਅਰਥ ਵਿਚ ਪ੍ਰਯੋਗ ਕਰਾਂਗੇ। ਸਮਾਜਕ ਕਦਰਾਂ ਤੋਂ ਭਾਵ ਉਨ੍ਹਾਂ ਸਮਾਜਕ ਮੁੱਲਾਂ ਤੋਂ ਹੈ ਜਿਹੜੇ ਲੋੜਾਂ ਨੂੰ ਪੂਰਾ ਕਰਦੇ ਹਨ ਤੇ ਜਨ ਸਮੂਹ ਵਲੋਂ ਪ੍ਰਵਾਨਗੀ ਪ੍ਰਾਪਤ ਕਰ ਲੈਂਦੇ ਹਨ। ਸਮਾਜਕ ਮੁੱਲ ਹੀ ਵਿਗਿਆਨਕ ਭਾਸ਼ਾਂ ਵਿਚ ਪ੍ਰਤਿਮਾਨ ਸਮਝੇ ਜਾਂਦੇ ਹਨ।"[28]

ਇਸ ਤਰ੍ਹਾਂ ਕਦਰਾਂ ਕੀਮਤਾਂ ਮਨੁੱਖ ਨੂੰ ਸਮਾਜਕ ਪੱਧਰ ਤੇ ਚੇਤੰਨਤਾ ਤੇ ਪਾਬੰਦ ਕਰਦੀਆਂ ਹਨ। ਜੀਤ ਸਿੰਘ ਜੋਸ਼ੀ ਦੇ ਅਨੁਸਾਰ ਕਦਰਾਂ ਕੀਮਤਾਂ ਤੇ ਨੀਤੀ ਨੂੰ ਹੇਠ ਲਿਖੇ ਅਨੁਸਾਰ ਵੰਡਿਆਂ ਹੈ।

ੳ) ਲ਼ੋਕਾਚਾਰ

ਅ) ਸਦਾਚਾਰ

ੲ) ਤਾਬੂ

ਸ) ਕਾਨੂੰਨ"[29]

ਇੱਥੇ ਅਸੀਂ ਕਦਰਾਂ ਕੀਮਤਾਂ ਬਾਰੇ ਜ਼ਿਆਦਾ ਚਰਚਾ ਨਹੀਨ ਕਰ ਪਾਵਾਂਗੇ ਪਰ ਮੋਟੇ ਤੌਰ ਤੇ ਇਹਨਾਂ ਪੱਖਾਂ ਤੇ ਓਪਰੀ ਝਾਤ ਮਾਰ ਸਕਦੇ ਹਾਂ।ਲੋਕਾਚਾਰ ਸਿਰਫ ਲੋਕ ਦਿਖਾਵੇ ਲਈ ਹੀ ਨਿਭਾਏ ਜਾਂਦੇ ਪ੍ਰਤਿਮਾਨ ਹਨ। ਸਦਾਚਾਰ ਉਹ ਵਿਵਹਾਰ ਹੈ ਜੋ ਮਨੁੱਖ ਨੂੰ ਇਕ ਨਿੰਤ੍ਰਯਣ ਵਿਚ ਰਹਿ ਕੇ ਸਮਾਜਕ ਤੇ ਵਿਵਹਾਰ ਪੱਧਰ ਤੇ

ਨੈਤਿਕਤਾ ਦਾ ਧਾਰਨੀ ਬਣਨ ਦੀ ਪ੍ਰੇਰਨਾ ਦਿੰਦਾ ਹੈ। ਇਹਨਾਂ ਨੂੰ ਤੋੜਨਾ ਵਿਅਕਤੀਗਤ ਪੱਧਰ ਤੇ ਵਰਜਿਤ ਹੈ।ਤਾਬੂ ਨੂੰ ਤੋਂ ਭਾਵ ਹੈ ਕਿ ਮਨਾਹੀ। ਮਨੁੱਖ ਸਮਾਜ ਵਿਚ ਜਿਹੜੀ ਚੀਜ਼ ਤੇ ਸਮਾਜਕ ਪੱਧਰ ਤੇ ਰੋਕ ਹੋਵੇ ਉਹ ਤਾਬੂ ਹੈ ਇਸ ਨੂੰ ਟੈਂਬੂ ਵੀ ਕਿਹਾ ਜਾਂਦਾ ਹੈ। ਸਾਡੇ ਸਮਾਜ ਵਿਚ ਹਿੰਦੂ ਨੂੰ ਗਾਂ ਦਾ ਮਾਸ ਖਾਣ ਦੀ ਮਨਾਹੀ ਹੈ ਇਸ ਧਰਮ ਵਿਚ ਗਾਂ ਦੀ ਪੂਜਾ ਕੀਤੀ ਜਾਂਦੀ। ਇਹ ਤਾਬੂ ਹੀ ਹੈ। ਕਾਨੂੰਨ ਸਮਾਜ ਨੂੰ ਕੰਟਰੋਲ ਵਿਚ ਰੱਖਣ ਲਈ ਤੇ ਸ਼ਾਤੀ ਬਣਾਈ ਰੱਖਣ ਲਈ ਕਾਨੂੰਨ ਦੀ ਵਿਵਸਥਾ ਕੀਤੀ ਗਈ ਹੈ। ਕਾਨੂੰਨ ਮਨੁੱਖ ਨੂੰ ਨੈਤਿਕ, ਬੌਧਿਕ, ਸਮਾਜਿਕ, ਰਾਜਨਿਤਕ, ਧਾਰਮਿਕ ਪੱਧਰ ਤੇ ਇਕ ਬੰਦਿਸ਼ ਵਿਚ ਰਹਿੰਦੇ ਹੋਏ ਸਮਾਜ ਵਿਚ ਵਿਚਰਣਾ ਸਿਖਾਉਂਦੇ ਹਨ। ਕਾਨੂੰਨ ਹਰ ਸਮਾਜ ਵਿਚ ਹੁੰਦੇ ਹਨ ਤੇ ਹਰ ਵਿਅਕਤੀ ਦੁਆਰਾ ਕਾਨੂੰਨਾਂ ਦੀ ਪਾਲਣਾ ਕਰਨੀ ਅਵੱਸ਼ਕ ਹੁੰਦੀ ਹੈ। ਇਸਦੀ ਉਲੰਘਣਾ ਕਰਨ ਵਾਲੇ ਨੂੰ ਦੰਢ ਤੇ ਸਜ਼ਾ ਦਿੱਤੀ ਜਾਂਦੀ ਹੈ। ਇੱਥੇ ਹੁਣ ਅਸੀਂ ਪੰਜਾਬੀ ਸਭਿਆਚਾਰ ਵਿਚਲੇ ਲੋਕ ਗੀਤਾਂ ਵਿਚੋਂ ਸਦਾਚਾਰਰਕ ਪੱਖਾਂ ਦਾ ਅਧਿਐਨ ਕਰਾਂਗੇ। ਸਦਾਚਾਰ ਮਨੁੱਖੀ ਸਮਾਜ ਨੂੰ ਮਾੜੇ ਚੰਗੇ ਪ੍ਰਭਾਵਾਂ ਦਾ ਸ਼ਿਕਾਰ ਹੋਣ ਤੋਂ ਬਚਾਉਣ ਲਈ ਤਤਪਰ ਹੈ।ਸਾਡੇ ਸਮਾਜ ਵਿਚ 'ਲੋਕ ਨਾਇਕ ਪੂਰਨ ਭਗਤ, ਸਰਵਣ ਪੁੱਤਰ' ਦੀਆਂ ਲੋਕ ਕਥਾਵਾਂ ਸਾਨੂੰ ਹਮੇਸ਼ਾ ਹੀ ਉੱਤਮ ਸੋਚ ਦਾ ਧਾਰਨੀ ਹੋਣ ਦੀ ਪ੍ਰੇਰਨਾ ਬਖ਼ਸਦੀਆਂ ਹਨ। ਇਹਨਾ ਕਥਾਵਾਂ ਵਿਚਲੇ ਸਦਾਚਾਰਕ ਪੱਖਾਂ ਬਾਰੇ ਲੋਕ ਗੀਤਾਂ ਵਿਚ ਚੰਗੀ ਤਰ੍ਹਾਂ ਦੇਖਦੇ ਹਾਂ।

"ਤੇਰੀ ਖਾਤਰ ਮ੍ਹੈਲ ਪੁਆਨੀਆਂ, ਵੇ ਤੇਰੀ ਖਾਤਰ ਮ੍ਹੈਲ ਪੁਆਨੀਆਂ
ਤੂੰ ਵੱਸਣੇ ਦੇ ਪੱਜ ਆ ਵੇ ਮੇਰਿਆ, ਗੋਰਖ ਨਾਥਾ ਪੂਰਨਾ।
"ਨੀ ਮੈਂ ਤੇਰੀ ਮ੍ਹੈਲੀਂ ਨਾ ਆਮਾ, ਵੇ ਮੈਂ ਤੇਰੀ ਮ੍ਹੈਲੀਂ ਨਾ ਆਮਾ।
ਨੀ ਤੂੰ ਤਾਂ ਲਗਦੀ ਧਰਮ ਦੀ ਮਾਂ ਨੀ ਮੇਰੀਏ ਸੀਤਲ ਮਾਤਾ ਰਾਣੀਏਂ।
"ਮੈਂ ਨਾ ਜੰਮਿਆਂ ਨਾ ਪਾਲ਼ਿਆ, ਵੇ ਮੈਂ ਨਾ ਜੰਮਿਆਂ ਨਾ ਪਾਲ਼ਿਆ।
ਮੈਂ ਕਿਸ ਬਿਧ ਲਗਦੀ ਮਾਂ ਵੇ ਮੇਰਿਆ ਗੋਰਖ ਨਾਥਾ ਪੂਰਨਾ।"
"ਨੀ ਤੂੰ ਬਾਪ ਮੇਰੇ ਦੀ ਇਸਤਰੀ, ਨੀ ਤੂੰ ਬਾਪ ਮੇਰੇ ਦੀ ਇਸਤਰੀ।
ਨੀ ਤੂੰ ਇਸ ਬਿਧ ਲਗਦੀ ਮਾਂ ਨੀ ਮੇਰੀਏ ਸੀਤਲ ਮਾਤਾ ਰਾਣੀਏ।"[30]

ਸਰਵਣ ਪੁੱਤਰ ਵੀ ਸਾਡੇ ਸਮਾਜ ਦਾ ਮਸ਼ਹੂਰ ਪਾਤਰ ਹੈ। ਹਰ ਮਾਂ – ਬਾਪ ਅਤੇ ਭੈਣ ਦੀ ਇਹੋ ਦੁਆਂ ਹੁੰਦੀ ਹੈ ਕਿ ਉਸਨੂੰ ਸਰਵਣ ਵਰਗਾਂ ਪੁੱਤ ਜਾਂ ਭਰਾ ਮਿਲੇ।ਸਰਵਣ ਦੇ ਕਿੱਸੇ ਨੂੰ ਪੰਜਾਬੀ ਲੋਕਗੀਤਾਂ ਵਿਚ ਗਾਇਆ ਗਿਆ ਹੈ।

"ਅੰਧਲੀ ਅੰਧਲੇ ਨੇ ਲਟਕਾ ਜੋ ਜਾਇਆਂ, ਉਹਦਾ ਜੰਮਦੇ ਦਾ ਨਾਂਸਰਬਣਪਾਇਆ।
ਜਦ ਸਰਬਣ ਪੰਜਾਂ ਬਰਸਾਂ ਦਾ ਹੋਇਆ, ਅੰਧੀ ਅੰਧਲੇ ਨੇ ਪੜ੍ਹਨੇ ਜੋ ਪਾਇਆ।
ਜਦ ਸਰਬਣ ਪੜ੍ਹਿਆ ਗੁਣਿਆ, ਅੰਧਲੀ ਅੰਧਲੇ ਨੇ ਕਾਜ ਰਚਾਇਆ।
ਜਦ ਸਰਬਣ ਵ੍ਹਿਆਇਆ ਵਰਿਆ, ਅੰਧਲੀ ਅੰਧਲੇ ਨੇ ਸੁੱਖ ਨਾ ਪਾਇਆ।
ਆ ਨਾਰੀ ਇੱਕ ਗੱਲ ਸੁਣਾਵਾਂ, ਮਾਤਾ ਪਿਤਾ ਦੀ ਕਰ ਲਇਇ ਸੇਵਾ।"

"ਸਾਤੋਂ ਨਈਂ ਹੁੰਦੀ ਤੇਰੇ ਮਾਪਿਆ ਦੀ ਸੇਵਾ, ਸਾਨੂੰ ਮਾਪਿਆਂ ਦੇ ਰਾਹ ਪਾ ਦੇ।"
"ਬ੍ਹੈਂਗੀ ਘੜਦੇ ਨੂੰ ਮਿੱਤਰ ਤਰਖਾਣਾ, ਮਾਤਾ ਪਿਤਾ ਨੂੰ ਗੰਗਾ ਲਿਜਾਣਾ।"[31]
ਜਾਂ
"ਬੱਲੇ ਬੱਲੇ ਬਈ ਸਰਵਣ ਵੀਰ ਬਿਨ੍ਹਾਂ
ਮੇਰੀ ਗਠੜੀ ਵਣਾਂ ਵਿਚ ਰੁਲਦੀ
ਭਈ ਸਰਵਣ ਵੀਰ ਬਿਨਾਂ।"[32]

## ਪੰਜਾਬੀ ਸਮਾਜ ਵਿਚਲੀਆਂ ਰਸਮਾਂ ਨਾਲ ਸੰਬੰਧਿਤ ਲੋਕ ਗੀਤ

ਪੰਜਾਬੀ ਸਭਿਆਚਾਰ ਸ਼ੁਰੂ ਤੋਂ ਰਸਮਾਂ ਰਿਵਾਜਾਂ ਨਾਲ ਮੂੰਹੋਂ ਮੂਹੀਂ ਭਰਿਆ ਪਿਆ ਹੈ। ਪੰਜਾਬ ਦੇ ਹਰ ਕਾਰ ਵਿਆਰ ਵਿਚ ਰਸਮਾਂ ਰਿਵਾਜਾਂ ਸ਼ਮੂਹਲੀਅਤ ਰਹੀ ਹੈ। ਪੰਜਾਬੀ ਸਭਿਆਚਾਰ ਇਹਨਾਂ ਰਸਮਾਂ ਰਿਵਾਜਾਂ ਬਿਨ੍ਹਾਂ ਬਿਲਕੁੱਲ ਸੱਖਣਾ ਤੇ ਬੇ - ਰੰਗ ਹੈ। ਪੰਜਾਬ ਵਿਚ ਹਰ, ਜਾਤੀ ਹਰ ਕਿੱਤੇ ਦੇ ਲੋਕਾਂ ਦੇ ਰਸਮਾਂ ਰਿਵਾਜ਼ ਭਾਵੇ ਅਲੱਗ - ਅਲੱਗ ਹੁੰਦੇ ਹਨ ਪਰ ਕੁੱਝ ਸਾਂਝੇ ਵੀ ਹਨ। ਪੰਜਾਬੀ ਸਭਿਆਚਾਰ ਵਿਚ ਜਨਮ ਤੋਂ ਪਹਿਲਾਂ ਤੇ ਮਰਨ ਤੋਂ ਬਾਅਦ ਵੀ ਰਸਮਾਂ ਰਿਵਾਜ਼ਾ ਦਾ ਸਿਲਸਲਾ ਬਰਕਰਾਰ ਰਹਿੰਦਾ ਹੈ। ਰਸਮਾਂ ਰਿਵਾਜ਼ ਮਨੁੱਖੀ ਸਮਾਜ ਦਾ ਅਨਿੱਖੜਵਾਂ ਅੰਗ ਹਨ। ਪੰਜਾਬ ਵਿਚ ਜਨਮ ਦੇ ਸ਼ੁਰੂ ਤੇ ਮਰਨ ਤੋਂ ਬਾਅਦ ਰਸਮਾਂ ਚੱਲਦੀਆਂ ਰਹਿੰਦੀਆਂ ਹਨ। ਇਹਨਾਂ ਰਸਮਾਂ ਦਾ ਸਾਡੇ ਪੰਜਾਬੀ ਲੋਕ ਗੀਤਾਂ ਵਿਚ ਆਮ ਹੀ ਵਰਣਨ ਮਿਲਦਾ ਹੈ। ਅਸੀਂ ਇੱਥੇ ਪਹਿਲਾਂ ਲੋਕ ਗੀਤਾਂ ਵਿਚ ਬੱਚੇ ਦੇ ਜਨਮ ਨਾਲ ਸੰਬੰਧਿਤ ਰਸਮਾਂ ਬਾਰੇ ਗੱਲ ਕਰਾਂਗੇ।ਜਦੋਂ ਬੱਚੇ ਦਾ ਜਨਮ ਹੁੰਦਾ ਹੈ ਤਾਂ ਬੱਚੇ ਦੇ ਜਨਮ ਦੀ ਖੁਸ਼ੀ ਖਾਸ ਕਰਕੇ ਸਾਡੇ ਸਮਾਜ ਵਿਚ ਲੜਕੇ ਦੇ ਜਨਮ ਤੇ ਵਧਾਈ ਦੇ ਰੂਪ ਵਿਚ ਜਾਂ ਖੁਸ਼ੀ ਪ੍ਰਗਟ ਕਰਨ ਲਈ ਗੀਤ ਗਾਏ ਜਾਂਦੇ ਹਨ। ਇਹਨਾਂ ਨੂੰ ਬ੍ਰਿਆਈਆਂ ਕਿਹਾ ਜਾਂਦਾ ਹੈ।

"ਬਿੱਟਾ ਜਰਮਿਆ ਕਿਨ - ਕਿਨ ਸੁਣਿਆ ਓ ਬਿਟੂ
ਕੌਣ ਕੌਣ ਦੇਵੇ ਵਧਾਈਆਂ
ਅੱਜ ਮੇਰੇ ਬਿਟੂ ਨੇ ਜਰਮ ਲਿਆ
"ਬਿੱਟੂ ਜਰਮਿਆਂ ਬਾਬੇ ਨੇ ਸੁਣਿਆਂ ਓ ਬਿੱਟੂ
ਏ੍ਹਦੀ ਦਾਦੀ ਵੰਡੇ ਵਧਾਈਆਂ।
ਬਿੱਟਾ ਜਰਮਿਆ ਕਿਨ - ਕਿਨ ਸੁਣਿਆ ਓ ਬਿਟੂ
ਕੌਣ ਕੌਣ ਦੇਵੇ ਵਧਾਈਆਂ
ਅੱਜ ਮੇਰੇ ਬਿਟੂ ਨੇ ਜਰਮ ਲਿਆ
"ਬਿੱਟੂ ਜਰਮਿਆਂ ਡੈਡੀ ਨੇ ਸੁਣਿਆਂ ਓ ਬਿੱਟੂ
ਏ੍ਹਦੀ ਮੰਮੀ ਵੰਡੇ ਵਧਾਈਆਂ।"[33]
ਜਾਂ
"ਢੋਲਾ ਅੱਧੀ ਰਾਤੀਂਕੋਈ ਵੱਡੜੇ ਸਵੇਰ

ਮਾਂਡਲ ਕਿਸ ਘਰ ਜੀ ਵੱਜਦੇ?"

"ਗੋਰੀਏ ਵਡੜੇ ਭਾਈ ਜੀ ਦੇ ਘਰ ਜਰਮਿਆਂ ਪੁੱਤ,

ਮਾਂਡਲ ਕਿਸ ਘਰ ਜੀ ਵੱਜਦੇ?"[34]

ਵਿਆਹ ਨਾਲ ਸੰਬੰਧਿਤ ਵੀ ਪੰਜਾਬੀ ਲੋਕ ਗੀਤਾਂ ਵਿਚ ਰਸਮਾਂ ਰਿਵਾਜ਼ਾ ਬਾਰੇ ਆਪ ਮੁਹਾਰੇ ਹੀ ਪਤਾ ਚੱਲ ਜਾਂਦਾ ਹੈ।ਲੜਕੇ ਦੇ ਵਿਆਹ ਤੋਂ ਕੁੱਝ ਦਿਨ ਪਹਿਲਾਂ ਗਾਏ ਜਾਣ ਵਾਲੇ ਲੋਕ ਗੀਤਾਂ ਨੂੰ ਘੋੜੀਆਂ ਕਿਹਾ ਜਾਂਦਾ ਹੈ। ਇਹਨਾਂ ਲੋਕ ਗੀਤਾਂ (ਘੋੜੀਆਂ) ਵਿਚ ਲੜਕੇ ਦੇ ਘਰ, ਪਰਿਵਾਰ ਦੇ ਆਰਥਿਕ ਪੱਖਾਂ ਨੂੰ ਚਿਤਰਿਆਂ ਜਾਂਦਾ ਹੈ।

"ਸ੍ਹੋਣਾ ਸ੍ਹੇਰਾ ਸਤਾਰਾਂ ਲੜੀਆਂ, ਹੀਰੇ ਮੋਤੀਆਂ ਦੇ ਨਾਲ ਜੜਿਆ

ਏ੍ਹ ਕਿਸ ਰਾਣੀ ਬਣਾਇਆਂ ਸ੍ਹੇਰਾ, ਏ ਕਿਸ ਰਾਜੇ ਸਜਾਇਆ ਸ੍ਹੇਰਾ

ਦਾਦੀ ਰਾਣੀਂ ਬਣਾਇਆ ਸ੍ਹੇਰਾ, ਏ੍ਹ ਬਾਬੇ ਰਾਜੇ ਸਜਾਇਆ ਸ੍ਹੇਰਾ

"ਸ੍ਹੋਣਾ ਸ੍ਹੇਰਾ ਸਤਾਰਾਂ ਲੜੀਆਂ, ਹੀਰੇ ਮੋਤੀਆਂ ਦੇ ਨਾਲ ਜੜਿਆ ।"[35]

ਇਹਨਾਂ ਰਸਮਾਂ ਰਿਵਾਜ਼ਾ ਰਾਹੀ ਸਾਨੂੰ ਕਿਸੇ ਵਿਅਕਤੀ ਵਿਸ਼ੇਸ ਦੇ ਸਦਾਚਾਰਕ / ਨੈਤਿਕ ਕਿਰਦਾਰਾਂ ਬਾਰੇ ਜਾਣਕਾਰੀ ਮਿਲਦੀ ਹੈ।

"ਡੱਬੀ ਭਰੀ ਸੰਧੂਰ, ਇਕ ਫੁੱਲ ਤੋਰੀ ਦਾ

ਐਸ ਵੇਲੇ ਜ਼ਰੂਰ, ਮਾਮਾ ਲੋੜੀਦਾ।"[36]

ਇਹ ਲੋਕ ਗੀਤ ਵਿਆਹ ਸਮੇਂ ਮਿਲਣੀ ਦੀ ਰਸਮ ਨਾਲ ਸੰਬੰਧਿਤ ਹੈ ਇਸ ਲੋਕ ਗੀਤ ਰਾਹੀ ਸਾਨੂੰ ਮਾਮੇ ਦੀ ਮਹੱਤਤਾ ਦੀ ਮਹੱਹਤਾ ਬਾਰੇ ਪਤਾ ਚੱਲਦਾ ਹੈ। ਜੇਕਰ ਮਾਮਾ ਇਹਨਾਂ ਰਸਮਾਂ ਵਿਚ ਸ਼ਾਮਿਲ ਹੁੰਦਾ ਹੈ ਤਾਂ ਇਸਤਰੀ ਦੇ ਪੇਕੇ ਕਰ ਨਾਲ ਮੋਹ ਪਿਆਰ ਅਤੇ ਆਪਣੇ ਭਰਾ ਨਾਲ ਗੂੜ ਸਾਂਝ ਉਤਪੰਨ ਹੁੰਦੀ ਹੈ। ਇਹਨਾਂ ਵਿਆਹ ਦੀਆਂ ਰਸਮਾਂ ਵਿਚ ਭਾਬੀ ਵਲੋਂ ਆਪਣੇ ਦਿਉਰ ਦੇ ਘੋੜੀ ਦੇ ਚੜ੍ਹਨ ਤੋਂ ਪਹਿਲਾਂ ਸੁਰਮਾ ਪੁਆਈ ਦੀ ਰਸਮ ਵੀ ਹੁੰਦੀ ਹੈ। ਜੋ ਦਿਉਰ ਭਰਜਾਈ ਦੇ ਝੋਲ ਮੋਲ ਵਾਲੇ ਰਿਸ਼ਤੇ ਨੂੰ ਨਿੱਘ ਪ੍ਰਗਟ ਕਰਦੀ ਹੈ।

"ਪਾ ਦੇ ਭਾਬੀਏ ਸੁਰਮਾ ਰਾਮ ਦੀ ਰੱਤੀ ਦਾ

ਰਾਮ ਦੀ ਰੱਤੀ ਦਾ ਸੁਰਮਾ ਵੀਰੇ ਦੀ ਖੱਟੀ ਦਾ

ਪਾ ਦੇ ਭਾਬੀਏ ਸੁਰਮਾ ਰਾਮ ਦੀ ਰੱਤੀ ਦਾ

ਦੇਵਰ ਦਿੱਤੇ ਪੰਜ ਰੁਪਈਏ, ਦੇਵਰ ਦਿੱਤੇ ਪੰਜ ਰੁਪਈਏ,

ਪੰਜਾਂ ਦੀ ਨਥਣੀਂ ਘੜਾ ਲੈ ਭਾਬੀਏ,

ਪਾ ਦੇ ਭਾਬੀਏ ਸੁਰਮਾ ਰਾਮ ਦੀ ਰੱਤੀ ਦਾ।"[37]

ਵਿਆਹ ਸਮੇਂ ਸਿੱਠਣੀ ਲੋਕ ਗੀਤ ਵੀ ਕਾਫ਼ੀ ਹਰਮਨ ਪਿਆਰਾ ਹੈ। ਇਹ ਇਕ ਵਿਅੰਗਮਈ ਲੋਕ ਗੀਤ ਹੈ। **ਮਹਾਨ ਕੋਸ਼ ਦੇ ਰਚੇਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ**, "ਸਿੱਠਣੀ ਤੋਂ ਭਾਵ ਅਰਥ ਵਿਅੰਗ ਨਾਲ ਕਹੀ ਹੋਈ ਹੈ। ਵਿਆਹ ਸਮੇਂ ਇਸਤਰੀਆਂ ਜੋ ਗਾਲ਼ੀਆਂ ਨਾਲ਼ ਮਲ਼ਾਕੇ ਗਾਉਂਦੀਆਂ ਹਨ, ਉਹਨਾਂ ਦੀ ਸਿੱਠਣੀ

ਸੰਗਯਾ ਹੈ।"[38]ਇਹ ਸਿੱਠਣੀਆਂ ਲੜਕੀ ਪਰਿਵਾਰ ਦੀਆਂ ਇਸਤਰੀਆਂ ਵੱਲੋਂ ਲੜਕੇ ਵਾਲਿਆ ਵੱਲ ਮਿੱਠੀ ਜਿਹੀ ਨੋਕ ਝੋਕ ਹੁੰਦੀ ਹੈ। ਇਸ ਲੋਕ ਗੀਤ ਵਿਚ ਲਾੜਾ, ਲਾੜੇ ਦੇ ਮਾਂ, ਬਾਪ ਅਤੇ ਬਾਰਾਤ ਤੇ ਆਏ ਸਾਰੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਇਸ ਵਿਚ ਮਖੌਲ, ਠੱਠਾ, ਹਾਸਾ, ਮਜ਼ਾਕ ਬਿਲਕੁੱਲ ਖੁਲ੍ਹੇ ਰੂਪ ਵਿਚ ਬਿਨ੍ਹਾਂ ਕਿਸੇ ਗੁੱਸੇ ਗਿਲੇ ਦੇ ਹੁੰਦਾ ਹੈ। ਇਸ ਲੋਕ ਗੀਤ ਵਿਚ ਮੁੱਖ ਤੌਰ ਤੇ ਵਿਆਹ ਵਾਲੇ ਮੁੰਡੇ ਤੇ ਉਸਦੇ ਮਾਂ ਬਾਪ ਵਿੰਨਿਆਂ ਜਾਂਦਾ ਹੈ।

"ਲਾੜਿਆਂ ਪੱਗ ਲਿਆਂਦੀ ਮੰਗ ਕੇ
ਆਪੇ ਹੀ ਲਈ ਰੰਗਾਂ
ਅੜਿਆਂ ਪੱਗ ਵਾਲੇ ਮੰਗਦੇ
ਮਾਂ ਨੂੰ ਗਹਿਣੇ ਪਾ।"[39]

ਇਸ ਬਾਅਦ ਅਸੀਂ ਵਿਆਹ ਨਾਲ ਹੀ ਸੰਬੰਧਿਤ ਲੋਕ ਗੀਤ ਸੁਹਾਗ ਦੀ ਗੱਲ ਕਰਦੇ ਹਾਂ। ਸੁਹਾਗ ਲੜਕੀ ਦੇ ਵਿਆਹ ਤੋਂ ਕੁੱਝ ਦਿਨ ਪਹਿਲਾਂ ਗਾਇਆ ਜਾਣ ਵਾਲਾ ਕਾਵਿ ਰੂਪ ਹੈ। ਇਹਨਾਂ ਲੋਕ ਗੀਤਾਂ ਵਿਚ ਕੁੜੀ ਦੇ ਮਨ ਦੇ ਭਾਵਾਂ, ਚਾਵਾਂ, ਉਮੰਗਾਂ ਨੂੰ ਪੇਸ਼ ਕੀਤਾ ਜਾਂਦਾ ਹੈ। ਸਾਡਾ ਸਮਾਜ ਮਰਦ ਪ੍ਰਧਾਨ ਸਮਾਜ ਹੈ ਇਸੇ ਕਾਰਨ ਕੁੜੀ ਆਪਣੇ ਭਾਵਾਂ ਜਾਂ ਮਨ ਦੀਆਂ ਸੱਧਰਾਂ ਨੂੰ ਸਿੱਧੇ ਰੂਪ ਵਿਚ ਨਹੀਂ ਵਿਅਕਤ ਕਰ ਸਕਦੀ। ਇਹਨਾਂ ਲੋਕ ਗੀਤਾਂ ਰਾਹੀ ਲੜਕੀ ਆਪਣੇ ਬਾਪ ਨੂੰ ਆਰਥਿਕ ਪੱਖੋਂ ਖੁਸ਼ਹਾਲ, ਸੋਹਣਾ, ਸੁਨੱਖਾ ਤੇ ਆਪਣੇ ਖਿਆਲਾਂ ਦਾ ਵਰ ਲੱਭਣ ਦੀ ਇੱਛਾ ਨੂੰ ਵਿਅਕਤ ਕਰਦੀ ਹੈ।

"ਖੂਅ ਤੇ ਨੀਰ ਭਰੇਂਦੀਏ, ਕੋਈ ਮਲ਼ ਮਲ਼ ਅੱਡੀਆਂ ਧੋ।
ਬਾਗੀਂ ਚੰਬਾ ਖਿੜੇ ਪਿਆ ਕੋਈ ਬੈਠੀ ਹਾਰ ਪਰੋ।
ਸੁਣ ਨੀ ਦਾਦੀ ਮੇਰੀਏ, ਮੇਰੇ ਬਾਬੇ ਨੂੰ ਸਮਝਾ।
ਪੋਤੀਆਂ ਹੋਈਆਂ ਲਟਬਾਵਰੀਆ, ਕਿਸੇ ਨੌਕਰ ਦੇ ਗਲ਼ ਲਾ।
ਸੁਣ ਨੀ ਪੋਤੀ ਮੇਰੀਏ ਐਡੇ ਬੋਲ ਨਾ ਬੋਲ।
ਜਿਥੇ ਗੁਜਾਰੇ ਬਾਰਾਂ ਬ੍ਰਰੇ ਉਥੇ ਛੇ ਮਹੀਨੇ ਹੋਰ।"[40]

ਅਸੀਂ ਇਹਨਾ ਲੋਕ ਗੀਤਾਂ ਵਿਚੋਂ ਪੰਜਾਬੀ ਲੋਕਾਂ ਦੇ ਰੀਤੀ ਰਿਵਾਜ਼ ਬਾਰੇ ਬੜੀ ਡੂੰਘਾਈ ਨਾਲ ਜਾਣ ਸਕਦੇ ਹਾਂ।ਕਿਉਂਕਿ ਹਰ ਲੋਕ ਗੀਤ ਕੋਈ ਨਾ ਕੋਈ ਰੀਤੀ ਰਿਵਾਜ਼ ਝਲਕਾਰੇ ਮਾਰਦਾ ਨਜ਼ਰ ਆਉਂਦਾ ਹੈ। ਲੋਕ ਗੀਤ ਮਨੁੱਖੀ ਭਾਵਾਂ ਦੀ ਤਰਜ਼ਮਾਨੀ ਕਰਦੇ ਹਨ। ਲਪਕ ਗੀਤਾਂ ਰਾਹੀ ਹੀ ਸਾਡੇ ਮਰਦ ਪ੍ਰਧਾਨ ਸਮਾਜ ਦੀ ਔਰਤ ਆਪਣੇ ਮਾਨਸਿਕ ਉਦਰੇਵੇਂ, ਸਮਾਜ ਦੀ ਹੀਣੀ ਸੋਚ ਪ੍ਰਤੀ ਆਪਣੇ ਹਾਵ ਭਾਵ ਲੋਕ ਗੀਤਾਂ ਰਾਹੀ ਹੀ ਪੇਸ਼ ਕਰਦੀ ਹੈ। ਇਸ ਤਰ੍ਹਾਂ ਸਪੱਸ਼ਟ ਹੈ ਕਿ ਕਰਮਜੀਤ ਸਿੰਘ ਦੁਆਰਾ ਇੱਕਤਰ ਲੋਕ ਗੀਤਾਂ ਦਾ ਕਾਰਜ ਪ੍ਰਸੰਸ਼ਾ ਦੇ ਯੋਗ ਹੈ। ਇਹਨਾਂ ਲੋਕ ਗੀਤਾਂ ਵਿਚ ਹਰ ਵਿਸ਼ੇ, ਵਰਗ, ਪੱਖ, ਨਿਮਨ ਸ਼੍ਰੇਣੀਆਂ, ਹਰ ਵਰਗ ਦੇ ਲੋਕ ਗੀਤ ਜਿਵੇਂ ਸੁਹਾਗ, ਘੋੜੀਆਂ, ਬਿਆਈਆਂ, ਲੋਕ ਕਥਾਵਾਂ ਨੂੰ ਵਿਅਕਤ ਕੀਤਾ ਗਿਆ ਹੈ। ਪੰਜਾਬੀ

ਸਭਿਆਚਾਰ ਦਾ ਹਰ ਪੱਖ ਚਾਹੇ ਲੋਕ ਧਰਮ, ਸਦਾਚਾਰਕ ਮੁੱਲ਼ ਵਿਧਾਨ, ਭੌਤਿਕ ਪਦਾਰਥਕ, ਸੁਹਜ, ਪੰਜਾਬੀ ਜਨ ਜੀਵਨ ਖੁਲ੍ਹੇ ਰੂਪ ਵਿਚ ਪ੍ਰਗਟ ਹੁੰਦਾ ਹੈ।

## ਹਵਾਲੇ ਤੇ ਟਿੱਪਣੀਆਂ

1. ਗੁਰਬਖ਼ਸ਼ ਸਿੰਘ ਫ਼ਰੈਂਕ, ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਪੰਨਾ 80
2. ਗੁਰਜਤਿ ਸਿੰਘ, ਸਭਿਆਚਾਰ ਦਾ ਫਲਸਫ਼ਾ, ਪੰਨਾ 22
3. ਜੀਤ ਸਿੰਘ ਜੋਸ਼ੀ, ਸਭਿਆਚਾਰ ਸਿਧਾਂਤ ਤੇ ਵਿਹਾਰ, ਪੰਨਾ 38
4. ਕਰਨੈਲ ਚੰਦ, ਪੰਜਾਬੀ ਲੋਕ ਗੀਤਾਂ ਵਿਚ ਦੁਆਬੀ ਸਭਿਆਚਾਰ ਦਾ ਰੁਪਾਂਤਰਣ, ਪੰਨਾ 189
5. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ ਪਛਾਣ:ਚਿੰਨ੍ਹ, ਪੰਨਾ 43
6. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ 163
7. ਕਰਨੈਲ ਚੰਦ, ਪੰਜਾਬੀ ਲੋਕ ਗੀਤਾਂ ਵਿਚ ਦੁਆਬੀ ਸਭਿਆਚਾਰ ਦਾ ਰੁਪਾਂਤਰਣ, ਪੰਨਾ 199
8. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 114 –15
9. ਕਰਮਜੀਤ ਸਿੰਘ, ਮਿੱਟੀ ਦੀ ਮਹਿਕ, ਪੰਨਾ 276
10. ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 218
11. ਕਰਮਜੀਤ ਸਿੰਘ, ਮਿੱਟੀ ਦੀ ਮਹਿਕ, ਪੰਨਾ 22
12. ਉਹੀ, ਪੰਨਾ 268
13. ਉਹੀ, ਪੰਨਾ 269
14. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 23
15. ਉਹੀ, ਪੰਨਾ 117
16. ਉਹੀ, ਪੰਨਾ ਉਹੀ
17. ਅੰਮ੍ਰਿਤਪਾਲ ਕੌਰ ਮੁੱਖ ਸੰਪਾਦਕ, ਖੋਜ ਪ੍ਰਤਿਕਾ, ਪੰਨਾ 522
18. ਕਰਨੈਲ ਚੰਦ, ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 216 – 17
19. ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 174
20. ਕਰਮਜੀਤ ਸਿੰਘ, ਮਿੱਟੀ ਦੀ ਮਹਿਕ, ਪੰਨਾ 16
21. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 69
22. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਦੇ ਮੂਲ ਸਰੋਕਾਰ, ਪੰਨਾ 120
23. ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 192
24. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 29
25. ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 141
26. ਕਰਨੈਲ ਚੰਦ, ਪੰਜਾਬੀ ਲੋਕ ਗੀਤਾਂ ਵਿਚ ਦੁਆਬੀ ਸਭਿਆਚਾਰ ਦਾ ਰੁਪਾਂਤਰਣ, ਪੰਨਾ 193
27. ਉਹੀ, ਪੰਨਾ 194

28. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਪੰਨਾ 94
29. ਉਹੀ, ਪੰਨਾ ਉਹੀ
30. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 73
31. ਉਹੀ, ਪੰਨਾ ਉਹੀ
32. ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 195
33. ਕਰਮਜੀਤ ਸਿੰਘ, ਮਿੱਟੀ ਦੀ ਮਹਿਕ, ਪੰਨਾ 127 - 28
34. ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 210 - 11
35. ਉਹੀ, ਪੰਨਾ 119
36. ਕਰਮਜੀਤ ਸਿੰਘ, ਮਿੱਟੀ ਦੀ ਮਹਿਕ, ਪੰਨਾ 93
37. ਉਹੀ, ਪੰਨਾ 94
38. ਸੁਖਦੇਵ ਸਿੰਘ ਮਾਧਪੁਰੀ, ਪੰਜਾਬੀ ਸਭਿਆਚਾਰ ਦੀ ਆਰਸੀ, ਪੰਨਾ 195
39. ਕਰਮਜੀਤ ਸਿੰਘ, ਮਿੱਟੀ ਦੀ ਮਹਿਕ, ਪੰਨਾ 176
40. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 107
41. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ
42. ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 174
43. ਕਰਮਜੀਤ ਸਿੰਘ, ਮਿੱਟੀ ਦੀ ਮਹਿਕ, ਪੰਨਾ 16 ਡਾ. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 69
44. ਬਲਵੀਰ ਸਿੰਘ ਪੂਨੀ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ, ਪੰਨਾ 120
45. ਕਰਮਜੀਤ ਸਿੰਘ, ਧਰਤ ਦੁਆਬੇ ਦੀ, ਪੰਨਾ 192
46. ਕਰਮਜੀਤ ਸਿੰਘ, ਦੇਸ ਦੁਆਬਾ, ਪੰਨਾ 29
47. ਕਰਮਜੀਤ ਸਿੰਘ, ਪੰਨਾ 141
48. ਕਰਨੈਲ ਚੰਦ, ਪੰਜਾਬੀ ਲੋਕ ਗੀਤਾਂ ਵਿਚ ਦੁਆਬੀ ਸਭਿਆਚਾਰ ਦਾ ਰੁਪਾਂਤਰਣ, ਪੰਨਾ 215-16

# ਸਿੱਟੇ ਤੇ ਸਥਾਪਨਾਵਾਂ

ਸਭਿਆਚਾਰ ਸਭਿਆਚਾਰ ਦੋ ਸ਼ਬਦਾ ਦੇ ਮੇਲ‘ਸਭਯ’ + ‘ਆਚਾਰ’ ਤੋਂ ਬਣਿਆ ਹੈ। ‘ਸਭਯ’ ਦਾ ਅਰਥ ਹੈ ‘ਚੰਗਾ’ ਅਤੇ ਆਚਾਰ ਦਾ ਅਰਥ ਹੈ ‘ਕੰਮ, ਕਾਰਜ, ਸੁਭਾਅ’। ਅੰਗਰੇਜ਼ੀ ਭਾਸ਼ਾ ਵਿੱਚ ਇਸ ਨੂੰ culture ਆਖਦੇ ਹਨ। culture ਵੀ ਮੂਲ ਰੂਪ ਵਿਚ ਲਾਤੀਨੀ ਭਾਸ਼ਾ ਦੇ ਸ਼ਬਦ (cultura) ਤੋਂ ਫਰਾਂਸੀਸੀ ਭਾਸ਼ਾ ਰਾਹੀਂ ਅੰਗਰੇਜ਼ੀ ਵਿਚ ਆਇਆ ਹੈ, ਜਿਥੇ ਇਸ ਦੇ ਸ਼ਾਬਦਿਕ ਅਰਥ ਵਿਸ਼ੇਸ਼ ਪ੍ਰਕਾਰ ਦੇ ਵਿਕਾਸ ਜਾਂ ਕਾਰਜ ਦੇ ਹੈ। ਸਭਿਆਚਾਰ ਦੇ ਖੇਤਰ ਵਿ ਸਭ ਤੋਂ ਪਹਿਲਾਂ ਪੱਛਮੀ ਵਿਦਵਾਨਾਂ ਨੇ ਕੰਮ ਕੀਤਾ ਸੀ ਜਿਸ ਵਿਚ ਉਹਨਾਂ ਦਾ ਮਕਸਦ ਸਿਰਫ ਆਪਣੇ ਸਾਮਰਾਜ ਦਾ ਵਿਸਥਾਰ ਕਰਨਾ ਸੀ।

ਲੋਕਧਾਰਾ ਅੰਗਰੇਜ਼ੀ ਦੇ ਸ਼ਬਦ 'ਫੋਕਲੋਰ' ਦਾ ਸਮਾਨਆਰਥਕ ਹੈ। ਬਹੁਤ ਸਾਰੇ ਵਿਦੇਸ਼ੀ ਵਿਦਵਾਨਾਂ ਨੇ ਅਤੇ ਸਮਾਜ ਸ਼ਾਸਤਰੀਆਂ ਨੇ ਜਿਨ੍ਹਾਂ ਵਿਚ ਸਰ ਜਾਰਜ, ਸਰ ਰਿਚਰਡ ਟੈਂਪਲ, ਵਿਲੀਅਮ ਕਰੁੱਕ, ਗਰੀਅਰਸਨ ਆਦਿ ਨੇ ਲੋਕਧਾਰਾ ਦੇ ਖੇਤਰ ਵਿਚ ਮਹਾਨ ਯੋਗਦਾਨ ਪਾਇਆ। ਇਹ ਅੰਗਰੇਜ਼ੀ ਦੇ ਸ਼ਬਦ 'ਫੋਕਲੋਰ' ਦਾ ਸਮਾਨਆਰਥਕ ਹੈ। ਸਭ ਤੋਂ ਪਹਿਲਾਂ ਫੋਕਲੋਰ ਦੀ ਵਰਤੋਂ ਵਿਲੀਅਮ ਜਾੱਨ ਥਾਮਸ ਨੇ ਕੀਤੀ ਸੀ।ਸਭਿਆਚਾਰ ਅਤੇ ਲੋਕਧਾਰਾ ਦਾ ਅਟੁੱਟ ਸੰਬੰਧ ਹੈ। ਸਭਿਆਚਾਰ ਨੂੰ ਲੋਕਧਾਰਾ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਲੋਕਧਾਰਾ ਮਨੁੱਖੀ ਸਮਾਜ ਦਾ ਮੌਖਿਕ ਰੂਪ ਹੈ।

ਲੋਕ ਸਾਹਿਤ ਪੰਜਾਬੀ ਜੀਵਨ ਦੇ ਸਮੁੱਚੇ ਵਰਤਾਰੇ ਨੂੰ ਪੇਸ਼ ਕਰਦਾ ਹੈ। ਲੋਕ ਸਾਹਿਤ ਦੇ ਅੰਤਰਗਤ ਬਹੁਤ ਸਾਰੀਆਂ ਵੰਨਗੀਆਂ ਆਉਂਦੀਆਂ ਹਨ। ਪੰਜਾਬ ਦੇ ਲੋਕ ਸਾਹਿਤ ਦਾ ਖ਼ਜਾਨਾ ਬਹੁਤ ਅਮੀਰ ਹੈ। ਪੰਜਾਬੀ ਲੋਕ ਸਾਹਿਤ ਦੀਆਂ ਵੱਖ ਵੱਖ ਵੰਨਗੀਆਂ ਮਿਲਦੀਆਂ :- ਲੋਕ ਬੁਝਾਰਤਾਂ, ਲੋਕ ਕਹਾਣੀਆਂ, ਲੋਕਨਾਚ, ਲੋਕ ਗੀਤ, ਅਖਾਣ ਮੁਹਾਵਰੇ, ਲੋਕ ਵਿਸ਼ਵਾਸ ਆਦਿ। ਮਨੁੱਖ ਦੇ ਜਨਮ ਤੋਂ ਹੀ ਉਸਦੇ ਮਨ ਪ੍ਰਚਾਵੇ ਦਾ ਸਾਧਨ ਬਣਦੇ ਆ ਰਹੇ ਹਨ। ਪੰਜਾਬੀ ਲੋਕ ਸਾਹਿਤ ਪੰਜਾਬੀ ਜਨ ਜੀਵਨ ਨੂੰ ਜੀਣ ਦੀ ਨਵੀਂ ਰੋਹ ਬਖ਼ਸ਼ਦਾ ਰਿਹਾ ਹੈ। ਲੋਕ ਸਾਹਿਤ ਦੀ ਆਂਪਣੀ ਵੱਖਰੀ ਹੋਂਦ ਹੈ।ਲੋਕ ਗੀਤ ਲੋਕ ਸਾਹਿਤ ਦਾ ਅਨਿੱਖੜਵਾ ਅਤੇ ਮਹੱਤਵਪੂਰਨ ਅੰਗ ਹਨ।

ਲੋਕ ਗੀਤ ਜਨ ਸਾਧਾਰਨ ਵਿੱਚ ਵੱਡਮੁੱਲਾ ਸਥਾਨ ਰੱਖਦੇ ਹਨ।ਇਸ ਤਰ੍ਹਾਂ ਲੋਕ ਗੀਤ ਲਿਖਤੀ ਅਤੇ ਮੌਖਿਕ ਰੂਪ ਵਿਚ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਦੇ ਹਨ।ਲੋਕ ਗੀਤਾਂ ਦੀ ਰਚਨਾ ਕੋਈ ਇਕ ਵਿਅਕਤੀ ਨਹੀ ਕਰਦਾ ਇਹ ਸਮੂਹਿਕ ਰੂਪ ਵਿਚ ਪਰਵਾਨ ਹੋ ਕੇ ਨੇਪਰੇ ਚੜ੍ਹ ਦੇ ਹਨ। ਲੋਕ ਗੀਤਾਂ ਵਿਚ ਪੰਜਾਬੀ ਸਭਿਆਚਾਰ

ਦੀ ਤਸਵੀਰ ਸਾਫ਼ - ਸਾਫ਼ ਝਲਕਾਰੇ ਮਾਰਦੀ ਨਜ਼ਰ ਆਉਂਦੀ ਹੈ। ਲੋਕ ਗੀਤਾਂ ਰਾਹੀ ਹੀ ਪੰਜਾਬੀ ਜਨਜੀਵਨ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਕਰਮਜੀਤ ਸਿੰਘ ਦਾ ਪੰਜਾਬੀ ਲੋਕਧਾਰਾਈ ਸਾਹਿਤ ਵਿਚ ਵਡੇਰਾ ਯੋਗਦਾਨ ਹੈ। ਕਰਮਜੀਤ ਸਿੰਘ ਦੀ ਪੰਜਾਬੀ ਲੋਕਧਾਰਈ ਸਾਹਿਤ ਨੂੰ ਮਹੱਤਵਪੂਰਨ ਦੇਣ ਹੈ। ਕਰਮਜੀਤ ਸਿੰਘ ਮਹਾਨ ਅਤੇ ਉੱਚੀ ਸਖ਼ਸੀਅਤ ਦੇ ਮਾਲਕ ਹਨ। ਉਹਨਾਂ ਦਾ ਜੀਵਨ ਬੜਾ ਹੀ ਸਾਦਾ ਅਤੇ ਖੋਜੀ ਬਿਰਧੀ ਵਾਲਾ ਹੈ। ਕਰਮਜੀਤ ਸਿੰਘ ਨੇ ਦੁਆਬੇ ਦੇ ਲੋਕ ਗੀਤ ਸੰਗ੍ਰਿਹਆਂ ਨੂੰ ਸੰਪਾਦਿਤ ਕਰਨ ਦਾ ਉਪਰਾਲਾ ਬੜੀ ਮਿਹਨਤ ਤੇ ਮੁਸ਼ੱਕਤ ਨਾਲ ਸ਼ੁਰੂ ਕੀਤਾ।

ਕਰਮਜੀਤ ਸਿੰਘ ਨੇ ਦੁਆਬੀ ਲੋਕ ਗੀਤਾਂ ਨੂੰ ਸੰਭਾਲਣ ਦੀ ਨਵੀਂ ਲੀਹ ਤੋਰੀ। ਕਰਮਜੀਤ ਸਿੰਘ ਨੇ ਦੁਆਬੇ ਦੇ ਲੋਕਗੀਤਾਂ ਨੂੰ ਵੱਖੋ ਵੱਖਰੇ ਲੋਕ ਗੀਤ ਸੰਗ੍ਰਹਿਆਂ ਵਿਚ ਪ੍ਰਕਾਸ਼ਿਤ ਕਰਵਾਇਆ। ਇਨਾਂ ਲੋਕਗੀਤ ਸੰਗ੍ਰਹਿਆਂ ਵਿਚ ਪੰਜਾਬੀ ਲੋਕ ਗੀਤਾਂ ਦੀਆਂ ਸਾਰੀਆਂ ਵੰਗਨਗੀਆਂ ਅੰਕਿਤ ਕੀਤੀਆਂ ਮਿਲਦੀਆ ਹਨ। ਕਰਮਜੀਤ ਸਿੰਘ ਤੋਂ ਪਹਿਲਾਂ ਵੀ ਲੋਕਗੀਤਾਂ ਦੀ ਸਾਂਭ ਸੰਭਾਲ ਦਾ ਕੰਮ ਹੋ ਚੁੱਕਾ ਅਤੇ ਹੋ ਰਿਹਾਹੈ। ਕਰਮੀਤ ਸਿੰਘ ਨੇ ਆਧੁਨਿਕ ਵਿਕਾਸ ਦੇ ਦੌਰ ਵਿਚ ਅਲੋਪ ਹੋ ਰਹੇ ਲੋਕ ਗੀਤਾਂ ਨੂੰ ਸੰਭਾਲਣ ਦਾ ਕੰਮ ਬੜੀ ਮੁਸ਼ੱਕਤ ਨਾਲ ਕੀਤਾਤੇ ਕਰ ਰਹੇ ਹਨ। ਪੰਜਾਬ ਦੇ ਮਾਝੇ ਮਾਲਵੇ ਖੇਤ ਨਾਲ ਸਬੰਧਿਤ ਵਿਦਵਾਨਾਂ ਨੇ ਸਿਰਫ਼ ਆਪਣੇ ਹੀ ਖੇਤਰ ਦੇ ਲੋਕ ਗੀਤਾਂ ਦਾ ਇੱਕਤਰੀਕਰਣ ਕੀਤਾ। ਪਰ ਦੁਆਬੇ ਖੇਤਰ ਨੂੰ ਇਸ ਪੱਖੋਂ ਅਣਗੌਲਿਆ ਗਿਆ। ਇਸੇ ਕਰਕੇ ਕਰਮਜੀਤ ਸਿੰਘ ਨੇ ਦੁਆਬੇ ਦੇ ਲੋਕ ਗੀਤਾਂ ਨੂੰ ਸੰਭਾਲਣ ਦਾ ਕੰਮ ਆਰੰਭਿਆ ਜੋ ਪ੍ਰਸੰਸਾ ਯੋਗ ਹੈ।

ਇਸ ਖੋਜ ਕਾਰਜ ਵਿਚ ਸਭਿਆਚਾਰ ਦੇ ਦੇ ਸਿਧਾਂਤਕ ਪੱਖ ਨੂੰ ਵਿਚਾਰਿਆ ਗਿਆ ਹੈ। ਸਭਿਆਚਾਰ ਦੇ ਅਰਥ, ਵੱਖ ਵੱਖ ਵਿਦਵਾਨਾਂ ਦੀ ਰਾਇ, ਲੱਛਣ/ ਵਿਸ਼ੇਸ਼ਤਾਵਾਂ ਬਾਰੇ ਵੀ ਦੱਸਿਆ ਗਿਆ ਹੈ। ਸਭਿਆਚਾਰ ਦੇ ਅੰਗਾਂ ਜਿਵੇਂ ਪਦਾਰਥਕ, ਸੁਹਜ, ਸੰਚਾਰ ਤੇ ਸੰਗਠਨੁੰਲਕ ਅੰਗਾਂ ਨੂੰ ਉਦਾਹਣਾਂ ਦੇ ਕੇ ਵਿਚਾਰਿਆਂ ਗਿਆ ਹੈ।

ਲੋਕਧਾਰਾਦੇ ਤੱਤ, ਅਰਥ ਅਤੇ ਵਿਦਵਾਨਾਂ ਦੇ ਲੋਕਧਾਰਾ ਪ੍ਰਤਿ ਵੱਖੋ ਵੱਖ ਨਜ਼ਰੀਏ ਨੂੰ ਪ੍ਰਸਤੁਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਕਰਮਜੀਤ ਸਿੰਘ ਦੇ ਜੀਵਨ, ਰਚਨਾ ਸੰਸਾਰ, ਉਹਨਾਂ ਦੇ ਮਾਰਕਸਵਾਦੀ, ਸਮਾਜ ਸੁਧਾਰਕ ਨਜ਼ਰੀਏ ਤੇ ਵੀ ਝਾਤ ਮਾਰੀ ਗਈ ਹੈ। ਕਰਮਜੀਤ ਸਿੰਘ ਆਪਣੇ ਲੋਕ ਗੀਤਾਂ ਵਿਚ ਨਿਮਨ/ ਦਲਿਤ ਵਰਗ ਦੀ ਪ੍ਰਤਿਨਿਧਤਾ ਕਰਦੇ ਨਜ਼ਰ ਆ ਰਹੇ ਹਨ। ਉਹਨਾਂ ਦੁਆਰਾ ਇੱਕਤਰਤ ਲੋਕ ਗੀਤਾਂ ਵਿਚੋਂ ਔਰਤ ਦੀਆਂ ਅੰਦਰੂਨੀ ਭਾਵਨਾਵਾਂ ਦਾ ਕਥਾਰਸਿਸ ਭਲੀ ਭਾਂਤ ਹੁੰਦਾ ਹੈ। ਉਹਨਾਂ ਨੇ ਆਪਣੇ ਇੱਕਤਰ ਲੋਕ ਗੀਤਾਂ ਵਿਚ ਲੋਕ ਗੀਤਾਂ ਦੀ ਹਰ ਇਕ ਵੰਨਗੀ ਨੂੰ ਸਾਡੇ ਸਨਮੁੱਖ ਕੀਤਾ ਹੈ ਜਿਵੇਂ ਸੁਹਾਗ, ਘੋੜੀਆਂ, ਜਨਮ ਦੇ ਗੀਤ ਇਹਨਾਂ ਨੂੰ ਬ੍ਰਿਆਈਆਂ ਜਿਹਾ ਜਾਂਦਾ ਹੈ। ਇਸ ਤੋਂ ਬਿਨ੍ਹਾਂ ਟੱਪੇ, ਬੋਲੀਆਂ, ਸਿੱਠਣੀਆਂ, ਸਵੇਰ ਦੇ ਗੀਤ, ਧਰਮ ਨਾਲ ਸਬੰਧਿਤ ਗੀਤ, ਪਰਿਵਾਰਕ ਰਿਸ਼ਤਿਆਂ ਦੇ ਮੋਹ ਦੀ ਤਰਜ਼ਮਾਨੀ ਕਰਦੇ, ਨੂੰਹ ਸੱਸ ਦੀ ਤਕਰਾਰ, ਸ਼ੌਕਣ, ਅਤੇ ਪਤੀ ਦੇ ਪਰਦੇਸ ਜਾਂ ਨੌਕਰੀ ਤੇ ਜਾਣ ਔਰਤ ਦੀ ਮਾਨਸਿਕਤਾ ਦਾ ਪ੍ਰਗਟਾ ਕਰਦੇ ਲੋਕ ਗੀਤਾਂ ਨੂੰ ਪੇਸ਼ ਕੀਤਾ ਹੈ।

ਲੋਕਗੀਤਾਂ ਵਿਚ ਪੰਜਾਬੀ ਸਭਿਆਚਾਰ ਦੇ ਪਦਾਰਥਕ ਅਤੇ ਸੁਹਜਾਤਮਕਾ ਦਾ ਅਧਿਐਨ ਕੀਤਾ ਗਿਆ ਹੈ।ਪਦਾਰਥਕ ਸਭਿਆਚਾਰ ਸਭਿਆਚਾਰ ਦੇ ਮਹੱਤਵਪੂਰਨ ਅੰਗਾਂ ਵਿਚੋਂ ਇਕ ਹੈ। ਅੱਗੋਂ ਪਦਾਰਥਕ

ਸਭਿਆਚਾਰ ਦਾ ਵੀ ਦਾਇਰਾ ਸੀਮਿਤ ਨਹੀਂ ਹੈ ਸਗੋਂ ਬਹੁਤ ਵਿਸ਼ਾਲ ਹੈ। ਪਦਾਰਥਕ ਸਭਿਆਚਾਰ ਵਿਚ ਹੀ ਮਨੁੱਖ ਦੀਆਂ ਰੋਜ਼ਾਨਾ ਜੀਵਨ ਦੀਆਂ ਵਸਤਾਂ ਆਉਂਦੀਆਂ ਹਨ। ਪਦਾਥਕ ਸਭਿਆਚਾਰ ਹੀ ਮਨੁੱਖ ਦਾ ਪੇਟ ਭਰਦਾ ਅਤੇ ਸੁਹਜ ਸੁਆਦ ਬਖ਼ਸਦਾ ਅਤੇ ਜੀਵਨ ਨਿਰਬਾਹ ਲਈ ਗੱਡੀ ਅੱਗੇ ਤੋਰਦਾ ਹੈ। ਪੰਜਾਬੀ ਸਭਿਆਚਾਰ ਵਿਚ ਮਰਦ ਸੁਨਿਆਰ, ਲਲਾਰੀ, ਤਰਖਾਣ, ਹਕੀਮ, ਪਾਂਧੇ, ਘੁਮਿਆਰ, ਵਣਜਾਰੇ ਤੋਂ ਬਿਨ੍ਹਾਂ ਪਰਦੇਸ/ ਨੌਕਰੀ ਤੋਂ ਇਲਾਵਾ ਖੇਤਬਿਾੜੀ ਦਾ ਕੰਮ ਕਰਕੇ ਜੀਵਨ ਨਿਰਬਾਹ ਕਰਦੇ ਹਨ। ਔਰਤਾਂ ਗੁਜਰੀ, ਨੈਣ, ਕੱਤਣ ਬੁਣਨ ਅਤੇ ਤੇਲਣ ਆਦਿ ਦਾ ਕੰਮ ਕਰਦੀਆਂ ਸਨ। ਇਹਨਾਂ ਸਾਰੇ ਕੰਮ ਧੰਦਿਆਂ ਦਾ ਪ੍ਰਗਟਾ ਸਾਡੇ ਲੋਕ ਗੀਤਾਂ ਵਿਚ ਆਮ ਮਿਲਦਾ ਹੈ।ਪੰਜਾਬੀ ਲੋਕ ਮਰਦ ਖ਼ਾਸ ਕਰਕੇ ਮਰਦ ਪੱਗੜੀ, ਕੁੜਤਾ ਪਜਾਮਾ, ਚਾਦਰਾਂ, ਪੰਜਾਬੀ ਕੱਢਵੀਆਂ ਜੁੱਤੀਆਂ ਅਤੇ ਔਰਤਾਂ ਫੁੱਲਕਾਰੀ, ਘੱਗਰਾ, ਪਟਿਆਲਾ ਸ਼ਾਹੀ ਸਲਵਾਰ ਅਤੇ ਸੂਟ ਪਹਿਨਦੀਆਂ ਹਨ। ਨਿਹੰਗ ਸਿੰਘ ਕਛਹਿਰਾ, ਦੁਮਾਲਾਂ ਅਤੇ ਦਸਤਾਰ ਸਜਾਉਂਦੇ ਹਨ। ਪੰਜਾਬ ਦੇ ਲੋਕ ਖ਼ਾਸ ਕਰਕੇ ਮਰਦ ਪੱਗ ਪਹਿਨਦੇ ਹਨ ਇਹ ਪੰਜਾਬੀਆਂ ਦੀ ਪਹਿਚਾਣ ਵੀ ਹੈ। ਪੰਜਾਬੀ ਲਈ ਪੱਗ ਸਿਰਫ਼ 7 ਜਾਂ 9 ਗਜ਼ ਦਾ ਕੱਪੜਾ ਹੀ ਨਹੀਂ ਬਲਕਿ ਇੱਜ਼ਤ ਅਤੇ ਆਬਰੂ ਦਾ ਤਾਜ ਹੈ ਪੱਗ। ਹਾਰ ਸ਼ਿੰਗਾਰ ਤੋਂ ਔਰਤ ਲਈ ਹੀ ਨਹੀਂ ਮਰਦ ਲਈ ਉਹਨਾਂ ਹੀ ਜ਼ਰੂਰੀ ਹੈ। ਔਰਤਾਂ ਹਾਰ, ਕੋਕਾ, ਲੋਟਣ, ਕਾਂਟੇ, ਕੰਗਣ ਤੋਂ ਇਲਾਵਾ ਆਪਣੇ ਆਪ ਨੂੰ ਸੋਹਣਾ ਬਣਾਉਣ ਲਈ ਹੋਰ ਵੀ ਹਾਰ ਸ਼ਿੰਗਾਰ ਕਰਦੀਆਂ ਸਨ। ਲੋਕ ਕੱਚੇ ਘਰਾਂ ਵਿਚ ਰਹਿੰਦੇ ਸਨ ਪਰ ਹੁਣ ਆਧੁਨਿਕਤਾ ਦੇ ਪ੍ਰਭਾਵ ਕਾਰਨ ਸਭ ਕੁੱਝ ਬਦਲ ਚੁੱਕਾ ਹੈ। ਸੁਹਜ ਬਿਨ੍ਹਾਂ ਤਾਂ ਸਾਡਾ ਜੀਵਨ ਹੀ ਅਧੂਰਾ ਹੈ। ਸਾਡੇ ਲੋਕ ਗੀਤਾਂ ਵਿਚ ਸੁਹਜ ਅਟੁੱਟ ਅੰਗ ਹੈ। ਲੋਕ ਗੀਤਾਂ ਵਿਚ ਸੁਹਜ ਆਲੰਕਾਰ, ਭਾਸ਼ਾ, ਸੰਗੀਤ, ਭਾਸ਼ਾ, ਸ਼ੈਲੀ, ਪ੍ਰਤੀਕ, ਕਲਪਨਾ, ਬਿੰਬ ਆਦਿ ਸੁਹਜ ਭਰਦੇ ਹਨ। ਪੰਜਾਬੀ ਸਭਿਆਚਾਰ ਵਿਚ ਸੁਹਜ ਹਰ ਪੱਖੋ ਮਣਾ ਮੂੰਹੀਂ ਭਰਿਆ ਹੋਇਆ ਹੈ ਚਾਹੇ ਉਹ ਖਾਣ ਪੀਣ ਹੋਵੇ, ਪਹਿਰਾਵਾਂ, ਰਹਿਣ ਸਹਿਣ, ਵਰਤੋਂ ਵਿਵਹਾਰ ਹੀ ਕਿਉਂ ਨਾ ਹੋਵੇ।

ਧਾਰਮਿਕ ਅਤੇ ਸਦਾਚਾਰਕ ਪੱਖੋਂ ਵੀ ਲੋਕ ਗੀਤਾਂ ਦਾ ਮੁਲਾਂਕਣ ਕੀਤਾ ਗਿਆ ਹੈ। ਪੰਜਾਬੀ ਸਭਿਆਚਾਰਕ ਸਮਾਜ ਵਿਚਲੀ ਧਾਰਮਿਕਤਾ, ਲੋਕ ਵਿਸ਼ਵਾਸ਼, ਲੋਕ ਕਥਾਵਾਂ, ਤੇ ਰੀਤੀ ਰਿਵਾਜ਼ਾ ਦਾ ਮੁਲਾਂਕਣ ਕੀਤਾ ਗਿਆ ਹੈ। ਇਸ ਵਿਚ ਪੰਜਾਬੀ ਲੋਕਾਂ ਦੇ ਕਰਮ ਕਾਡਾਂ, ਸੰਸਕਾਰ, ਪੂਜਾ ਵਿਧੀਆਂ, ਅਤੇ ਲੋਕ ਧਰਮ ਦਾ ਉਲੇਖ ਮਿਲਦਾ ਹੈ। ਇਹ ਖੋਜ ਕਾਰਜ ਪੰਜਾਬੀ ਸਭਿਆਚਾਰ ਅਤੇ ਲੋਕਧਾਰਾਈ ਵਰਤਾਰਿਆ ਨਾਲ ਸੰਬੰਧਿਤ ਹੈ। ਇਸ ਵਿਚ ਪੰਜਾਬੀ ਸਭਿਆਚਾਰ ਦੇ ਦੁਆਬੇ ਖੇਤਰ ਦੇ ਲੋਕ ਗੀਤਾਂ ਦਾ ਅਧਿਐਨ ਕੀਤਾ ਗਿਆ ਹੈ। ਇਸ ਅਧਿਐਨ ਸਮੇਂ ਇਹ ਗੱਲ ਵੀ ਪ੍ਰਮੁੱਖ ਰੁਪ ਵਿਚ ਉੱਭਰ ਕੇ ਸਾਹਮਣੇ ਆਈ ਹੈ ਕਿ ਲੋਕ ਗੀਤ ਭਾਵੇਂ ਪੰਜਾਬ ਦੇ ਕਿਸੇ ਵੀ ਖੇਤਰ ਨਾਲ ਸੰਬੰਧਿਤ ਹੋਣ ਚਾਹੇਂ ਭਾਸ਼ਾ ਪੱਖੋਂ ਵੱਖਰੇਵਾ ਹੀ ਕਿਉਂ ਨਾ ਹੋਵੇ ਪਰ ਇਹਨਾਂ ਵਿਚ ਸਮੁੱਚੇ ਪੰਜਾਬ ਦੀ ਰੂਪ ਰੇਖਾ ਸਮਾਈ ਹੁੰਦੀ ਹੈ। ਇਸ ਖੋਜ ਕਾਰਜ ਵਿਚ ਔਰਤਾਂ ਦੀ ਬਹਰੰਗੀ / ਕਲਾਮਈ ਤਸਵੀਰ ਉੱਭਰ ਕੇ ਸਾਹਮਣੇ ਆਉਂਦੀ ਹੈ। ਕਰਮਜੀਤ ਸਿੰਘ ਦੁਆਰਾ ਇੱਕਤਰ ਕੀਤੇ ਲੋਕ ਗੀਤ ਸੰਗ੍ਰਹਿਆਂ ਵਿਚ ਪੰਜਾਬੀ ਸਭਿਆਚਾਰ ਦੇ ਰੀਤੀ ਰਿਵਾਜ਼, ਅਨੁਸ਼ਠਾਨ, ਸਦਾਚਾਰ ਪੱਖ, ਸਮਾਜਿਕਤਾ ਅਤੇ ਪਦਾਰਥਕ ਪੱਖ ਭਲੀਭਾਂਤ ਉਜਾਗਰ ਹੁੰਦੇ ਹਨ।

## ਕਰਮਜੀਤ ਸਿੰਘ ਨਾਲ ਵਿਸ਼ੇਸ਼ ਮੁਲਾਕਾਤ

**ਪ੍ਰਸ਼ਨ. ਤੁਹਾਡੀਆਂ ਸਾਹਿਤਕ ਸਰਗਰਮੀਆਂ ਬਾਰੇ ਗੱਲ ਕਰਨ ਤੋਂ ਪਹਿਲਾਂ ਤੁਸੀਂ ਆਪਣੇ ਜਨਮ, ਮਾਤਾ – ਪਿਤਾ ਅਤੇ ਪੜ੍ਹਾਈ ਬਾਰੇ ਦੱਸੋ?**

ਉ. ਹੁਸ਼ਿਆਰਪੁਰ ਦਾ ਕਸਬਾ ਮੁਕੇਰੀਆਂ ਮੇਰੇ ਨਾਨਕੇ ਨੇ ਓੱਥੇ ਮੇਰਾ ਜਨਮ 14 ਮਾਰਚ, 1952 ਨੂੰ ਹੋਇਆ।ਅਸਲ ਮੇਰੇ ਦਾਦਕੇ ਹਨ ਪਿੰਡ ਸੱਜਣਾਂ, ਇਹ ਤਹਿਸੀਲ ਦਸੂਹਾ, ਹੁਸ਼ਿਆਰਪੁਰ ਵਿਚ ਹੈ। ਸਾਡੇ ਪਿਤਾ ਜੀ ਫੌਜੀ ਸਨ। ਉਹਨਾਂ ਨੇ ਬੰਬੇ ਇੰਨਜੀਨਅਰਿੰਗ ਗਰੁੱਪ ਵਿਚ 30 ਸਾਲ ਸਰਵਿਸ ਕੀਤੀ। ਮਾਤਾ ਜੀ ਜਿਉਂਦੇ ਹਨ ਉਹਨਾਂ ਦਾ ਨਾਂ ਰਤਨ ਕੌਰ ਹੈ। ਪੜ੍ਹਾਈ ਵਾਲਾ ਮਸਲਾ ਉਹ ਇਹ ਕਿ ਮੇਰੇ ਪਿਤਾ ਜੀ ਦਸਵੀਂ ਪਾਸ ਸਨ ਇਸ ਆਧਾਰ ਤੇ ਹੀ ਉਹ ਫੌਜ ਵਿਚ ਰਹੇ ਸਾਡੇ ਪਰਿਵਾਰ ਵਿਚ ਕੋਈ ਜ਼ਿਆਦਾ ਪੜ੍ਹਿਆ ਲਿਖਿਆ ਨਹੀਂ ਸੀ। ਸਾਡੇ ਬਾਬਾ ਜੀ (ਠਾਕੁਰ ਸਿੰਘ) ਜੋਤਿਸ਼ ਦਾ ਅਧਿਐਨ ਕਰਦੇ ਰਹਿੰਦੇ ਸਨ। ਇਸ ਤੋਂ ਇਲਾਵਾ ਉਹ ਦਸਮ ਗ੍ਰੰਥ, ਸੂਰਜ ਪ੍ਰਕਾਸ਼ ਦੀ ਕਥਾ ਲਗਾਤਾਰ ਕਰਿਆ ਕਰਦੇ ਸਨ ਅਤੇ ਕਿਸੇ ਦੀ ਗੈਰ – ਹਾਜ਼ਰੀ ਮੈਨੂੰ ਆਪਣੇ ਨਾਲ ਲਗਾ ਲੈਂਦੇ ਸਨ। ਉਹਨਾਂ ਤੋਂ ਹੀ ਸਾਨੂੰ ਪੜ੍ਹਨ ਦੀ ਤੇ ਧਾਰਮਿਕ ਸਾਹਿਤ ਪੜ੍ਹਨ ਲਾਗ ਲੱਗੀ। ਮੈਂ ਬੀ.ਏ ਤੱਕ ਸਿੱਖ ਧਰਮ ਦਾ ਬਹੁਤ ਸਾਰਾ ਇਤਿਹਾਸ ਪੜ੍ਹ ਲਿਆ ਸੀ। ਭਾਈ ਸਾਹਿਬ ਸਿੰਘ ਦਾ ਟੀਕਾ, ਦਸਮ ਗ੍ਰੰਥ ਗਿਆਨੀ ਗਿਆਨ ਸਿੰਘ ਅਤੇ ਭਾਈ ਸੰਤੋਖ ਸਿੰਘ ਜੀ ਦਾ ਸੂਰਜ ਪ੍ਰਕਾਸ਼ ਜਿਹੜਾ ਭਾਈ ਵੀਰ ਸਿੰਘ ਜੀ ਨੇ 14 ਜਿਲਦਾਂ ਵਿਚ ਸੰਪਾਦਿਕ ਕੀਤਾ ਸੀ ਬੀ.ਏ ਤੱਕ ਵੀ ਪੜ੍ਹ ਲਿਆ ਸੀ। ਚੌਥੀ ਅਤੇ ਪੰਜਵੀਂ ਜਮਾਤ ਦੀ ਪੜ੍ਹਾਈ ਪੂਨਾ (ਮਹਾਂਰਾਸ਼ਟਰ) ਦੀ ਹੈ। ਅਗਲੀ ਪੜ੍ਹਾਈ ਮੈਂ 6ਵੀਂ ਤੋਂ 10ਵੀਂ ਤੱਕ ਸਾਡੇ ਪਿੰਡ ਤੋਂ 7 – 8 ਕਿਲੋਮੀਟਰ ਗੁਰੂ ਨਾਨਕ ਪਬਲਿਕ ਸਕੂਲ 'ਤੇਲੀ ਚੱਕ' ਵਿਚ ਕੀਤੀ।ਫਿਰ ਪੜ੍ਹਨ ਦੀ ਆਦਤ ਪੈ ਗਈ ਸੀ। ਮੈਨੂੰ ਆਲੋਚਨਾਤਕ ਦ੍ਰਿਸ਼ਟੀ ਬਾਬਾ ਠਾਕੁਰ ਸਿੰਘ ਤੋਂ ਹੀ ਮਿਲੀ ਸੀ। ਮੇਰਾ ਦ੍ਰਿਸ਼ਟੀਕੋਣ ਹਮੇਸ਼ਾ ਮਾਰਕਸਵਾਦੀ ਸੀ। ਮੇਰਾ ਦ੍ਰਿਸ਼ਟੀਕੋਣ ਪਦਾਰਥਵਾਦੀ ਦਰਸ਼ਨ ਵੀ ਕਿਉਂਕਿ ਰੱਬ ਨੂੰ ਨਹੀਂ ਮੰਨਦਾ ਰਹੱਸਵਾਦ ਨੂੰ ਮੰਨਦਾ ਹੈ। ਜਨਮ ਤੇ ਸਵਰਗ ਪ੍ਰਤਿ ਸ਼ੰਕਾ ਰੱਖਦਾ ਹੈ। ਪਰਤੂੰ ਡਾ. ਦੀਵਾਨ ਸਿੰਘ, ਡਾ. ਜੋਗਿੰਦਰ ਸਿੰਘ ਰਾਹੀ, ਡਾ. ਅਮਰਜੀਤ ਸਿੰਘ ਗੋਰਕੀ ਅਤੇ ਡਾ. ਸਤਿੰਦਰ ਸਿੰਘ ਨੇ ਸਾਡੀ ਆਲੋਚਨਾਤਮਕ ਦ੍ਰਿਸ਼ਟੀ ਨੂੰ ਹੋਰ ਤਿੱਖਿਆ ਕੀਤਾ। ਮੈਂ ਬੀ.ਏ ਖਾਲਸਾ ਕਾਲਜਾ ਗੜ੍ਹਦੀਵਾਲ ਤੋਂ ਅਤੇ ਇਸ ਤੋਂ ਬਾਅਦ ਐਮ.ਏ (ਪੰਜਾਬੀ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਕੀਤੀ। ਮੈਂ ਪੀ.ਐੱਚ.ਡੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਕਰਨੀ ਚਾਹੀ ਪਰ ਕਿਸੇ ਕਾਰਨ ਮੈਨੂੰ ਉੱਥੇ ਦਾਖ਼ਲਾ ਨਹੀਂ ਮਿਲਿਆ। ਫਿਰ ਮੈਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪੀ.ਐੱਚ.ਡੀ ਕੇਸਰ ਸਿੰਘ 'ਕੇਸਰ' ਜੀ ਦੀ ਨਿਗਰਾਨੀ ਵਿਚ 'ਪੰਜਾਬੀ ਰੁਬਾਈ ਕਾਵਿ ਦਾ ਸਰਵੇਖਣ ਤੇ ਮੁਲਾਂਕਣ' ਵਿਸ਼ੇ ਨਾਲ ਪੂਰੀ ਕੀਤੀ।

**ਪ੍ਰ. ਸਾਹਿਤ ਜਗਤ ਵਿਚ ਤੁਹਾਡੀ ਪਛਾਣ ਲੋਕ ਗੀਤਾਂ ਦੀਆਂ ਬਹੁਭਾਂਤੀ ਵੰਨਗੀਆਂ ਨੂੰ ਸੰਪਾਦਿਤ ਕਰਨ ਦੀ ਰਹੀ। ਤੁਹਾਡੀ ਇਸ ਪ੍ਰਤਿ ਚੇਟਕ ਕਿਵੇਂ ਲੱਗੀ?**

ਉ. ਹਾਂ, ਜਦੋਂ ਮੈਂ ਬੀ.ਏ ਵਿਚ ਸੀ ਤਾਂ ਜਿਵੇਂ ਮੈਂ ਸ਼ੁਰੂ ਵਿਚ ਕਿਹਾ ਹੈ।ਅਸਲ ਗੱਲ ਇਹ ਹੈ ਕਿ ਜਿਹੜਾ ਕਿ ਸਾਡਾ ਸਭਿਆਚਾਰ ਮੇਰਾ ਮਾਹੌਲ ਸੀ ਜਿੱਥੇ ਮੈਂ ਰਿਹਾ ਹਾਂ, ਓੱਥੇ ਗੀਤ ਵੀ ਗਾਏ ਜਾਂਦੇ ਹਨ, ਮੇਲੇ ਵੀ ਲੱਗਦੇ ਹਨ, ਬੱਚੇ ਦੇ ਜੰਮਣ ਸਮੇਂ ਗੀਤ ਵੀ ਗਾਏ ਜਾਦੇ ਹਨ।ਇਹੋ ਜਿਹੇ ਮਾਹੌਲ ਵਿਚ ਨਾਟਕ ਵੀ ਖੇਡੇ ਜਾਂਦੇ ਹਨ, ਰਾਸ ਵੀ ਹੁੰਦੀ । ਤਾਂ ਲੋਕ ਚੇਤਨਾ ਇਹਨਾਂ ਸਾਰਿਆ ਵਿਚ ਪਈ ਹੋਈ ਹੈ।ਪਰ ਹੋਇਆ ਕਿ ਇਸ ਸਮੇਂ ਮਹਿੰਦਰ ਸਿੰਘ ਰੰਧਾਵਾਂ (ਪੰਜਾਬੀ ਲੋਕ ਗੀਤ, ਕਾਂਗੜੇ ਦੇ ਲੋਕ ਗੀਤ) ਤੋਂ ਇਲਾਵਾ ਹੋਰ ਵੀ ਲੋਕ ਗੀਤਾਂ ਦਾ ਸੰਪਾਦਨ ਕੀਤਾ। ਮੈਨੂੰ ਇਹ ਲੱਗਾ ਕਿ ਪਰ ਉਹ ਹੈ ਤਾਂ ਸਾਡੇ ਇਲਾਕੇ ਦੀ ਹਨ।ਮੇਰੇ ਦਿਮਾਗ ਵਿਚ ਆਇਆ ਕਿ ਮੈਨੂੰ ਇਸ ਆਪਣੇ ਇਲਾਕੇ ਦੇ ਲੋਕ ਗੀਤ ਇੱਕਠੇ ਕਰਨੇ ਚਾਹੀਦੇ ਹਨ। ਦੂਸਰੀ ਗੱਲ ਇਹ ਕਿ ਵਣਜਾਰਾ ਬੇਦੀ ਨੇ ਕਿਹਾ ਹੈ ਕਿ ਪੋਠੋਹਾਰ ਦੇ ਗੀਤ ਜ਼ਿਆਦਾ ਅਤੇ ਦੁਆਬੇ ਦੇ ਘੱਟ ਹਨ। ਬਲਵੀਰ ਸਿੰਘ ਪੁਆਧ ਦਾ ਸੀ ਪਰ ਉਹਨੇ ਕਿਹਾ ਕਿ ਦੁਆਬੇ ਵਿਚ ਤਾਂ ਲੋਕ ਗੀਤ ਹੈ ਹੀ ਨਹੀਂ ਹਨ।ਪਰ ਮੇਰੇ ਅਨੁਸਾਰ ਇਹ ਗੱਲ ਗਲਤ ਸੀ ਜਿੱਥੇ ਲੋਕ ਹੋਣ ਓੱਥੇ ਲੋਕ ਗੀਤ ਸੰਭਵ ਹਨ। ਇਹਨਾਂ ਧਾਰਨਾਵਾਂ ਨੂੰ ਗਲਤ ਸਿੱਧ ਕਰਨ ਲਈ ਮੈਂ ਦੁਆਬੇ ਖੇਤਰ ਦੇ ਲੋਕ ਗੀਤਾਂ ਨੂੰ ਇੱਕਠੇ ਕਰਨ ਲਈ ਸੋਚ ਲਿਆ। ਹਾਲਾਤ ਬਸ ਏਦਾਂ ਹੀ ਬਣ ਗਏ, ਜਦੋਂ ਮੇਰਾ ਵਿਆਹ ਧਰਿਆ ਹੋਇਆ ਸੀ 11 ਜੁਲਾਈ 1979 ਵਿਚ। ਭਾਵੇਂ ਮੈਂ ਉਸ ਵੇਲੇ ਵਿਚ ਵਿਗਿਆਨਕ ਸੋਚ ਧਾਰਣ ਕਰ ਚੁੱਕਾ ਸਾਂ ਤੇ ਘਰਦਿਆਂ ਅਤੇ ਰਿਸ਼ਤੇਦਾਰਾਂ ਨੂੰ ਇਸ ਗੱਲ ਦਾ ਪਤਾ ਸੀ, ਮੈਂ ਸਾਰੀਆਂ ਰੀਤਾਂ ਘਰਦਿਆਂ ਤੋਂ ਡਰਦੇ ਹੋਏ ਮਜ਼ਾਕ ਵਿਚ ਪੂਰੀਆਂ ਕੀਤੀਆਂ। ਕੁੜੀਆਂ ਚਾਵਾਂ ਨਾਲ ਗੀਤ ਗਾ ਰਹੀਆਂ ਸਨ। ਮੈਂ ਇਨ੍ਹਾਂ ਗੀਤਾਂ ਅਤੇ ਰਸਮਾਂ ਬਾਰੇ ਸੋਚਦਾ ਰਿਹਾ। ਮੈਂ ਆਪਣੇ ਮਿੱਤਰ ਕੋਲੋਂ ਟੇਪ ਰਿਕਾਰਡ ਮੰਗ ਕੇ ਲਿਆਂਦੀ ਤੇ ਕੁੜੀਆਂ ਨੂੰ ਇੱਕਠਿਆਂ ਕਰਕੇ ਗੀਤ ਗਾਉਣ ਲਈ ਕਿਹਾ ਤੇ ਉਹਨਾਂ ਨੇ ਗੀਤ ਗਾ - ਗਾ ਕੇ ਸਾਰੀ ਕੈਸਿਟ ਭਰ ਦਿੱਤੀ। ਬਸ ਇੱਥੋਂ ਹੀ ਸ਼ੁਰੂ ਹੁੰਦਾ ਹੈ ਮੇਰਾ ਲੋਕ ਗੀਤ ਇੱਕਤਰ ਕਰਨ ਦਾ ਸਫ਼ਰ। ਇਸ ਤੋਂ ਬਾਅਦ ਪੂਰੇ ਚਾਰ ਸਾਲ ਮੈਂ ਬੈਠ ਕੇ ਨਹੀਂ ਦੇਖਿਆ। ਮੇਰੇ ਰਿਸ਼ਤੇਦਾਰ ਵੀ ਮਜ਼ਾਕ ਕਰਦੇ ਸਨ ਕਿ ਤੂੰ ਸਾਨੂੰ ਮਿਲਣ ਲਈ ਨਹੀਂ ਆਇਆ ਤੂੰ ਤਾਂ ਆਪਣਾ ਕੰਮ ਕਰਨ ਹੀ ਆਇਆ ਹੈ। ਸੈੱਲ ਅਤੇ ਬੈਟਰੀ ਮੇਰੇ ਚੋਲੇ ਵਿਚ ਹਮੇਸ਼ਾ ਹੁੰਦੇ ਸਨ। ਮੈਂ ਲੋਕ ਗੀਤ ਇੱਕਤਰ ਕਰਨ ਦਾ ਕੰਮ ਬਹੁਤ ਡੂੰਘਾਈ ਨਾਲ ਸਾਰੀ ਸਾਰੀ ਰਾਤ ਜਾਗਕੇ ਕੀਤਾ। ਮੇਰੇ ਦੁਆਰੇ ਇੱਕਠੇ ਕਤਿ ਗਏ ਗੀਤ ਔਰਤਾਂ ਦੁਆਰਾ ਗਾਏ ਗਏ ਹਨ। ਪਰ ਇਹਨਾਂ ਗੀਤਾਂ ਨੂੰ ਔਰਤਾਂ ਦੇ ਮੂੰਹੋਂ ਕਢਵਾਉਣਾ ਕੋਈ ਸੌਖਾ ਕੰਮ ਨਹੀਂ ਹੈ। ਅੰਮ੍ਰਿਤਾ ਪ੍ਰੀਤਮ ਜੀ ਕਹਿੰਦੇ ਹਨ ਕਿ ਔਰਤਾਂ ਕੋਲੋਂ ਲੋਕ ਗੀਤ ਸਿਰਫ਼ ਔਰਤ ਹੀ ਇੱਕਠੇ ਕਰ ਸਕਦੀ ਹੈ। ਪਰ ਇਹ ਗੱਲ ਗਲਤ ਹੈ ਉਹਨਾਂ ਤੋਂ ਪਹਿਲਾਂ ਵੀ ਲੋਕ ਗੀਤਾਂ ਤੇ ਕਾਫ਼ੀ ਕੰਮ ਹੋ ਚੁੱਕਿਆ ਸੀ। ਵਿਲਸਨ ਅਤੇ ਆਰ ਸੀ. ਟੈਂਪਲ ਨੇ ਵੀ ਬਹੁਤ ਸਾਰੇ ਲੋਕ ਗੀਤ ਇੱਕਤਰ ਕੀਤੇ ਸਨ। ਮੈਂ ਤਲਵਾੜਾ ਦੇ ਪਿੰਡਾਂ ਖ਼ਾਸ ਕਰਕੇ ਮੋਹਰੀ ਚੱਕ ਅਤੇ ਮੁਕੇਰੀਆਂ ਵਿਚੋਂ ਲਗਾਤਾਰ ਗੀਤ ਇੱਕਠੇ ਕਰਕੇ ਲਿਆਂਦੇ। ਆਪਣੇ ਪਿੰਡ ਸੱਜਣ, ਦੁਰਮੀਵਾਲ, ਦਸੂਹਾ, ਟਾਂਡਾ, ਆਦਮਪੁਰ, ਰੋਪੜ ਤੱਕ ਸਾਰੇ ਗੀਤ ਹੁਸ਼ਿਆਰਪੁਰ ਦੇ ਹੀ ਹਨ।

**ਪ੍ਰ. ਤੁਸੀਂ ਦੁਆਬੇ ਖੇਤਰ ਨੂੰ ਹੀ ਕਿਉਂ ਚੁਣਿਆ?**

ਉ. ਮੇਰਾ ਆਪਣਾ ਘਰ, ਪਰਿਵਾਰ ਤੇ ਮੈਂ ਜੰਮਿਆ ਹੀ ਦੁਆਬੇ ਖੇਤਰ ਵਿਚ ਹਾਂ। ਮੈਂ ਮੰਨਕੇ ਚੱਲਦਾ ਹਾਂ ਕਿ ਤੁਸੀਂ ਲੋਕਧਾਰਾ ਵੀ ਉਥੋਂ ਦੀ ਹੀ ਇੱਕਠੀ ਕਰ ਸਕਦੇ ਹੋ ਜਿਥੋਂ ਦੀ ਭਾਸ਼ਾ ਅਤੇ ਸਭਿਆਚਾਰ ਨਾਲ ਤੁਹਾਡਾ ਡੂੰਘਾ ਅਤੇ ਗਹਿਰਾ ਸੰਬੰਧ ਹੈ। ਮੈਂ ਇਸ ਖੇਤਰ ਦਾ ਜੰਮਪਲ ਹਾਂ ਮੈਂ ਇੱਥੋਂ ਦੀ ਭਾਸ਼ਾ, ਸਭਿਆਚਾਰ ਅਤੇ ਸੰਰਚਨਾ ਨੂੰ ਚੰਗੀ ਤਰ੍ਹਾਂ ਸਮਝਦਾ ਹਾਂ। ਇਸ ਕਾਰਨ ਹੀ ਮੈਂ ਇਸ ਖੇਤਰ ਨੂੰ ਅਪਣਾਇਆ ਹੈ।

**ਪ੍ਰ. ਸਾਡੀ ਪੁਰਾਣੀ ਪੀੜ੍ਹੀ ਜਿਸਨੇ ਪੰਜਾਬੀ ਸਭਿਆਚਾਰ ਦੇ ਅਨਮੋਲ ਖ਼ਜਾਨੇ ਸੰਭਾਲਿਆ ਹੋਇਆ ਹੈ। ਪਰ ਸਾਡੀ ਨੌਜਵਾਨ ਪੀੜ੍ਹੀ ਆਪਣੇ ਇਸ ਅਮੀਰ ਵਿਰਸੇ ਨੂੰ ਵਿਸਾਰ ਰਹੀ ਹੈ। ਇਸ ਤਰ੍ਹਾਂ ਤੁਸੀ ਕੀ ਸਮਝਦੇ ਹੋ ਕਿ ਪੰਜਾਬੀ ਸਭਿਆਚਾਰ ਅਤੇ ਪੰਜਾਬ ਦਾ ਭਵਿੱਖ ਕਿਸ ਤਰ੍ਹਾਂ ਦਾ ਹੋਵੇਗਾ?**

ਉ. ਅ, ਮੋਟੇ ਤੌਰ ਤੇ ਤਾਂ ਤੁਹਾਡੀ ਗੱਲ ਸੱਚੀ ਹੈ ਪਰ ਅਸਲ ਵਿਚ ਇਹ ਨਵੀਂ ਪੀੜ੍ਹੀ ਦੀ ਗ਼ਲਤੀ ਨਹੀਂ ਹੈ। ਉਹ ਪੈਦਾ ਹੀ ਉਸ ਜ਼ਮਾਨੇ ਵਿਚ ਹੋਈ ਹੈ ਜਿਸ ਨੂੰ ਅਸੀਂ ਪਰਿਵਤਨਸ਼ੀਲਤਾ ਜਾਂ ਉੱਤਰ – ਆਧੁਨਿਕਤਾ ਦਾ ਦੌਰ ਕਹਿ ਸਕਦੇ ਹਾਂ। ਜਿੱਥੇ ਸਿਰਫ਼ ਵਿਅਕਤੀਵਾਦ ਭਾਰੂ ਹੈ। ਜਿਵੇਂ ਉਪਭੋਗਤਾਵਾਦ ਸਮਾਜ ਪ੍ਰਤਿ ਘੱਟ ਜਾਗਰੂਕ ਅਤੇ ਸਵੈ ਵੱਲ ਜ਼ਿਆਦਾ ਧਿਆਨ ਦਿੰਦਾ ਹੈ।ਸਾਡਾ ਸਾਰਾ ਪੁਰਾਣਾ ਸਭਿਆਚਾਰ ਰਿਸ਼ਤੇ, ਨਾਤੇ, ਰੀਤੀ, ਰਿਵਾਜ਼, ਨੈਤਿਕ ਕਦਰਾਂ – ਕੀਮਤਾਂ ਅਤੇ ਸਾਡੇ ਪਰਿਵਾਰ ਟੁੱਟ ਰਹੇ ਹਨ ਇਹ ਸਭ ਕੁੱਝ ਉਪਭੋਗਤਾਵਾਦ ਦੇ ਕਾਰਨ ਹੀ ਹੈ। ਅਸੀਂ ਅਮੀਰ ਹੋਣ ਲਈ, ਨੌਕਰੀ ਪ੍ਰਾਪਤ ਕਰਨ ਦੀ ਹੋੜ ਅਤੇ ਪੜ੍ਹਾਈ ਦਾ ਸਿਸਟਮ ਨਵਨਿ ਪੱਧਰ ਦਾ ਹੋਣ ਕਾਰਨ ਅਸੀਂ ਆਪਣੀ ਪਰੰਪਰਾ ਸੋਚ ਤੋਂ ਦੂਰ ਹੋ ਰਹੇ ਹਾਂ।ਅਜਕੱਲ੍ਹ ਸਾਡੇ ਤਿੰਨ ਸਾਲ ਦੇ ਬੱਚੇ ਨੂੰ ਸਕੂਲ ਭੇਜ ਦਿੱਤਾ ਜਾਂਦਾ ਹੈ। ਉਹ ਬੱਚੇ ਤੇ ਪੜ੍ਹਾਈ ਦਾ ਦਬਾਅ ਏਨਾ ਹੁੰਦਾ ਹੇ ਕਿ ਉਸ ਕੋਲ ਆਢ – ਗੁਆਂਢ ਵਿਚ ਜਾ ਕੇ ਖੇਡਣ ਤੱਕ ਦਾ ਟਾਇਮ ਵੀ ਨਹੀਂ ਹੁੰਦਾ, ਨਾ ਉਹ ਆਪਣੇ ਰਿਸ਼ਤੇਦਾਰਾਂ, ਓਤੇ ਨਾ ਹੀ ਵਿਆਹ ਸ਼ਾਦੀਆਂ ਤੇ ਜਾ ਸਕਦਾ ਹੈ। ਇਸ ਤਰ੍ਹਾਂ ਬੱਚੇ ਵਿਚ ਆਪਸੀ ਭਾਈਚਾਰਕ ਸਾਂਝ ਦੀ ਉਮੀਦ ਕਿਵੇਂ ਕਰ ਸਕਦੇ ਹਾਂ। ਪਰ ਜੇਕਰ ਕੁੱਝ ਖ਼ਤਮ ਹੋ ਰਿਹਾ ਹੈ ਤਾਂ ਤੁਹਾਡੇ ਵਰਗੇ ਲੋਕ ਇਸ ਖੇਤਰ ਵਿਚ ਕੰਮ ਕਰ ਰਹੇ ਹਨ ਇਸ ਦਾ ਮਤਲਬ ਹੈ ਕਿ ਸਾਡੇ ਵਿਚ ਚੇਤਨਾ ਆ ਰਹੀ ਹੈ। ਜੇਕਰ ਸਾਡੇ ਵਿਚ ਸਾਡੇ ਸਭਿਆਚਾਰ, ਲੋਕਧਾਰਾ ਅਤੇ ਲੋਕ ਗੀਤਾਂ ਦੀ ਸਾਂਬ ਸੰਭਾਲ ਲਈ ਚੇਤਨਾ ਆ ਰਹੀ ਹੈ ਤਾਂਹਿ ਆਡੇ ਲੋਕ ਗੀਤ ਇੰਟਰਨੈੱਟ ਤੇ ਵੀ ਪਸੰਦ ਕੀਤੇ ਜਾ ਰਹੇ ਹਨ। ਇਸ ਇੰਟਰਨੈੱਟ ਸੰਚਾਰ ਰਾਹੀ ਸਾਡੀ ਪਹੁੰਚ ਬਹੁਤ ਦੂਰ ਤੱਕ ਵੱਧੀ ਹੈ। ਇਸ ਲਈ ਇਹਨਾਂ ਵੀ ਡਰਨ ਦੀ ਲੋੜ ਨਹੀਂ ਹੈ ਕਿ ਇਹ ਸਭ ਖ਼ਤਮ ਹੋ ਜਾਵੇਗਾ। ਹੋਇਆ ਇਹ ਹੈ ਕਿ ਯੂਨੀਵਰਸਿਟੀਆਂ, ਕਾਲਜਾਂ ਅਤੇ ਹੋਰ ਸਿੱਖਿਆਂ ਅਦਾਰਿਆਂ ਵਿਚ ਸਭਿਆਚਾਰ ਅਤੇ ਲੋਕਧਾਰਾ ਨੂੰ ਪੜ੍ਹਾਉਣ ਦੇ ਕਾਰਨ ਲੋਕ ਇਸ ਪ੍ਰਤਿ ਚੇਤਨ ਹੋ ਰਹੇ ਹਨ। ਪੀ. ਐਚ. ਡੀ ਅਤੇ ਐੱਮ. ਫਿਲ ਪੱਧਰ ਤੇ ਇਸ ਖੇਤਰ ਵਿਚ ਬਹੁਤ ਖੋਜ ਕਾਰਜ ਹੋ ਰਹੇ ਹਨ। ਇਸ ਖੇਤਰ ਵਿਚ ਕੰਮ ਅੱਗੇ ਵੱਧ ਰਿਹਾ ਹੈ ਘੱਟ ਨਹੀਂ ਹੋਇਆ।

**ਪ੍ਰ. ਲ਼ੋਕ ਗੀਤਾਂ ਨੂੰ ਇੱਕਤਰ ਕਰਦੇ ਸਮੇਂ ਤੁਹਾਡੀ ਜ਼ਿੰਦਗੀ ਦੇ ਕੁੱਝ ਕੌੜੇ ਤੇ ਮਿੱਠੇ ਅਨੁਭਵ।**

ਉ. ਮੈਂ ਇਕ ਗੱਲ ਅਨੁਭਵ ਕਰ ਲਈ ਸੀ ਕਿ ਜੇ ਤੁਸੀਂ ਘਰ ਤੋਂ ਹੀ ਕੰਮ ਸ਼ੁਰੂ ਕਰਦੇ ਹੋ ਤਾਂ ਤੁਹਾਨੂੰ ਸਮੱਸਿਆਵਾਂ ਘੱਟ ਆਉਂਦੀਆਂ ਹਨ। ਇਸ ਦਾ ਮਤਲਬ ਇਹ ਨਹੀਂ ਹੈ ਕਿ ਮੈਂਨੂੰ ਮੁਸ਼ਕਿਲਾਂ ਦਾ ਸਾਹਮਣਾ ਨਹੀਂ ਕਰਨਾ ਪਿਆ। ਮੇਰੇ ਮੁਤਾਬਿਕ ਔਰਤਾਂ ਨੂੰ ਗੀਤ ਗਤਉਣ ਲਈ ਤਿਆਰ ਕਰਨਾਂ ਸਭ ਤੋਂ ਵੱਡੀ ਮੁਸ਼ਕਿਲ ਹੈ। ਇਹ ਮਨੋ – ਵਿਗਿਆਨਿਕ ਮਸਲਾ ਹੈ। ਸਾਡੇ ਸਮਾਜ ਵਿਚ ਸੰਗਾਊਂਪੁਣਾ ਅਤੇ ਸੰਗ ਬਹੁਤ ਹੈ। ਮੈਂ ਮੰਨਦਾ ਹਾਂ ਕਿ ਕੋਈ ਵੀ ਔਰਤ ਅਜਿਹੀ ਨਹੀਂ ਹੈ ਕਿ ਜਿਸ ਨੂੰ ਕੋਈ ਨਾ ਕੋਈ ਲੋਕ ਗੀਤ ਨਾ ਆਉਂਦਾ ਹੋਵੇ। ਔਰਤਾਂ ਨੂੰ ਮਨੋ – ਵਿਗਿਆਨਕ ਤੌਰ ਤੇ ਗੀਤ ਗਾਉਣ ਲਈ ਤਿਆਰ ਕਰਨਾਂ ਸਭ ਤੋਂ ਵੱਡੀ ਮੁਸ਼ਕੱਤ ਹੈ। ਜਿਵੇਂ ਸਾਡਾ ਕੋਈ ਰਿਸ਼ਤੇਦਾਰ ਹੀ ਸੀ ਉਸ ਕੋਲੋਂ ਲੋਕ ਗੀਤ ਇੱਕਠੇ ਕਰਨ ਲਈ ਮੈਂਨੂੰ 7– 8 ਜਾਣਾ ਪਿਆ। ਉਹਨਾਂ ਨੇ ਅੰਮ੍ਰਿਤ ਛੱਕਿਆ ਹੋਇਆ ਸੀ ਉਹਨਾਂ ਨੇ ਗੀਤ ਗਤਉਣ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਸਾਡਾ ਮਤਾ ਹੋਰ ਹੋ ਗਿਆ ਹੈ। ਮੈਂ ਕਿਹਾ ਕਿ ਇਦ੍ਹਾਂ ਕਰੋ ਤੁਸੀ ਸਾਨੂੰ ਓਪਣਾ ਪੁਰਾਣਾ ਮਤਾ ਸਾਨੂੰ ਦੇ ਦਿਉ। ਪਿਰ ਉਹ ਗੀਤ ਸੁਣਾਉਣ ਲਈ ਰਾਜ਼ੀ ਹੋ ਗਏ ਮੈਂਨੂੰ ਅੱਜ ਵੀ ਉਹਨਾਂ ਦੁਆਰਾ ਸੁਣਾਈ ਹੋਈ ਘੋੜੀ ਯਾਦ ਹੈ।

“ਘੋੜੀ ਤੇ ਚੜ੍ਹਦਾ ਦੇਖਿਆ ਰਣਜੀਤ ਬਨਰਾ

ਬਾਬੇ ਨੂੰ ਸੀਸ ਨਿਵਾ ਕੇ

ਦਾਦੀ ਨੇ ਅਸੀਸਾਂ ਦਿੱਤੀਆਂ

ਜੁੱਗ ਜੀਵੇ ਜਵਾਨੀਆਂ ਵੇ।”

ਇਹ ਗੀਤ ਮੈਂ ਰਿਕਾਰਡ ਕਰ ਲਿਆ ਸੀ।ਤੇ ਉਸਨੂੰ ਸੁਣਾਇਆਂ ਆਪਣੇ ਆਵਾਜ਼ ਨੂੰ ਸੁਣ ਕੇ ਉਹ ਬਹੁਤ ਖੁਸ਼ ਹੋਈ ਤੇ ਉਸਨੇ ਇਸੇ ਚਾਅ ਵਿਚ ਹੋਰ ਵੀ ਲੋਕ ਗੀਤ ਸੁਣਾਏ। ਮੇਰੀ ਨਾਨੀ ਲਾਭੀ ਉਹ ਛੋਟੇ ਕੱਦ ਦੀ ਸੀ ਤੇ ਉਸਦੀ ਆਵਾਜ਼ ਬਹੁਤ ਤਿੱਖੀ ਸੀ। ਉਹਨਾਂ ਨਾਲ ਉਥੋਂ ਦੀਆਂ ਕੁੜੀਆਂ ਰਲ ਜਾਂਦੀਆਂ ਤੇ ਮੈਂਨੂੰ ਲੋਕ ਗੀਤ ਸੁਣਾਉਂਦੀਆਂ ਮੈਂ ਇਹ ਸਾਰੇ ਲੋਕ ਗੀਤ ਰਿਕਾਰਡ ਕਰਦਾ ਸੀ।ਇਹੋ ਜਿਹੀਆਂ ਸਮੱਸਿਆਵਾਂ ਤੇ ਤਾਂ ਕਾਬੂ ਪਾ ਲੈਂਦਾ ਸੀ। ਕਈ ਵਾਰ ਸਾਰਾ ਦਿਨ ਬਾਹਰ ਪਿੰਡਾਂ ਵਿਚ ਘੁੰਮਣ ਤੇ ਵੀ ਮਿਹਨਤ ਜਾਇਆ ਜਾਂਦੀ ਸੀ। ਕਈ ਵਾਰ ਔਰਤਾਂ ਸਾਹਮਣੇ ਗੀਤ ਗਾਉਣ ਤੋਂ ਸੰਗਦੀਆਂ ਸਨ ਤੇ ਕੁੜੀਆਂ ਨੂੰ ਕਿਹ ਕਿ ਟੇਪ ਰਿਕਾਰਡ ਲਗਾ ਕੇ ਆਪ ਦੂਸਰੇ ਕਮਰੇ ਵਿਚ ਬੈਠ ਕੇ ਗੀਤ ਸੁਣ ਨੇ ਪੈਂਦੇ ਸਨ।ਸਭ ਤੋਂ ਚੰਗਾ ਵਾਕਿਆ ਮੈਂ ਹੁਸ਼ਿਆਰਪੁਰ ਦੇ ਓੱਘੇ ਪਿੰਡ ਬੀਨੇਵਾਲ ਵਿਚ ਲੋਕ ਗੀਤ ਇੱਕਠੇ ਕਰਨ ਦੀ ਤਿਆਰੀ ਕਰ ਰਿਹਾ ਸੀ। ਉਸ ਦਿਨ ਗਰਮੀ ਬਹੁਤ ਸੀ ਮੈਂ ਇਕ ਘਰ ਵਿਚ ਗਿਆ ਓੱਥੇ ਵਿਹੜੇ ਵਿਚ ਮੌਤ ਹੋਈ ਪਈ ਸੀ। ਮੈਂ ਮੌਕੇ ਦੇ ਹਾਲਾਤ ਦੇਖ ਰਿਹਾ ਸੀ ਕਿ ਇੱਥੇ ਇਕ ਬਜ਼ੁਰਗ ਨੇ ਸਾਨੂੰ ਕਿਹਾ ਕਿ ਬੈਠ ਜਾਉ ਤੇ ਆਪਣੀ ਨੂੰਹ ਨੂੰ ਵੀ ਬੁਲਾ ਲਿਆ। ਉਹ ਸਾਨੂੰ ਆਪਣੇ ਕੱਚੇ ਘਰ ਦੇ ਕਮਰੇ ਵਿਚ ਲੈ ਗਈ ਤੇ ਅੰਦਰੋਂ ਦਰਵਾਜ਼ਾ ਬੰਦ ਕਰਕੇ ਸਾਨੂੰ ਗੀਤ ਸੁਣਾਏ। ਉਸ ਬਜ਼ੁਰਗ ਔਰਤ ਨੇ ਘਰ ਵਿਚ ਮੌਤ ਹੋਣ ਦੇ ਬਾਵਜੂਦ ਵੀ ਸਾਨੂੰ ਗੀਤ ਸੁਣਾਇਆ ਇਹ ਮੇਰੇ ਜੀਵਨ ਦੀ ਅਜਿਹੀ ਘਟਨਾ ਹੈ ਜਿਸਨੂੰ ਮੈਂ ਕਦੀ ਨਹੀਂ ਭੁੱਲ ਸਕਦਾ।

**ਪ੍ਰ. ਕੀ ਯੂਨੀਵਰਸਿਟੀਆਂ ਵਿਚ ਅਕਾਦਮਿਕ ਪੱਧਰ ’ਤੇ ਪੰਜਾਬੀ ਸਭਿਆਚਾਰ ਅਤੇ ਲੋਕਧਾਰਾ ਦੇ ਖੇਤਰ ਵਿਚ ਹੋ ਰਹੀ ਖੋਜ ਚੰਗੇ ਪੱਧਰ ਤੇ ਤੁਰ ਰਹੀ ਹੈ?**

ਉ. ਦੇਖੋ, ਇਹ ਚੰਗੀ ਗੱਲ ਹੈ ਕਿ ਸਾਰੀਆਂ ਯੂਨੀਵਰਸਿਟੀਆਂ ਵਿਚ ਕਿਸੇ ਨਾ ਕਿਸੇ ਥਾਂ ਤੇ ਸਭਿਆਚਾਰ ਅਤੇ ਲੋਕਧਾਰਾ ਦੇ ਖੇਤਰ ਵਿਚ ਅਧਿਐਨ ਕਾਰਜ ਹੋ ਰਹੇ ਹਨ। ਪਰ ਇਸ ਅਕਾਦਮਿਕ ਪੱਦਰ ਤੇ ਹੋ ਰਹੇ ਕੰਮ ਦੀ ਇਕ ਸੀਮਾ ਹੈ ਕਿ ਇਕ ਸੀਮਿਤ ਸਮੇਂ ਵਿਚ ਤੁਹਾਨੂੰ ਆਪਣਾ ਕੰਮ ਪੂਰਾ ਕਰਨਾ ਹੈ। ਇਸ ਵਿਚ ਜਿਹੜੀ ਦਿੱਕਤ ਇਹ ਹੈ ਕਿ  ਅਸੀਂ ਏਨੇ ਥੋੜ੍ਹੇ ਸਮੇਂ ਵਿਚ ਫ਼ੀਲਡ ਵਰਕ ਨਹੀਂ ਕਰ ਸਕਦੇ। ਅਕਾਦਮਿਕ ਪੱਦਰ ਤੇ ਜ਼ਿਆਦਾ ਲਾਇਬ੍ਰੇਰੀ ਅਤੇ ਟੇਬਲ ਵਰਕ ਹੀ ਹੁੰਦਾ ਹੈ। ਨਤੀਜਾ ਕੋਈ ਵੀ ਨਿਕਲੇ ਠੀਕ ਜਾਂ ਠੀਕ – ਠਾਕ ਹੀ ਪਰ ਇਹ ਅਕਾਦਿਮਕ ਪੱਧਰ ਸਾਨੂੰ ਅੱਗੇ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ।

**ਪ੍ਰ. ਤੁਸੀਂ ਹੁਣ ਤੱਕ ਦੇ ਮਿਲੇ ਐਵਾਰਡ/ ਸਨਮਾਨਾਂ ਨਾਲ ਕਿਵੇਂ ਅਨੁਭਵ ਕਰਦੇ ਹੋ?**

ਉ. ਲ਼ੋਕ ਸਾਹਿਤ ਤੇ ਲੋਕਧਾਰਾ ਨੂੰ ਸਭ ਤੋਂ ਵੱਧ ਪ੍ਰਫੁਲਿਤ ਕਰਨ ਵਾਲੇ ਦੇਵਿੰਦਰ ਸਤਿਆਰਥੀ ਤੇ ਵਣਜਾਰਾ ਬੇਦੀ ਹਨ। ਮੈਨੂੰ ਸਾਹਿਤ ਸਭਾ ਦਸੂਹਾ ਵੱਲੋਂ ਵਾਰਨ ਮੁਜਰਮ ਦਸੂਹੀ ਐਵਾਰਡ ਸਾਹਿਤ ਸਭਾ ਦਸੂਹਾ ਵੱਲੋਂ 1997 ਵਿਚ, ਭਾਈ ਸੰਤੋਖ ਸਿੰਘ ਐਵਾਰਡ, ਹਰਿਆਣਾ ਸਾਹਿਤ ਅਕਾਦਮੀ ਵੱਲੋਂ 2012, ਰਵਿੰਦਰ ਰਵੀ ਐਵਾਰਡ, ਕੇਂਦਰੀ ਲੇਖਕ ਸਭਾ, ਪੰਜਾਬੀ ਸਾਹਿਤ ਅਕਾਦਮੀ ਵੱਲੋਂ 'ਲੋਕ ਗੀਤਾਂ ਦੀ ਪੈੜ' ਪੁਸਤਕ ਤੇ (2002 – 2003) ਵਲੋਂ ਸਥਾਨਿਕ ਪੱਧਰ ਤੇ ਸਨਮਾਨ ਮਿਲੇ। ਮੇਰਾ ਅਸਲੀ ਸਨਮਾਨ  ਮੈਨੂੰ ਉਸ ਸਮੇਂ ਮਿਲਦਾ ਹੈ ਜਦੋਂ ਕਦੇ ਮੈਨੂੰ ਕਿਸੇ ਕਾਲਜ ਪੱਧਰੀ ਸਮਾਗਮ ਵਿਚ ਬੁਲਾਇਆ ਜਾਂਦਾ ਹੈ ਤੇ ਉੱਥੇ ਮੇਰੇ ਕੋਲੋਂ ਗੀਤ ਸੁਣੇ ਜਾਂਦੇ ਹਨ। ਮੈਂ ਕਪੂਰਥਲੇ ਕਿਸੇ ਕਾਲਜ ਵਿਚ ਗਿਆ ਉੱਥੇ ਨਵੀਂ ਪੀੜ੍ਹੀ ਨੇ ਮੇਰੇ ਦੁਆਰੇ ਗਾਏ ਗੀਤ ਦਾ ਬਹੁਤ ਆਨੰਦ ਲਿਆ।

**ਪ੍ਰ. ਤੁਸੀਂ ਪੰਜਾਬੀ ਲੋਕ ਸਾਹਿਤ ਦੇ ਸਾਂਭ ਸੰਭਾਲ ਦੇ ਕੰਮ ਤੋਂ ਕਿੰਨ੍ਹੇ ਕੁ ਸ਼ੰਟੁਸ਼ਟ ਹੋ?**

ਉ. ਦੇਖੋ ਜੀ ਮੈਂ ਪੰਜਾਬੀ ਲੋਕ ਗੀਤਾਂ ਤੇ ਜਿੰਨ੍ਹਾ ਕੰਮ ਕੀਤਾ ਮੈਂ ਇਸ ਤੋਂ ਸਟੁੰਸ਼ਟ ਹਾਂ ਪਰ ਮੈਂ ਚਾਹੁਮਦਾ ਹਾ ਕਿ ਲੋਕ ਸਾਹਿਤ ਇਹ ਦੇ ਹਰ ਪੱਖ ਚਾਹੇ ਉਹ ਲੋਕ ਕਥਾਵਾਂ, ਲੋਕ ਮੁਹਾਵਰੇ, ਲੋਕ ਚੁਟਕਲੇ, ਅਖਾਣ ਸਭ ਤੇ ਕੰਮ ਹੋਣਾ ਚਾਹੀਦਾ ਹੈ। ਇਹ ਸਾਰੇ ਕੰਮ ਸਿਰਫ਼ ਇੱਕਲਾ ਵਿਅਕਤੀ ਨਹੀਂ ਕਰ ਸਕਦਾ। ਮੇਰੀ ਸੀਮਾ ਸਿਰਫ਼ ਲੋਕ ਗੀਤਾਂ ਤੱਕ ਹੈ। ਕੁੱਝ ਕੰਮ ਮੈਂ ਆਪਣੇ ਵਿਦਿਆਰਥੀਆਂ ਕੋਲੋਂ ਵੀ ਕਰਵਾਇਆ। ਡਾ. ਜਸਵੰਤ ਰਾਏ ਨੇ ਦੁਆਬੇ ਦੀਆਂ ਲੋਕ – ਕਥਾਵਾਂ ਓੱਪਰ ਖੋਜ ਕਾਰਜ ਪੂਰਾ ਕੀਤਾ ਹੈ। ਉਸਨੇ ਦੁਆਬੇ ਦੀਆਂ ਲੋਕ – ਕਥਾਵਾਂ ਦਾ ਸੰਗ੍ਰਹਿ ‘ਕਥਾਵਾਂ ਬਿਸਤ ਦੁਆਬ’ ਦੀਆਂ ਹੇਠ ਕਿਤਾਬ ਛਪਾ ਚੁੱਕੇ ਹਨ। ਮੇਰੇ ਵਿਦਿਆਰਥੀ ਮੇਰਾ ਹੱਥ ਵਟਾ ਰਹੇ ਹਨ ਮੈਨੂੰ ਇਸ ਕੰਮ ਤੋਂ ਬਹੁਤ ਸ਼ੰਟੁਸਟੀ ਹੈ। ਜਦੋਂ ਕਦੇ ਵੀ ਕਿਸੇ ਵੀ ਯੂਨਵਿਰਸਿਟੀ ਵਿਚ ਦੁਆਬੇ ਦੀ ਗੱਲ ਆਉਂਦੀ ਹੈ ਮੇਰਾ ਨਾਮ ਸਭ ਤੋਂ ਓੱਪਰ ਹੁੰਦਾ ਹੈ ਜੋ ਮੇਰੇ ਲਈ ਬਹੁਤ ਖ਼ੁਸ਼ੀ ਦੀ ਗ਼ੱਲ ਹੈ।

## ਸਹਾਇਕ ਪੁਸਤਕ ਸੂਚੀ


1. ਸ਼ਰਮਾ, ਸੁਸ਼ੀਲ ਕੁਮਾਰ, ਲੋਕ ਗੀਤਾਂ ਵਿਚ ਸਮਾਜਿਕ ਜੀਵਨ, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 1988

2. ਸ਼ੇਰਗਿੱਲ, ਸੁਰਿੰਦਰ ਸਿੰਘ, ਪੰਜਾਬ ਦਾ ਸਭਿਆਚਾਰਕ ਵਿਰਸਾ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1986

3. ਕਾਂਗ, ਕੁਲਬੀਰ ਸਿੰਘ, ਬ੍ਰਹਮਜਗਦੀਸ਼ ਸਿੰਘ , ਸਾਹਿਤ ਤੇ ਸਭਿਆਚਾਰ ਪੰਜਾਬ, ਅੰਮ੍ਰਿਤਸਰ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

4. ਕਾਂਗ, ਕੁਲਬੀਰ ਸਿੰਘ , ਬ੍ਰਹਮਜਗਦੀਸ਼ ਸਿੰਘ , ਸਾਹਿਤ ਤੇ ਸਭਿਆਚਾਰ ਪੰਜਾਬ, ਅੰਮ੍ਰਿਤਸਰ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1987

5. ਕਰਮਜੀਤ ਸਿੰਘ , ਪੰਜਾਬੀ ਲੋਕ ਧਾਰਾ ਸਮੀਖਿਆ, ਲੁਧਿਆਣਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012

6. ਕੈਰੋਂ, ਜੋਗਿੰਦਰ ਸਿੰਘ, ਪੰਜਾਬੀ ਸਾਹਿਤ ਦਾ ਲੋਕਧਾਰਾਈ ਪਿਛੋਕੜ, ਦਿੱਲੀ, ਪੰਜਾਬੀ ਅਕਾਦਮੀ, 2006

7. ਖਹਿਰਾ, ਭੁਪਿੰਦਰ ਸਿੰਘ, ਲੋਕਧਾਰਾ ਭਾਸ਼ਾ ਅਤੇ ਸਭਿਆਚਾਰ, ਪਟਿਆਲਾ, ਪੈਪਸੂ ਬੁੱਕ ਡਿਪੂ, 2004

8. ਗੁਰਬਚਨ ਕੌਰ, ਦੇਵਿੰਦਰ ਸਤਿਆਰਥੀ ਦਾ ਲੋਕ ਕਾਵਿ ਸ਼ਾਸਤਰ, ਦਿੱਲੀ, ਮਨਪ੍ਰੀਤ ਪ੍ਰਕਾਸ਼ਨ, 2012

9. ਗੁਰਜੀਤ ਸਿੰਘ , ਸਭਿਆਚਾਰ ਦਾ ਫ਼ਲਸਫ਼ਾ, ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2009

10. ਗਾਸੋ, ਓਮ ਪ੍ਰਕਾਸ਼, ਪੰਜਾਬੀ ਸਭਿਆਚਾਰ, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2000

11. ਘੁੰਮਣ, ਬਿਕਰਮ ਸਿੰਘ, ਪੰਜਾਬੀ ਲੋਕ ਸਾਹਿਤ ਅਤੇ ਮੱਧਕਾਲੀ ਕਵਿਤਾ, ਅੰਮ੍ਰਿਤਸਰ, ਰੂਹੀ ਪ੍ਰਕਾਸ਼ਨ, 1997

12. ਜਸਵਿੰਦਰ ਸਿੰਘ, ਪੰਜਾਬੀ ਲੋਕ ਸਾਹਿਤ ਸ਼ਾਸਤਰ, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2003

13. ਜੋਸ਼ੀ, ਜੀਤ ਸਿੰਘ, ਸਭਿਆਚਾਰ ਤੇ ਲੋਕਧਾਰਾ ਦੇ ਮੂਲ ਸਰੋਕਾਰ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 2014,

14. ਜੋਸ਼ੀ, ਜੀਤ ਸਿੰਘ, ਲੋਕ ਕਲਾ ਤੇ ਸਭਿਆਚਾਰ : ਮੁੱਢਲੀ ਜਾਣ ਪਛਾਣ, ਅੰਮ੍ਰਿਤਸਰ, ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ

15. ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਣ ਪ੍ਰਕ੍ਰਿਆ, ਚੰਡੀਗੜ੍ਹ, ਲੋਕਾਗੀਤ ਪ੍ਰਕਾਸ਼ਨ, 1983

16. ਨੂਰ, ਜਗੀਰ ਸਿੰਘ , ਪੰਜਾਬੀ ਸਾਹਿਤ ਤੇ ਸਭਿਆਚਾਰ ਸਦਨ, ਪੰਜਾਬੀ ਸਭਿਆਚਾਰਕ ਵਿਰਸਾ, ਫਗਵਾੜਾ,

17. ਪੂਨੀ, ਬਲਵੀਰ ਸਿੰਘ, ਪੰਜਾਬੀ ਲੋਕਧਾਰਾ ਤੇ ਸਭਿਆਚਾਰ, ਅੰਮ੍ਰਿਤਸਰ, ਵਾਰਿਸ਼ ਸ਼ਾਹ ਫਾਉਡੇਸ਼ਨ, 1994,

18. ਪੂਨੀ, ਬਲਵੀਰ ਸਿੰਘ, ਪੰਜਾਬੀ ਸਭਿਆਚਾਰ ਸਿਧਾਂਤ ਤੇ ਵਿਹਾਰ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2000

19. ਪੂਨੀ, ਬਲਵੀਰ ਸਿੰਘ, ਸਾਡਾ ਵਿਰਸਾ, ਜਸਜੀਤ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1997

20. ਬ੍ਰਹਮਜਗਦੀਸ਼ ਸਿੰਘ, ਪੰਜਾਬੀ ਸਭਿਆਚਾਰ ਸੰਦਰਭਮੂਲਕ ਅਧਿਐਨ, ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2002

21. ਬੇਦੀ, ਸੋਹਿੰਦਰ ਸਿੰਘ, ਲੋਕ ਸਾਹਿਤ, ਨਵੀਂ ਦਿੱਲੀ, ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ, 2014

22. ਮਨਜੀਤ ਸਿੰਘ, ਪੰਜਾਬੀ ਸਭਿਆਚਾਰ ਸੰਦਰਭ, ਪੰਜਾਬੀ ਵਿਭਾਗ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ,

23. ਰਾਜਪਾਲ, ਹੁਕਮ ਚੰਦ, ਲੋਕ ਵਿਰਸਾ ਅਤੇ ਸਾਹਿਤ ਮੁਲਾਂਕਣ, ਪਟਿਆਲਾ, ਮਦਾਨ ਪਬਲੀਕੇਸ਼ਨਜ, 2002

24. ਵਿਰਦੀ, ਮਹਿੰਦਰ ਸਿੰਘ, ਮਾਲਵੇ ਦਾ ਲੋਕ ਸਾਹਿਤ ਇਕ ਅਲੋਚਨਾਤਮਕ ਅਧਿਐਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

## ਖੋਜ ਪ੍ਰਬੰਧ

1. ਔਲਖ, ਸੰਤੋਖ ਸਿੰਘ,ਮਾਲਵੇ ਦੇ ਲੋਕਗੀਤਾਂ ਸਮਾਜ ਸਭਿਆਚਾਰਕ ਅਧਿਐਨ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੀਐੱਚ.ਡੀ. ਖੋਜ ਪ੍ਰਬੰਧ, 1979
2. ਸਿੰਘ, ਸੁਰਜੀਤ, ਪੰਜਾਬੀ ਲੋਕਗੀਤਾਂ ਦਾ ਸਮਾਜ ਸਭਿਆਚਾਰਕ ਅਧਿਐਨ,ਕਰੂਕਸ਼ੇਤਰ, ਕਰੂਕਸ਼ੇਤਰ ਯੂਨੀਵਰਸਿਟੀ ਕਰੂਕਸ਼ੇਤਰ, ਪੀਐੱਚ.ਡੀ. ਖੋਜ ਪ੍ਰਬੰਧ, 1989
3. ਸਿੰਘ, ਬਲਦੇਵ,
4. ਚੰਦ, ਕਰਨੈਲ ਸਿੰਘ, ਦੁਆਬੀ ਲੋਕ ਗੀਤਾਂ ਦਾ ਸਭਿਆਚਾਰਕ ਅਧਿਐਨ, ਕਰੂਕਸ਼ੇਤਰ, ਕਰੂਕਸ਼ੇਤਰ ਯੂਨੀਵਰਸਿਟੀ ਕਰੂਕਸ਼ੇਤਰ, ਪੀਐੱਚ.ਡੀ. ਖੋਜ ਪ੍ਰਬੰਧ
5. ਛੀਨਾ, ਕੁਲਵਿੰਦਰ ਕੌਰ, ਪੰਜਾਬੀ ਲੋਕਗੀਤਾਂ ਵਿਚ ਰਿਸ਼ਤਾ ਨਾਤਾ ਪ੍ਰਣਾਲੀ ਤੇ ਇਸ ਦੀ ਸਭਿਆਚਾਰਕ ਸਾਰਥਿਕਤਾ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੀਐੱਚ.ਡੀ., ਖੋਜ ਪ੍ਰਬੰਧ, 1990
6. ਪੰਜਾਬੀ ਲੋਕਗੀਤਾਂ ਦਾ ਸਾਂਸਕ੍ਰਿਤਿਕ ਅਧਿਐਨ : ਜਨਮ ਵਿਆਹ ਅਤੇ ਮਰਨ ਦੇ ਵਿਸ਼ੇਸ਼ ਪ੍ਰਸੰਗ ਵਿਚ, ਅੰਮ੍ਰਿਤਸਰ, ਗੁਰੁ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੀ.ਐੱਚ.ਡੀ, ਖੋਜ ਪ੍ਰਬੰਧ, 1989